4-APRIL-PAGE-1.qxd 4/3/2023 9:55 PM Page 1

ਮੰਗਲਵਾਰ, 4 ਅਪ੍ਰੈਲ, 2023
22 ਚੇਤ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 303

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • TUESDAY, 4 APRIL, 2023 ਜਲੰਧਰ
You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਮਾਣਹਾਨੀ ਮਾਮਲੇ 'ਚ ਰਾਹੁਲ ਨੂੰ ਜ਼ਮਾਨਤ, ਸਜ਼ਾ ਖਿਲਾਫ ਅਰਜ਼ੀ 'ਤੇ ਸੁਣਵਾਈ 13 ਅਪ੍ਰੈਲ ਨੂੰ



**ਸੂਰਤ** : ਸੈਸ਼ਨ ਕੋਰਟ ਨੇ ਸੋਮਵਾਰ ਰਾਹੁਲ ਗਾਂਧੀ ਨੂੰ ਮਾਣਹਾਨੀ ਮਾਮਲੇ ਵਿਚ 15 ਹਜ਼ਾਰ ਰੁਪਏ ਦੇ ਮੁਚੱਲਕੇ 'ਤੇ ਜ਼ਮਾਨਤ ਦੇ ਦਿੱਤੀ। ਇਹ ਉਦੋਂ ਤੱਕ ਰਹੇਗੀ, ਜਦੋਂ ਤਕ ਫੈਸਲਾ ਨਹੀਂ ਹੋ ਜਾਂਦਾ। ਰਾਹੁਲ ਗਾਂਧੀ ਵੱਲੋਂ ਸੈਸ਼ਨ ਕੋਰਟ ਵਿਚ ਦੋ ਅਰਜ਼ੀਆਂ ਦਿੱਤੀਆਂ ਗਈਆਂ ਸਨ। ਇੱਕ ਵਿਚ ਮਾਣਹਾਨੀ ਦੇ ਕੇਸ 'ਚ ਮਿਲੀ ਦੋ ਸਾਲ ਦੀ ਸਜ਼ਾ ਰੱਦ ਕਰਨ ਦੀ ਮੰਗ ਕੀਤੀ ਗਈ ਸੀ ਤੇ ਦੂਜੀ ਵਿਚ ਨਿਯਮਤ ਜ਼ਮਾਨਤ ਦੀ ਮੰਗ ਕੀਤੀ ਗਈ ਸੀ। ਕੋਰਟ ਨੇ ਸਜ਼ਾ 'ਤੇ ਰੋਕ ਨਹੀਂ ਲਾਈ ਤੇ ਮਾਮਲੇ 'ਤੇ ਅਗਲੀ ਸੁਣਵਾਈ 13 ਅਪ੍ਰੈਲ ਤੈਅ ਕਰ ਦਿੱਤੀ। ਕੋਰਟ ਨੇ ਕਿਹਾ ਕਿ ਦੂਜੀ ਧਿਰ ਦਾ ਪੱਖ ਜਾਣੇ ਬਿਨਾਂ ਸੁਣਵਾਈ ਨਹੀਂ ਹੋ ਸਕਦੀ। ਉਸ ਨੇ ਰਾਹੁਲ ਵਿਰੁੱਧ ਕੇਸ ਕਰਨ ਵਾਲੇ ਭਾਜਪਾ ਆਗੂ ਪੁਰਨੇਸ਼ ਮੋਦੀ ਨੂੰ ਨੋਟਿਸ ਜਾਰੀ ਕਰਕੇ 10 ਅਪ੍ਰੈਲ ਤੱਕ ਜਵਾਬ ਦਾਖਲ ਕਰਨ ਲਈ ਕਿਹਾ। ਰਾਹੁਲ ਗਾਂਧੀ ਭੈਣ ਪ੍ਰਿਅੰਕਾ ਗਾਂਧੀ ਨਾਲ ਸੂਰਤ ਪੁੱਜੇ। ਰਾਹੁਲ ਨੇ ਸੂਰਤ ਲਈ ਰਵਾਨਾ ਹੋਣ ਤੋਂ ਪਹਿਲਾਂ ਸਵੇਰੇ ਸੋਨੀਆ ਗਾਂਧੀ ਨਾਲ ਵੀ ਮੁਲਾਕਾਤ ਕੀਤੀ ਸੀ। ਯਕਜਹਿਤੀ ਵਜੋਂ ਰਾਜਸਥਾਨ, ਛੱਤੀਸਗੜ੍ਹ ਤੇ ਹਿਮਾਚਲ ਦੇ ਮੁੱਖ ਮੰਤਰੀ ਵੀ ਸੂਰਤ ਪੁੱਜੇ।

ਇਸ ਦੌਰਾਨ ਰਾਹੁਲ ਨੇ ਹਿੰਦੀ 'ਚ ਟਵੀਟ ਕੀਤਾ—ਯੇ 'ਮਿਤ੍ਰਕਾਲ' ਕੇ ਵਿਰੁੱਧ, ਲੋਕਤੰਤਰ ਬਚਾਨੇ ਕੀ ਲੜਾਈ ਹੈ। ਇਸ ਸੰਘਰਸ਼ ਮੇਂ, ਸੱਤਯ ਮੇਰਾ ਅਸਤ੍ਰ ਹੈ, ਔਰ ਸੱਤਯ ਹੀ ਮੇਰਾ ਆਸਰਾ।

## ਪੰਜਾਬ 'ਚ ਵੀ ਹੁਣ 'ਸੀ ਐੱਮ ਦੀ ਯੋਗਸ਼ਾਲਾ'

**ਚੰਡੀਗੜ੍ਹ (ਗੁਰਜੀਤ ਬਿੱਲਾ)**

ਸਿਹਤਮੰਦ ਤੇ ਖੁਸ਼ਹਾਲ ਪੰਜਾਬ ਦੀ ਸਿਰਜਣਾ ਲਈ ਜਨਤਕ ਮੁਹਿੰਮ ਪੈਦਾ ਕਰਨ ਦੇ ਉਦੇਸ਼ ਨਾਲ ਦਿੱਲੀ ਤੋਂ ਬਾਅਦ ਪੰਜਾਬ 'ਚ ਵੀ 'ਸੀ ਐੱਮ. ਦੀ ਯੋਗਸ਼ਾਲਾ' ਦੀ ਸ਼ੁਰੂਆਤ ਹੋ ਰਹੀ ਹੈ।



ਇਕ ਵੀਡੀਓ ਸੰਦੇਸ਼ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਕਿ ਭਾਰਤ ਦੀਆਂ ਸ਼ਾਨਦਾਰ ਪ੍ਰਾਚੀਨ ਰਵਾਇਤਾਂ ਦੇ ਸੁਮੇਲ ਨਾਲ ਇਹ ਯੋਗਸ਼ਾਲਾਵਾਂ ਸਰੀਰਕ ਤੇ ਮਾਨਸਕ ਤੌਰ ਉਤੇ ਪੰਜਾਬੀਆਂ ਨੂੰ ਸਿਹਤਮੰਦ ਬਣਾਉਣ ਵਿਚ ਸਹਾਈ ਸਿੱਧ ਹੋਣਗੀਆਂ। ਉਨ੍ਹਾ ਦੱਸਿਆ ਕਿ ਪਾਇਲਟ ਪ੍ਰਾਜੈਕਟ ਵਜੋਂ ਇਸ ਦੀ ਸ਼ੁਰੂਆਤ ਅੰਮ੍ਰਿਤਸਰ, ਫਗਵਾੜਾ, ਪਟਿਆਲਾ ਅਤੇ ਲੁਧਿਆਣਾ ਦੇ ਸ਼ਹਿਰਾਂ ਤੋਂ ਕੀਤੀ ਜਾਵੇਗੀ, ਜਿੱਥੇ ਸਿਖਲਾਈ ਯਾਫਤਾ ਯੋਗਾ ਇੰਸਟ੍ਰਕਟਰ ਖੁੱਲ੍ਹੇ ਪਾਰਕਾਂ ਤੇ ਹੋਰ ਜਨਤਕ ਥਾਵਾਂ ਵਿਚ ਲੋਕਾਂ ਨੂੰ ਮੁਫਤ ਯੋਗਾ ਸਿਖਲਾਈ ਦੇਣਗੇ। ਉਹਨਾ ਕਿਹਾ ਕਿ ਇਸ ਦਾ ਮੁੱਖ ਉਦੇਸ਼ ਸਿਹਤਮੰਦ, ਖੁਸ਼ਹਾਲ ਤੇ ਪ੍ਰਗਤੀਸ਼ੀਲ ਪੰਜਾਬ ਦੀ ਸਿਰਜਣਾ ਲਈ ਲੋਕਾਂ ਦੀ ਵੱਧ ਤੋਂ ਵੱਧ ਭਾਈਵਾਲੀ ਰਾਹੀਂ ਜਨਤਕ ਮੁਹਿੰਮ ਨੂੰ ਯਕੀਨੀ ਬਣਾਉਣਾ ਹੈ।

ਯੋਗ ਦੀ ਮਹੱਤਤਾ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਯੋਗਾ ਸਰੀਰਕ ਤੰਦਰੁਸਤੀ ਅਤੇ ਮਨ ਨੂੰ ਮਜ਼ਬੂਤ ਰੱਖਦਾ ਹੈ। ਉਹ ਖੁਦ ਰੋਜ਼ਾਨਾ ਸਵੇਰੇ ਯੋਗਾ ਕਰਦੇ ਹਨ। ਉਨ੍ਹਾ ਕਿਹਾ ਕਿ ਹਰੇਕ ਵਿਅਕਤੀ ਨੂੰ ਤਨ-ਮਨ ਦੀ ਤੰਦਰੁਸਤੀ ਲਈ ਯੋਗਾ ਨੂੰ ਰੋਜ਼ਾਨਾ ਜ਼ਿੰਦਗੀ ਵਿਚ ਹਿੱਸਾ ਬਣਾਉਣਾ ਚਾਹੀਦਾ ਹੈ। ਮਾਨ ਨੇ ਕਿਹਾ ਕਿ 'ਸੀ ਐੱਮ ਦੀ ਯੋਗਸ਼ਾਲਾ' ਲੋਕਾਂ ਨੂੰ ਯੋਗਾ ਰਾਹੀਂ ਚੰਗੀ ਸਿਹਤ ਨੂੰ ਯਕੀਨੀ ਬਣਾਉਣ ਲਈ ਜਾਗਰੂਕਤਾ ਪੈਦਾ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਏਗੀ।

ਮੁੱਖ ਮੰਤਰੀ ਨੇ ਕਿਹਾ ਕਿ ਮੌਜੂਦਾ ਸਮੇਂ ਨਾ ਸਿਰਫ ਚੰਗੀ ਸਿਹਤ, ਸਗੋਂ ਲੋਕਾਂ ਨੂੰ ਤਣਾਅ ਮੁਕਤ ਹੋਣਾ ਵੀ ਬਹੁਤ ਜ਼ਰੂਰੀ ਹੈ, ਕਿਉਂ ਜੋ ਰੋਜ਼ਾਨਾ ਜੀਵਨ ਵਿਚ ਅਨੇਕਾਂ ਚੁਣੌਤੀਆਂ ਨਾਲ ਜੂਝਣਾ ਪੈਂਦਾ ਹੈ। ਉਨ੍ਹਾ ਕਿਹਾ ਕਿ ਲੋਕਾਂ ਉਤੇ ਵਧ ਰਿਹਾ ਤਣਾਅ ਸਾਡੇ ਸਾਰਿਆਂ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ ਅਤੇ ਇਸ ਸਮੱਸਿਆ ਤੋਂ ਨਿਜਾਤ ਦਿਵਾਉਣ ਲਈ ਯੋਗਾ ਅਹਿਮ ਭੂਮਿਕਾ ਅਦਾ ਕਰ ਸਕਦਾ ਹੈ। ਚੰਗਾ ਜੀਵਨ ਬਤੀਤ ਕਰਨ ਲਈ ਮਾਨਸਕ ਤੇ ਸਰੀਰਕ ਤੌਰ ਉਤੇ ਸੰਤੁਲਨ ਕਾਇਮ ਰੱਖਣਾ ਮਹੱਤਵਪੂਰਨ ਹੈ ਅਤੇ ਜੀਵਨ ਜਾਚ ਵਿਚ ਕੁਝ ਤਬਦੀਲੀਆਂ ਲਿਆਉਣ ਅਤੇ ਯੋਗਾ ਰਾਹੀਂ ਇਸ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ।

ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ 'ਸੀ ਐੱਮ ਯੋਗਸ਼ਾਲਾ' ਮੁਹਿੰਮ ਹਰੇਕ ਪੰਜਾਬੀ ਲਈ ਤੰਦਰੁਸਤ ਤੇ ਮਿਆਰੀ ਜੀਵਨ ਨੂੰ ਯਕੀਨੀ ਬਣਾਉਣ ਦੇ ਟੀਚੇ ਨੂੰ ਹਾਸਲ ਕਰਨ ਦੀ ਸ਼ੁਰੂਆਤ ਹੈ। ਉਨ੍ਹਾ ਉਮੀਦ ਜ਼ਾਹਰ ਕੀਤੀ ਕਿ ਇਹ ਯੋਗਸ਼ਾਲਾਵਾਂ ਸਿਹਤਮੰਦ ਤੇ ਪ੍ਰਗਤੀਸ਼ੀਲ ਪੰਜਾਬ ਦੀ ਸਿਰਜਣਾ ਵਿਚ ਕਾਰਗਰ ਰੋਲ ਅਦਾ ਕਰਨਗੀਆਂ। ਉਹ ਦਿਨ ਦੂਰ ਨਹੀਂ ਜਦੋਂ ਇਹ ਯੋਗਸ਼ਾਲਾਵਾਂ ਪੰਜਾਬੀਆਂ ਦੇ ਬਿਹਤਰ ਜੀਵਨ ਨੂੰ ਯਕੀਨੀ ਬਣਾਉਣ ਲਈ ਸਹਾਈ ਸਿੱਧ ਹੋਣਗੀਆਂ।

## ਸੇਵਾਵਾਂ 'ਚ ਦੇਰੀ ਤੇ ਬੇਲੋੜੇ ਦਸਤਾਵੇਜ਼ ਮੰਗਣ 'ਤੇ ਹੋਵੇਗੀ ਸਖ਼ਤ ਕਾਰਵਾਈ : ਅਰੋੜਾ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਸੂਬੇ ਦੇ ਸੇਵਾ ਕੇਂਦਰਾਂ ਵਿੱਚ ਲੋਕਾਂ ਨੂੰ ਨਿਰਧਾਰਤ ਸਮਾਂ-ਸੀਮਾ ਅੰਦਰ ਨਿਰਵਿਘਨ ਸੇਵਾਵਾਂ ਯਕੀਨੀ ਬਣਾਉਣ ਦੇ ਮਨਸ਼ੇ ਨਾਲ ਪੰਜਾਬ ਦੇ ਪ੍ਰਸ਼ਾਸਨਿਕ ਸੁਧਾਰ ਤੇ ਜਨ ਸ਼ਿਕਾਇਤ ਨਿਵਾਰਨ ਮੰਤਰੀ ਅਮਨ ਅਰੋੜਾ ਨੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਕਿ ਉਹ ਸੇਵਾ ਕੇਂਦਰਾਂ ਰਾਹੀਂ ਮੁਹੱਈਆ ਕਰਵਾਈਆਂ ਜਾਂਦੀਆਂ ਸੇਵਾਵਾਂ ਵਿੱਚ ਹੁੰਦੀ ਦੇਰੀ ਦੀ ਨਿਰੰਤਰ ਨਿਗਰਾਨੀ ਕਰਨ ਅਤੇ ਲੋਕਾਂ ਨੂੰ ਮਿੱਥੇ ਸਮੇਂ ਅੰਦਰ ਸੇਵਾਵਾਂ ਪ੍ਰਦਾਨ ਕਰਵਾਉਣਾ ਯਕੀਨੀ ਬਣਾਉਣ।

ਇੱਥੇ ਮੈਗਸੀਪਾ ਵਿਖੇ ਵੀਡੀਓ ਕਾਨਫਰੰਸ ਰਾਹੀਂ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਅਮਨ ਅਰੋੜਾ ਨੇ ਡਿਪਟੀ ਕਮਿਸ਼ਨਰਾਂ ਨੂੰ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਦੇਰੀ ਕਰਨ ਦੇ ਆਦੀ, ਬੇਲੋੜੇ ਦਸਤਾਵੇਜ਼ਾਂ ਦੀ ਮੰਗ ਕਰਨ ਅਤੇ ਫਾਈਲਾਂ 'ਤੇ ਅਣਉਚਿਤ ਇਤਰਾਜ਼ ਲਗਾਉਣ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਸ਼ਨਾਖ਼ਤ ਕਰਨ ਲਈ ਵੀ ਕਿਹਾ। ਉਨ੍ਹਾ ਆਮ ਲੋਕਾਂ ਲਈ ਸੇਵਾਵਾਂ ਵਿੱਚ ਵਿਘਨ ਪਾਉਣ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਚੇਤਾਵਨੀ ਵੀ ਦਿੱਤੀ।

ਪ੍ਰਸ਼ਾਸਕੀ ਸੁਧਾਰ ਵਿਭਾਗ ਦੇ ਅਧਿਕਾਰੀਆਂ ਨੂੰ ਸਾਰੀਆਂ ਆਫਲਾਈਨ ਸੇਵਾਵਾਂ ਨੂੰ ਘੱਟ ਤੋਂ ਘੱਟ ਸਮੇਂ ਵਿੱਚ ਆਨਲਾਈਨ ਕਰਨ ਲਈ ਆਖਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਆਨਲਾਈਨ ਸੇਵਾਵਾਂ ਸਿਸਟਮ ਵਿੱਚ ਪਾਰਦਰਸ਼ਤਾ ਲਿਆ ਕੇ ਆਮ ਆਦਮੀ ਨੂੰ ਸਮਰੱਥ ਬਣਾ ਰਹੀਆਂ ਹਨ ਅਤੇ ਇਸ ਨਾਲ ਸਮਾਜ ਦੇ ਕਮਜ਼ੋਰ ਵਰਗ ਸਰਕਾਰ ਦੀਆਂ ਵੱਖ-ਵੱਖ ਲੋਕ ਭਲਾਈ ਨੀਤੀਆਂ ਅਤੇ ਸਕੀਮਾਂ ਦਾ ਸਮਾਂਬੱਧ ਤਰੀਕੇ ਨਾਲ ਲਾਭ ਲੈਂਦੇ ਹਨ।

ਉਹਨਾ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਕਿ ਉਹ ਸੇਵਾ ਕੇਂਦਰਾਂ ਵਿਖੇ ਲੋਕਾਂ ਲਈ ਪੀਣ ਵਾਲੇ ਸਾਫ ਪਾਣੀ, ਏਅਰ ਕੰਡੀਸ਼ਨਰ, ਪੱਖੇ, ਕੁਰਸੀਆਂ ਆਦਿ ਸਮੇਤ ਹੋਰ ਲੋੜੀਂਦੀਆਂ ਸਹੂਲਤਾਂ ਦੀ ਮੰਗ ਭੇਜਣ ਤਾਂ ਜੋ ਉਨ੍ਹਾਂ ਨੂੰ ਬਣਦੇ ਫੰਡ ਮੁਹੱਈਆ ਕਰਵਾਏ ਜਾ ਸਕਣ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਉਨ੍ਹਾਂ ਦੇ ਘਰ ਨੇੜੇ ਨਿਰਵਿਘਨ ਸੇਵਾਵਾਂ ਯਕੀਨੀ ਬਣਾਉਣ ਲਈ ਵਚਨਬੱਧ ਹੈ, ਤਾਂ ਜੋ ਲੋਕਾਂ ਨੂੰ ਸਰਕਾਰੀ ਸਕੀਮਾਂ ਅਤੇ ਸੇਵਾਵਾਂ ਦਾ ਲਾਭ ਲੈਣ ਵਿੱਚ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

## ਫਿਨਲੈਂਡ 'ਚ ਸੱਜੇ-ਪੱਖੀ ਗੱਠਜੋੜ ਜਿੱਤਿਆ

**ਹੈਲਿੰਸਕੀ** : ਫਿਨਲੈਂਡ ਦੀਆਂ ਸੰਸਦੀ ਚੋਣਾਂ ਸੱਜੇ-ਪੱਖੀ ਪਾਰਟੀਆਂ ਦੇ ਗਠਜੋੜ ਨੇ ਜਿੱਤ ਲਈਆਂ ਹਨ। ਨੈਸ਼ਨਲ ਕੁਲੀਸ਼ਨ ਪਾਰਟੀ ਨੂੰ ਸਭ ਤੋਂ ਵੱਧ 20.8 ਫੀਸਦੀ ਵੋਟਾਂ ਮਿਲੀਆਂ। ਫਿਨਲੈਂਡ ਦੀ ਦੱਖਣਪੰਥੀ ਪਾਰਟੀ ਪਾਪੂਲਿਸਟ ਪਾਰਟੀ 20.1 ਫੀਸਦੀ ਵੋਟਾਂ ਨਾਲ ਦੂਜੇ ਨੰਬਰ 'ਤੇ ਰਹੀ, ਜਦੋਂਕਿ ਪ੍ਰਧਾਨ ਮੰਤਰੀ ਸਨਾ ਮਾਰਿਨ ਦੀ ਸੋਸ਼ਲ ਡੈਮੋਕਰੇਟਸ 19.9 ਫੀਸਦੀ ਵੋਟਾਂ ਨਾਲ ਤੀਜੇ ਨੰਬਰ 'ਤੇ ਰਹੀ। ਨਤੀਜਿਆਂ ਤੋਂ ਬਾਅਦ ਹਾਰ ਸਵੀਕਾਰ ਕਰਦੇ ਹੋਏ ਸਨਾ ਮਾਰਿਨ ਨੇ ਗਠਜੋੜ ਸਰਕਾਰ ਬਣਾਉਣ ਵਾਲੀ ਨੈਸ਼ਨਲ ਕੁਲੀਸ਼ਨ ਪਾਰਟੀ ਨੂੰ ਵਧਾਈ ਦਿੱਤੀ। ਉਨ੍ਹਾ ਕਿਹਾ ਕਿ ਲੋਕਤੰਤਰ ਨੇ ਆਪਣਾ ਫੈਸਲਾ ਸੁਣਾ ਦਿੱਤਾ ਹੈ। ਅਲਜਜ਼ੀਰਾ ਦੀ ਰਿਪੋਰਟ ਮੁਤਾਬਕ ਪੀਟਰੀ ਓਰਪੋ ਨਵੇਂ ਪ੍ਰਧਾਨ ਮੰਤਰੀ ਹੋ ਸਕਦੇ ਹਨ। ਦੱਸਣਾ ਬਣਦਾ ਹੈ ਕਿ ਸਨਾ ਯੂਰਪ ਵਿਚ ਸਭ ਤੋਂ ਛੋਟੀ ਉਮਰ ਵਿਚ ਪ੍ਰਧਾਨ ਮੰਤਰੀ ਬਣੀ ਸੀ।

## ਇਨਸਾਫ ਦਾ ਨਾਂਅ ਸੀ ਬੀ ਆਈ : ਮੋਦੀ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੀ ਬੀ ਆਈ ਦੇ ਡਾਇਮੰਡ ਜੁਬਲੀ ਸਮਾਰੋਹ ਦਾ ਉਦਘਾਟਨ ਕੀਤਾ।

ਉਨ੍ਹਾ ਇਸ ਤੋਂ ਇਲਾਵਾ ਸ਼ਿਲਾਂਗ, ਪੁਣੇ ਅਤੇ ਨਾਗਪੁਰ ਵਿਚ ਸੀ ਬੀ ਆਈ ਦੇ ਨਵੇਂ ਬਣੇ ਆਫਿਸ ਕੰਪਲੈਕਸਾਂ ਦਾ ਵੀ ਵੀਡੀਓ ਕਾਨਫਰੰਸਿੰਗ ਰਾਹੀਂ ਉਦਘਾਟਨ ਕੀਤਾ। ਮੋਦੀ ਨੇ ਕਿਹਾ ਕਿ ਦੇਸ਼ ਵਿਚ ਇਨਸਾਫ ਦਾ ਨਾਂਅ ਸੀ ਬੀ ਆਈ ਹੈ ਤੇ ਲੋਕ ਇਨਸਾਫ ਲੈਣ ਲਈ ਸੀ ਬੀ ਆਈ ਜਾਂਚ ਦੀ ਮੰਗ ਕਰਦੇ ਹਨ।

## ਪੀਲੀਭੀਤ ਦੇ ਗੁਰਦੁਆਰੇ 'ਚ 25 ਮਾਰਚ ਤੱਕ ਦੇ ਫੁਟੇਜ਼ ਨਹੀਂ ਮਿਲੇ

**ਪੀਲੀਭੀਤ** : ਅੰਮ੍ਰਿਤਪਾਲ ਸਿੰਘ ਦੀ ਭਾਲ ਵਿਚ ਪੁਲਸ ਟੀਮਾਂ ਜੁਟੀਆਂ ਹੋਈਆਂ ਹਨ। ਇਹ ਪਤਾ ਲੱਗਾ ਹੈ ਕਿ ਪੀਲੀਭੀਤ ਦੇ ਮੋਹਨਾਪੁਰ ਗੁਰਦੁਆਰੇ ਦੀ ਸੀ ਸੀ ਟੀ ਵੀ ਫੁਟੇਜ਼ 25 ਮਾਰਚ ਤੱਕ ਗਾਇਬ ਮਿਲੀ, ਜਿਸ ਤੋਂ ਬਾਅਦ ਪੁਲਸ ਟੀਮ ਜਾਂਚ ਕਰਨ ਉਥੇ ਪੁੱਜ ਗਈ ਹੈ। ਪੁਲਸ ਨੂੰ ਇਹ ਵੀ ਜਾਣਕਾਰੀ ਮਿਲੀ ਸੀ ਕਿ ਅੰਮ੍ਰਿਤਪਾਲ ਸਿੰਘ ਤੇ ਪਪਲਪ੍ਰੀਤ ਸਿੰਘ ਇਸ ਗੁਰਦੁਆਰੇ ਵਿਚ ਗਏ ਸਨ। ਪੁਲਸ ਟੀਮ ਨੇ ਨੇੜਲੇ ਇਲਾਕਿਆਂ ਦੇ ਸੀ ਸੀ ਟੀ ਵੀ ਖੰਘਾਲਣੇ ਸ਼ੁਰੂ ਕਰ ਦਿੱਤੇ ਹਨ। ਜਾਂਚ 'ਚ ਪਤਾ ਲੱਗਿਆ ਹੈ ਕਿ ਗੁਰਦੁਆਰੇ ਦੇ ਕੈਮਰਿਆਂ ਨੇ 26 ਮਾਰਚ ਤੋਂ ਬਾਅਦ ਰਿਕਾਰਡਿੰਗ ਕਰਨੀ ਸ਼ੁਰੂ ਕਰ ਦਿੱਤੀ ਸੀ, ਜੋ ਪੁਲਸ ਕੋਲ ਮੌਜੂਦ ਹੈ।

## ਵਿਦੇਸ਼ਾਂ 'ਚ ਸਰਗਰਮ 28 ਗੈਂਗਸਟਰਾਂ ਦੀ ਸੂਚੀ ਗ੍ਰਹਿ ਮੰਤਰਾਲੇ ਨੂੰ ਸੌਂਪੀ

**ਨਵੀਂ ਦਿੱਲੀ** : ਕੇਂਦਰੀ ਜਾਂਚ ਏਜੰਸੀ (ਐੱਨ ਆਈ ਏ) ਨੇ 28 ਗੈਂਗਸਟਰਾਂ ਦੀ ਸੂਚੀ ਗ੍ਰਹਿ ਮੰਤਰਾਲੇ ਨੂੰ ਸੌਂਪੀ ਹੈ, ਜਿਨ੍ਹਾਂ ਦਾ ਪੰਜਾਬ, ਉੱਤਰ ਪ੍ਰਦੇਸ਼, ਦਿੱਲੀ, ਹਰਿਆਣਾ, ਰਾਜਸਥਾਨ ਤੇ ਹੋਰ ਰਾਜਾਂ ਨਾਲ ਸੰਬੰਧ ਹੈ ਤੇ ਜਿਹੜੇ ਵਿਦੇਸ਼ਾਂ ਵਿਚ ਰਹਿ ਕੇ ਭਾਰਤ ਵਿਚ ਟਾਰਗੇਟ ਕਿਲਿੰਗ ਤੇ ਫਿਰੌਤੀ ਦੀਆਂ ਕਾਰਵਾਈਆਂ ਕਰ ਰਹੇ ਹਨ। ਇਨ੍ਹਾਂ ਗੈਂਗਸਟਰਾਂ ਨੂੰ ਭਾਰਤ ਲਿਆਉਣ ਦੀ ਰਣਨੀਤੀ ਉਲੀਕੀ ਜਾ ਰਹੀ ਹੈ। ਇਨ੍ਹਾਂ ਗੈਂਗਸਟਰਾਂ ਵਿਚ ਗੋਲਡੀ ਬਰਾੜ, ਅਨਮੋਲ ਬਿਸ਼ਨੋਈ, ਕੁਲਦੀਪ ਸਿੰਘ ਯੂ ਏ ਈ, ਜਗਜੀਤ ਸਿੰਘ ਮਲੇਸ਼ੀਆ, ਧਰਮ ਅਮਰੀਕਾ, ਰੋਹਿਤ ਗੋਦਾਰਾ ਆਦਿ ਦੇ ਨਾਂਅ ਸ਼ਾਮਲ ਹਨ। ਇਨ੍ਹਾਂ ਗੈਂਗਸਟਰਾਂ ਦੀ ਪੂਰੀ ਸੂਚੀ ਇਸ ਤਰ੍ਹਾਂ ਹੈ : ਗੋਲਡੀ ਬਰਾੜ ਉਰਫ ਸਤਿੰਦਰਜੀਤ ਸਿੰਘ ਕੈਨੇਡਾ/ਯੂ ਐੱਸ ਏ, ਅਨਮੋਲ ਬਿਸ਼ਨੋਈ ਅਮਰੀਕਾ, ਕੁਲਦੀਪ ਸਿੰਘ ਯੂ ਏ ਈ, ਜਗਜੀਤ ਸਿੰਘ ਮਲੇਸ਼ੀਆ, ਧਰਮ ਕਾਹਲੋਂ, ਅੰਮ੍ਰਿਤਪਾਲ ਅਮਰੀਕਾ, ਦਰਮਨਜੀਤ ਸਿੰਘ ਉਰਫ ਦਰਮਨ ਕਾਹਲੋਂ, ਹਰਜੋਤ ਸਿੰਘ ਗਿੱਲ (ਸਾਰੇ ਅਮਰੀਕਾ), ਰੋਹਿਤ ਗੋਦਾਰਾ ਯੂਰਪ, ਗੁਰਵਿੰਦਰ ਸਿੰਘ, ਸਤਵੀਰ ਸਿੰਘ, ਸਨਵਰ ਢਿੱਲੋਂ, ਗੁਰਪ੍ਰਿੰਦਰ ਸਿੰਘ, ਸੁਖਦੂਲ ਉਰਫ ਸੁੱਖਾ ਦੁਨੇਕੇ, ਗੁਰਪਿੰਦਰ ● ਬਾਕੀ ਸਫ਼ਾ 2 'ਤੇ

## ਤੇਰੇ ਰੂਪ ਅਨੇਕ !

**ਸ਼ਾਹਕੋਟ (ਗਿਆਨ ਸੈਦਪੁਰੀ)**



ਮਨਪ੍ਰੀਤ ਸਿੰਘ ਬਾਦਲ ਸੋਮਵਾਰ ਨੂੰ ਸ਼ਾਹਕੋਟ ਪਧਾਰੇ। ਉਹ ਜਲੰਧਰ ਲੋਕ ਸਭਾ ਦੀ ਜ਼ਿਮਨੀ ਚੋਣ ਵਿੱਚ ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਚੋਣ ਇੰਚਾਰਜ ਦੀ ਹੈਸੀਅਤ ਵਿੱਚ ਭਾਜਪਾ ਆਗੂਆਂ ਨਾਲ ਵਿਚਾਰ-ਵਟਾਂਦਰਾ ਕਰਨ ਲਈ ਆਏ। ਆਏ ਤਾਂ ਉਹ 3-4 ਵਾਰ ਪਹਿਲਾਂ ਵੀ, ਪਰ ਇਸ ਵਾਰ ਦੀ ਫੇਰੀ ਨਾਲ ਕਈ ਲੋਕਾਂ ਨੇ ਚੁਟਕੀਆਂ ਲਾਈਆਂ। ਕਈਆਂ ਨੇ ਸਿਆਸੀ ਆਗੂਆਂ ਦੇ ਪਾਰਟੀਆਂ ਬਦਲਣ ਦੇ ਥੋਕ ਵਰਤਾਰੇ ਦੇ ਹਵਾਲੇ ਨਾਲ ਗਿਰਗਿਟ ਨੂੰ 'ਵਿਚਾਰੀ' ਜਿਹੀ ਦੱਸਦਿਆਂ ਰੰਗ ਬਦਲਣ ਵਿੱਚ ਆਗੂਆਂ ਨਾਲੋਂ ਪਿੱਛੇ ਰਹਿ ਗਈ ਦੱਸਿਆ। ਕਹਾਣੀਕਾਰ ਅਤਰਜੀਤ ਨੂੰ ਵੀ ਕਈਆਂ ਨੇ ਚੇਤੇ ਕੀਤਾ ਹੈ। ਉਨ੍ਹਾ ਆਪਣੇ ਇੱਕ ਕਹਾਣੀ ਸੰਗ੍ਰਹਿ ਦਾ ਨਾਂਅ 'ਨਸਲ ਦੀਆਂ ਖੁੰਬਾਂ' ਰੱਖਿਆ ਸੀ। ਸਿਆਸਤਦਾਨ ਵੀ 'ਥਾਵਾਂ' ਬਦਲ ਕੇ ਖੁੰਬਾਂ ਵਾਂਗ ਉੱਗ ਆਉਂਦੇ ਹਨ।

ਖੈਰ, ਆਲਮੀ ਪੱਧਰ ਦੇ ਸ਼ਾਇਰ ਅਲਾਮਾ ਇਕਬਾਲ ਦੀ ਸ਼ਾਇਰੀ ਦੇ ਰੰਗ ਵਿੱਚ ਰੰਗੇ ਹੋਏ ਤੇ ਹਮੇਸ਼ਾ ਪੰਜਾਬ ਦੇ ਦਰਦ ਨੂੰ ਮਹਿਸੂਸ ਕਰਨ ਵਾਲੇ ਮਨਪ੍ਰੀਤ ਸਿੰਘ ਬਾਦਲ ਦੂਜੀ ਵਾਰ ਸ਼ਾਹਕੋਟ ਵਿੱਚ ਸ਼ਾਇਦ 2012 ਵਿੱਚ ਆਏ ਸਨ। ਓਦੋਂ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਸਨ। ਸ਼ਾਹਕੋਟ ਵਿੱਚ ਪਹਿਲੀ ਵਾਰ ਉਹ ਅਕਾਲੀ ਦਲ (ਬਾਦਲ) ਦੇ ਆਗੂ ਵਜੋਂ ਪਧਾਰੇ ਸਨ। ਪੀ ਪੀ ਪੀ. ਦੇ ਪ੍ਰਧਾਨ ਹੁੰਦਿਆਂ ਜਦੋਂ ਸ਼ਾਹਕੋਟ ਆਏ ਸਨ ● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਕਿਡਨੀ ਕਾਂਡ ਪੰਜਾਬ ਵਿੱਚ ਫੇਰ ਸੁਣਿਆ,
ਠੱਗੀਆਂ ਕਰਨ ਤੋਂ ਠੱਗ ਨਹੀਂ ਹਟੇ ਬੇਲੀ।
ਕਮਾਈਆਂ ਕਰਨ ਦੇ ਪੱਕੇ ਜਿਹੇ ਫਾਰਮੂਲੇ,
ਪੀੜ੍ਹੀਓ-ਪੀੜ੍ਹੀ ਆ ਠੱਗਾਂ ਸਭ ਰਟੇ ਬੇਲੀ।
ਘਟਦੇ ਜਿੱਦਾਂ ਨਹੀਂ ਹੋਰ ਕਈ ਪਾਪ ਹੁੰਦੇ,
ਇਹ ਵੀ ਕੇਸ ਨਹੀਂ ਓਦਾਂ ਹੀ ਘਟੇ ਬੇਲੀ।
ਬੰਦਾ ਮਰ ਗਿਆ ਤੇ ਮਰ ਜਾਏ ਲੱਖ ਵਾਰੀ,
ਕਮਾਈ ਵੰਡਣ ਨੂੰ ਕਰਨ ਇਹ ਬਟੇ ਬੇਲੀ।
ਫਸ ਜਾਣ ਪਹਿਲੇ ਤਾਂ ਹੋਰ ਹਨ ਉੱਠ ਪੈਂਦੇ,
ਰੁਕਦੀ ਕਿਡਨੀਆਂ ਦੀ ਨਹੀਂ ਹੈ ਸੇਲ ਬੇਲੀ।
ਮੱਛੀ ਵਾਂਗਰ ਕਈ ਤਿਲਕਦੇ ਨਿਕਲ ਜਾਂਦੇ,
ਮਿਲ ਜਾਏ ਦੂਜਿਆਂ ਨੂੰ ਆਖਰ ਬੇਲ ਬੇਲੀ।

-ਤੀਸ ਮਾਰ ਖਾਂ

## ਸਵਾਂ ਨਦੀ ਨੇੜਿਓਂ ਪੋਕਲੇਨ ਤੇ ਚਾਰ ਟਿੱਪਰ ਜ਼ਬਤ ਕੀਤੇ : ਮੀਤ ਹੇਅਰ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬਾ ਵਾਸੀਆਂ ਨੂੰ ਵਾਜਬ ਕੀਮਤਾਂ ਉਤੇ ਲੋੜੀਂਦਾ ਰੇਤਾ ਮੁਹੱਈਆ ਕਰਵਾਉਣ ਅਤੇ ਗੈਰ-ਕਾਨੂੰਨੀ ਖਣਨ ਖਿਲਾਫ ਸਖਤ ਕਾਰਵਾਈ ਦੇ ਨਿਰਦੇਸ਼ਾਂ 'ਤੇ ਚੱਲਦਿਆਂ ਖਣਨ ਵਿਭਾਗ ਵੱਲੋਂ ਨਿਰੰਤਰ ਕਾਰਵਾਈ ਜਾਰੀ ਹੈ। ਖਣਨ ਵਿਭਾਗ ਵੱਲੋਂ ਰੂਪਨਗਰ ਜ਼ਿਲ੍ਹੇ ਅੰਦਰ ਸਵਾਂ ਨਦੀ ਨੇੜਿਓਂ ਛਾਪੇਮਾਰੀ ਕਰਦਿਆਂ ਇਕ ਪੋਕਲੇਨ ਮਸ਼ੀਨ ਅਤੇ ਚਾਰ ਟਿੱਪਰ ਜ਼ਬਤ ਕੀਤੇ ਗਏ ਹਨ।

ਖਣਨ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਖਣਨ ਵਿਭਾਗ ਵੱਲੋਂ ਇਹ ਕਾਰਵਾਈ ਸਵਾਂ ਨਦੀ ਦੇ ਸੱਜੇ ਪਾਸੇ ਗੈਰ-ਕਾਨੂੰਨੀ ਖਣਨ ਕਰ ਰਹੀ ਇਕ ਪੋਕਲੇਨ ਮਸ਼ੀਨ ਅਤੇ ਪੰਜ ਟਿੱਪਰਾਂ ਉਤੇ ਛਾਪੇਮਾਰੀ ਕੀਤੀ ਗਈ। ਇਕ ● ਬਾਕੀ ਸਫ਼ਾ 2 'ਤੇ



## ਰੈਡੀਮੇਡ ਐਂਡ ਜਨਰਲ ਸਟੋਰ ਐਸੋਸੀਏਸ਼ਨ ਵੱਲੋਂ ਜਥੇਬੰਦਕ ਢਾਂਚੇ ਦਾ ਐਲਾਨ



**ਤਪਾ ਮੰਡੀ (ਅਰੁਣ ਗੋਇਲ)**-ਰੈਡੀਮੇਡ ਐਂਡ ਜਨਰਲ ਸਟੋਰ ਐਸੋਸੀਏਸ਼ਨ ਦੀ ਇੱਕ ਮੀਟਿੰਗ ਪ੍ਰਧਾਨ ਕਾਲਾ ਬੂਟਾਂ ਵਾਲੇ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਨਵ-ਨਿਯੁਕਤ ਚੇਅਰਮੈਨ ਰਮੇਸ਼ ਗਾਂਧੀ, ਸੈਕਟਰੀ ਮਨਪ੍ਰੀਤ ਜਲਪੋਤ, ਕੈਸ਼ੀਅਰ ਦੀਪਾ ਮੌੜ ਨੇ ਭਾਗ ਲਿਆ, ਜਿਸ ਵਿੱਚ ਦਿੱਤੀ ਪਾਵਰ ਦਾ ਇਸਤੇਮਾਲ ਕਰਦੇ ਹੋਏ ਅਪਣੇ ਜੰਥੇਬੰਧਕ ਢਾਂਚੇ ਦਾ ਐਲਾਨ ਕਰਦੇ ਹੋਏ ਦੱਸਿਆ ਕਿ ਪੱਪੂ ਅਟੈਚੀ ਵਾਲਾ ਸੀਨੀਅਰ ਮੀਤ ਪ੍ਰਧਾਨ, ਰਾਜਿੰਦਰ ਕੁਮਾਰ (ਡੱਡੂ) ਮੀਤ ਪ੍ਰਧਾਨ, ਸਰਪ੍ਰਸਤ ਅਸ਼ੋਕ ਕੁਮਾਰ ਸ਼ਹਿਣਾ, ਪਵਨ ਗਰਗ ਬੁੱਕ ਸ਼ੈਲਰ ਪੀ ਆਰ ਓ, ਵਾਇਸ ਚੇਅਰਮੈਨ ਪਵਨ ਧੂਰਕੋਟੀਆ, ਪ੍ਰੈੱਸ ਸੈਕਟਰੀ ਗੋਪਾਲ ਬਦਰਾ ਤੋਂ ਇਲਾਵਾ ਮੱਖਣ ਸਿੰਗਲਾ, ਨੋਨੀ ਮੌੜ, ਬੱਬੂ ਫੋਟੋ ਫਰੇਮ, ਅਮਨ ਸੁਨਾਮੀਆਂ, ਰੋਹਿਤ ਗਿਫਟ ਤੇ ਪਵਨ ਗੋਟੇ ਵਾਲਾ ਨੂੰ ਸਲਾਹਕਾਰ ਚੁਣਿਆ ਗਿਆ।

## ਵੋਕੇਸ਼ਨਲ ਦੇ ਵਿਦਿਆਰਥੀਆਂ ਨੂੰ ਟੂਲ ਕਿੱਟਾਂ ਵੰਡੀਆਂ



**ਮਲੋਟ (ਗੁਰਮੀਤ ਸਿੰਘ ਮੱਕੜ)**-ਸਿੱਖਿਆ ਵਿਭਾਗ ਪੰਜਾਬ ਦੀ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦੀਆਂ ਨੀਤੀਆਂ ਤਹਿਤ ਜ਼ਿਲ੍ਹਾ ਸਿੱਖਿਆ ਅਫ਼ਸਰ ਮਲਕੀਤ ਸਿੰਘ ਖੋਸਾ ਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਨਿਰਦੇਸ਼ਾਂ 'ਤੇ ਪ੍ਰਿੰਸੀਪਲ ਹਰਪਾਲ ਸਿੰਘ ਦੀ ਯੋਗ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਨਿਆਂਵਾਲੀ ਦੇ ਵੋਕੇਸ਼ਨਲ ਵਿਸ਼ੇ ਦੇ ਵਿਦਿਆਰਥੀਆਂ ਨੂੰ ਟੂਲ ਕਿੱਟਾਂ ਵੰਡੀਆਂ ਗਈਆਂ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਕੂਲ ਮੀਡੀਆ ਇੰਚਾਰਜ ਮਨਦੀਪ ਕੁਮਾਰ ਨੇ ਦੱਸਿਆ ਕਿ ਬਾਰਵੀਂ ਜਮਾਤ ਦੇ ਵਿਦਿਆਰਥੀ, ਜਿਹੜੇ ਐੱਨ.ਐੱਸ.ਕਿਊ.ਐੱਫ਼. ਵਿਸ਼ੇ ਹੈਲਥ ਕੇਅਰ ਤੇ ਬਿਊਟੀ ਐਂਡ ਵੈੱਲਨੈੱਸ ਵਿਸ਼ੇ ਦੀ ਪੜ੍ਹਾਈ ਕਰ ਰਹੇ ਹਨ ਅਤੇ ਇਸ ਸਾਲ ਮਾਰਚ ਵਿੱਚ ਪ੍ਰੀਖਿਆ ਦੇ ਕੇ ਆਪਣੀ ਅਗਲੀ ਪੜ੍ਹਾਈ ਦੀ ਸ਼ੁਰੂਆਤ ਕਰਨ ਵਾਲੇ ਹਨ, ਨੂੰ ਆਪਣੇ ਪੈਰਾਂ 'ਤੇ ਖੜੇ ਹੋਣ ਤੇ ਹੱਥੀਂ ਕੰਮ ਕਰਨ ਦੀ ਤਿਆਰੀ ਕਰਵਾਉਣ ਲਈ ਇਹ ਕਿੱਟ ਸਰਕਾਰ ਵੱਲੋਂ ਮੁਹੱਈਆ ਕਰਵਾਈ ਗਈ ਹੈ। ਇਸ ਮੌਕੇ ਹੈਲਥ ਕੇਅਰ ਇੰਸਟਰਕਟਰ ਸ਼੍ਰੀਮਤੀ ਮੀਨੂੰ, ਬਿਊਟੀ ਐਂਡ ਵੈੱਲਨੈੱਸ ਇੰਸਟਰਕਟਰ ਸ਼੍ਰੀਮਤੀ ਰਜਨੀ ਬਾਲਾ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਬਖਤੌਰ ਸਿੰਘ, ਕਮੇਟੀ ਮੈਂਬਰ ਤੇ ਸਕੂਲ ਸਟਾਫ਼ ਹਾਜ਼ਰ ਸੀ।

## ਵਿਸ਼ਵ ਸਿੱਖ ਸਾਹਿਤ ਅਕਾਦਮੀ ਪਾਇਲ ਦੀ ਮੀਟਿੰਗ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਨਾਮਵਰ ਸਾਹਿਤਕ ਸੰਸਥਾ ਵਿਸ਼ਵ ਸਿੱਖ ਸਾਹਿਤ ਅਕਾਦਮੀ ਪਾਇਲ ਦੀ ਮਹੀਨਾਵਾਰ ਮੀਟਿੰਗ ਗਿਆਨੀ ਦਿੱਤ ਸਿੰਘ ਯਾਦਗਾਰੀ ਖਾਲਸਾ ਲਾਇਬ੍ਰੇਰੀ ਨੇੜੇ ਸੈਕੰਡਰੀ ਸਕੂਲ ਪਾਇਲ ਵਿਖੇ ਅਕਾਦਮੀ ਦੇ ਮੁਖੀ ਜਗਦੇਵ ਸਿੰਘ ਘੁੰਗਰਾਲੀ ਤੇ ਪ੍ਰਧਾਨ ਬਲਦੇਵ ਸਿੰਘ ਰੋਹਣੋਂ ਦੀ ਦੇਖ-ਰੇਖ ਹੇਠ ਹੋਈ। ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੰਦਿਆਂ ਜਪੁਜੀ ਸਾਹਿਬ ਜੀ ਦੀ ਸਤਾਈਵੀਂ ਪਾਉੜੀ ਦੀ ਵਿਆਖਿਆ ਬੜੇ ਹੀ ਭਾਵਪੂਰਤ ਤਰੀਕੇ ਨਾਲ ਕੀਤੀ ਗਈ। ਉਪਰੰਤ ਰਚਨਾਵਾਂ ਦੇ ਦੌਰ 'ਚ ਚਰਨ ਸਿੰਘ ਹਰਬੰਸਪੁਰਾ, ਅਵਤਾਰ ਸਿੰਘ ਉਟਾਲਾਂ, ਨੇਤਰ ਸਿੰਘ ਮੁੱਤਿਓਂ, ਹਰਪ੍ਰੀਤ ਸਿੰਘ ਸਿਹੌੜਾ, ਜਿੰਮੀ ਅਹਿਮਦਗੜ੍ਹ, ਗੁਰੀ ਤੁਰਮਰੀ, ਦਲਵੀਰ ਸਿੰਘ ਕਲੇਰ, ਮਨਜੀਤ ਸਿੰਘ ਘੁੰਮਣ ਸਰਹੰਦ, ਹਰਬੰਸ ਸਿੰਘ ਸਾਨ ਬਗਲੀ ਕਲਾਂ, ਬਲਦੇਵ ਸਿੰਘ ਰੋਹਣੋਂ ਤੇ ਜਗਦੇਵ ਸਿੰਘ ਘੁੰਗਰਾਲੀ ਨੇ ਆਪੋ ਆਪਣੀਆਂ ਰਚਨਾਵਾਂ ਸੁਣਾ ਕੇ ਆਪਣੀ ਹਾਜ਼ਰੀ ਲਗਵਾਈ। ਪੜ੍ਹੀਆਂ ਗਈਆਂ ਰਚਨਾਵਾਂ 'ਤੇ ਉਸਾਰੂ ਬਹਿਸ ਕੀਤੀ ਗਈ ਤੇ ਯੋਗ ਸੁਝਾਅ ਵੀ ਦਿੱਤੇ ਗਏ। ਇਸ ਸਮੇਂ ਜਸਮੀਤ ਸਿੰਘ ਤੇ ਲਖਵੀਰ ਸਿੰਘ ਲੱਖਾ ਵੀ ਹਾਜ਼ਰ ਸਨ।

## ਸਹਿਜੜਾ ਸਕੂਲ 'ਚ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਰਕਾਰੀ ਹਾਈ ਸਕੂਲ ਸਹਿਜੜਾ ਵਿਖੇ ਨਵੇਂ ਵਿੱਦਿਅਕ ਵਰ੍ਹੇ ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਕੀਤੀ ਗਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਜ਼ਿਲ੍ਹਾ ਸਿੱਖਿਆ ਅਫਸਰ ਸਰਬਜੀਤ ਸਿੰਘ ਤੂਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਪ੍ਰਬੰਧਕਾਂ ਨੂੰ ਇਸ ਉਪਰਾਲੇ ਦੀ ਵਧਾਈ ਦਿੰਦਿਆਂ ਸਮੂਹ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ ਸਰਬਜੀਤ ਸਿੰਘ ਤੂਰ, ਪਹਿਲੀਆਂ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਹੈੱਡ ਮਿਸਟ੍ਰੈੱਸ ਮਨਿੰਦਰ ਕੌਰ, ਸੁਖਮਿੰਦਰ ਸਿੰਘ, ਪੁਨੀਤ ਸਾਇੰਸ, ਦਰਸਨ ਸਿੰਘ, ਰਮਨਦੀਪ ਸਿੰਘ ਡੀ ਪੀ ਈ, ਹਰਜੀਤ ਕੌਰ, ਅਮਨਦੀਪ ਕੌਰ, ਡਾ. ਪ੍ਰਗਟ ਸਿੰਘ, ਕਮਲਜੀਤ ਕੌਰ, ਕਿਰਨਦੀਪ ਕੌਰ, ਕਮੇਟੀ ਮੈਂਬਰ ਭਾਈ ਮਨਜੀਤ ਸਿੰਘ, ਹਰਮੇਲ ਸਿੰਘ, ਜਰਨੈਲ ਸਿੰਘ ਆਦਿ ਹਾਜ਼ਰ ਸਨ।

## ਨਵਜੋਤ ਸਿੱਧੂ ਦੀ ਰਿਹਾਈ 'ਤੇ ਕਾਂਗਰਸੀਆਂ ਲੱਡੂ ਵੰਡ ਕੇ ਮਨਾਏ ਜਸ਼ਨ




**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ)**-ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਮੰਤਰੀ ਸ. ਨਵਜੋਤ ਸਿੰਘ ਸਿੱਧੂ ਦੀ ਪਟਿਆਲਾ ਕੇਂਦਰੀ ਜੇਲ੍ਹ ਵਿੱਚੋਂ ਕਲ੍ਹ ਹੀ ਰਿਹਾਈ ਦੀ ਖ਼ੁਸ਼ੀ ਵਿੱਚ ਬੁਢਲਾਡਾ ਦੇ ਸੀਨੀਅਰ ਤੇ ਧੜੱਲੇਦਾਰ ਆਗੂਆਂ ਰਣਜੀਤ ਸਿੰਘ ਦੋਦੜਾ ਤੇ ਚੇਅਰਮੈਨ ਜਗਮੇਲ ਸਿੰਘ ਨੰਗਲ ਦੀ ਅਗਵਾਈ ਵਿੱਚ ਵਰਕਰਾਂ ਵੱਲੋਂ ਲੱਡੂ ਵੰਡ ਕੇ ਜਸ਼ਨ ਮਨਾਏ ਗਏ। ਇਸ ਸਬੰਧੀ ਗੱਲਬਾਤ ਕਰਦਿਆਂ ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਦੇ ਛੋਟੇ ਭਰਾ ਸਿਮਰਨਜੀਤ ਸਿੰਘ ਮਾਨਸ਼ਾਹੀਆ ਨੇ ਦੱਸਿਆ ਕਿ ਸ੍. ਨਵਜੋਤ ਸਿੰਘ ਸਿੱਧੂ ਕਾਂਗਰਸ ਦੇ ਇਕ ਧੜੱਲੇਦਾਰ ਤੇ ਇਮਾਨਦਾਰ ਆਗੂ ਹਨ। ਉਨ੍ਹਾਂ ਦੀ ਰਿਹਾਈ ਨਾਲ ਕਾਂਗਰਸੀ ਵਰਕਰਾਂ ਤੇ ਸਥਾਨਕ ਆਗੂਆਂ ਵਿੱਚ ਇਕ ਨਵੀਂ ਰੂਹ ਫੂਕੇ ਜਾਣ ਦੇ ਆਸਾਰ ਬਣ ਗਏ ਹਨ। ਮਾਨਸ਼ਾਹੀਆ ਨੇ ਕਿਹਾ ਕਿ ਕੱਲ੍ਹ ਉਨ੍ਹਾਂ ਦੇ ਵੱਡੇ ਭਰਾ ਸ੍. ਨਾਜਰ ਸਿੰਘ ਮਾਨਸਾਹੀਆ ਦੀ ਅਗਵਾਈ ਵਿੱਚ ਸਿੱਧੂ ਦੀ ਰਿਹਾਈ ਸਮੇਂ ਮਾਨਸਾ ਜ਼ਿਲ੍ਹੇ ਵਿੱਚੋਂ ਕਾਂਗਰਸੀ ਆਗੂਆਂ ਤੇ ਵਰਕਰਾਂ ਦਾ ਇੱਕ ਵੱਡਾ ਜੱਥਾ ਪਟਿਆਲਾ ਲਈ ਰਵਾਨਾ ਹੋਇਆ ਸੀ ਤੇ ਅੱਜ ਬੁਢਲਾਡਾ ਵਿਖੇ ਸਥਾਨਕ ਆਗੂਆਂ ਤੇ ਵਰਕਰਾਂ ਵਿੱਚ ਸ. ਨਵਜੋਤ ਸਿੰਘ ਸਿੱਧੂ ਦੀ ਰਿਹਾਈ ਤੋਂ ਬਾਅਦ ਭਾਰੀ ਉਤਸ਼ਾਹ ਪਾਇਆ ਗਿਆ ਅਤੇ ਇਸੇ ਖੁਸ਼ੀ ਵਿੱਚ ਲੱਡੂ ਵੰਡ ਕੇ ਜਸ਼ਨ ਮਨਾਏ ਗਏ। ਇਸ ਸਮੇਂ ਖੁਸ਼ੀ ਦਾ ਇਜ਼ਹਾਰ ਕਰਦੇ ਹੋਏ ਇੱਕ ਦੂਜੇ ਨੂੰ ਵਧਾਈਆਂ ਵੀ ਦਿੱਤੀਆਂ ਗਈਆਂ।

## ਪੰਜਾਬੀ ਸਾਹਿਤ ਸਭਾ ਦੀ ਮਾਸਿਕ ਇਕੱਤਰਤਾ



**ਧੂਰੀ (ਸੁਖਦੇਵ ਧੂਰੀ)**-ਸਥਾਨਕ ਪੰਜਾਬੀ ਸਾਹਿਤ ਸਭਾ ਦੀ ਅਪ੍ਰੈਲ ਮਹੀਨੇ ਦੀ ਇਕੱਤਰਤਾ ਮੂਲ ਚੰਦ ਸ਼ਰਮਾ ਦੀ ਪ੍ਰਧਾਨਗੀ ਹੇਠ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਭਵਨ ਵਿਖੇ ਕੀਤੀ ਗਈ। ਸੁਆਗਤੀ ਸ਼ਬਦਾਂ ਤੋਂ ਉਪਰੰਤ ਸਭਾ ਦੇ ਅਹੁਦੇਦਾਰ ਅਜਮੇਰ ਸਿੰਘ ਫਰੀਦਪੁਰ ਦੀ ਜੀਵਨ ਸਾਥਣ ਤੇ ਗੀਤਕਾਰ ਕੁੰਢਾ ਸਿੰਘ ਧਾਲੀਵਾਲ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਦੇ ਨਾਲ਼ ਹੀ ਜਗਦੇਵ ਸਿੰਘ ਧਾਂਦਰਾ ਨੂੰ ਸੈਨਾ ਵਿੱਚੋਂ ਸੇਵਾ ਮੁਕਤ ਹੋਣ ਤੇ ਜਗਦੇਵ ਸਿੱਧੂ ਨੂੰ ਸਾਹਿਤ ਅਕਾਦਮੀ ਦਿੱਲੀ 'ਚ ਮੈਂਬਰ ਨਿਯੁਕਤ ਹੋਣ ਦੀ ਵਧਾਈ ਦਿੱਤੀ ਗਈ। ਦੂਸਰੇ ਦੌਰ 'ਚ ਸੁਖਵਿੰਦਰ ਲੋਟੇ ਦੇ ਸਟੇਜ ਸੰਚਾਲਨ ਦੌਰਾਨ ਹੋਏ ਵਿਸ਼ਾਲ ਕਵੀ ਦਰਬਾਰ ਵਿੱਚ ਸਰਵ ਸ਼੍ਰੀ ਕਰਮ ਸਿੰਘ ਜ਼ਖ਼ਮੀ, ਸੁਖਵਿੰਦਰ ਸੁੱਖੀ, ਕੁਲਦੀਪ ਸਿੰਘ ਹਰੀ, ਲਖਵਿੰਦਰ ਖੁਰਾਣਾ, ਪੇਂਟਰ ਸੁਖਦੇਵ ਧੂਰੀ, ਰਜਿੰਦਰ ਸਿੰਘ ਰਾਜਨ, ਮਨਿੰਦਰ ਮੂਲੋਵਾਲ, ਜਗਦੇਵ ਸ਼ਰਮਾ, ਰਣਜੀਤ ਆਜਾਦ ਕਾਂਝਲਾ, ਗੁਰਤੇਜ ਮੱਲੂਮਾਜਰਾ, ਬਲਵੰਤ ਕੌਰ ਘਨੌਰੀ, ਖੁਸ਼ਪ੍ਰੀਤ ਕੌਰ, ਲੀਲਾ ਖਾਨ, ਮਹਿੰਦਰ ਜੀਤ ਸਿੰਘ, ਪਰਮਜੀਤ ਦਰਦੀ, ਸੁਖਦੇਵ ਸ਼ਰਮਾ, ਸ਼ੈਲੇਂਦਰ ਕੁਮਾਰ ਗਰਗ, ਅਸ਼ੋਕ ਭੰਡਾਰੀ, ਮੰਗਲ ਬਾਵਾ, ਕਵੀਸ਼ਰ ਸੁਖਦੇਵ ਲੱਡਾ ਤੇ ਗੁਰਦਿਆਲ ਨਿਰਮਾਣ ਧੂਰੀ ਨੇ ਆਪੋ ਆਪਣੀਆਂ ਸਜਰੀਆਂ ਤੇ ਚੋਣਵੀਆਂ ਰਚਨਾਵਾਂ ਪੇਸ਼ ਕਰਕੇ ਖੂਬ ਰੰਗ ਬੰਨ੍ਹਿਆ। ਸਭਾ ਦੀ ਅਗਲੀ ਇਕੱਤਰਤਾ ਮਈ ਦੇ ਪਹਿਲੇ ਐਤਵਾਰ ਹੋਵੇਗੀ।

# ਸਰਕਾਰਾਂ ਕਾਰਪੋਰੇਟ ਪੱਖੀ ਹੋਣ ਦੀ ਬਜਾਏ ਲੋਕ-ਪੱਖੀ ਹੋਣ : ਜਗਰੂਪ



**ਬਾਘਾ ਪੁਰਾਣਾ :** ਕੁੱਲ ਹਿੰਦ ਕਿਸਾਨ ਸਭਾ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਏਟਕ) ਅਤੇ ਸਰਭ ਭਾਰਤ ਨੌਜਵਾਨ ਸਭਾ ਦੇ ਬੈਨਰ ਹੇਠ ਜ਼ਿਲ੍ਹਾ ਮੋਗਾ 'ਚ ਕਿਸਾਨਾਂ, ਮਜ਼ਦੂਰਾਂ ਤੇ ਨੌਜਵਾਨਾਂ ਦੀਆਂ ਪਿੰਡ ਵਾਰ ਕਾਨਫਰੰਸਾਂ ਦਾ ਸਿਲਸਿਲਾ ਜਾਰੀ ਹੈ। ਇਹ ਜਾਣਕਾਰੀ ਦਿੰਦਿਆਂ ਨੌਜਵਾਨ ਆਗੂ ਗੁਰਦਿੱਤ ਸਿੰਘ ਦੀਨਾ ਸਾਹਿਬ ਨੇ ਦੱਸਿਆ ਕਿ ਸੋਮਵਾਰ ਕਿਸਾਨ ਲਹਿਰ ਪੱਖੋਂ ਇਤਿਹਾਸਕ ਮਹੱਤਵ ਵਾਲੇ ਪਿੰਡ ਮਾਣੂੰਕੇ ਵਿਖੇ ਕਿਸਾਨ ਕਾਨਫਰੰਸ ਕੀਤੀ ਗਈ। ਕਾਨਫਰੰਸ ਦੀ ਪ੍ਰਧਾਨਗੀ ਪਿੰਡ ਦੇ ਸਤਿਕਾਰਤ ਕਿਸਾਨ ਆਗੂ ਬੁੱਗਰ ਸਿੰਘ ਮਾਣੂੰਕੇ ਨੇ ਕੀਤੀ। ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ ਕਾਨਫਰੰਸ ਨੂੰ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾ ਮੀਂਹ ਕਾਰਨ ਕਣਕ, ਸਬਜ਼ੀਆਂ, ਨਵੀਂਆਂ ਬੀਜੀਆਂ ਮੂੰਗੀ, ਮੱਕੀ ਆਦਿ ਫਸਲਾਂ ਦੇ ਹੋਏ ਉਜਾੜੇ ਦਾ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਜੇ ਸਰਕਾਰਾਂ ਕਾਰਪੋਰੇਟ ਪੱਖੀ ਹੋਣ ਦੀ ਬਜਾਏ ਲੋਕ-ਪੱਖੀ ਹੁੰਦੀਆਂ ਤਾਂ ਕਿਸਾਨਾਂ ਨੂੰ ਫਸਲਾਂ ਦੇ ਉਜਾੜੇ ਕਾਰਨ ਹੁੰਦੇ ਦਰਦ ਨੂੰ ਘੱਟ ਕੀਤਾ ਜਾ ਸਕਦਾ ਸੀ । ਜੇ ਸਰਕਾਰਾਂ ਲੋਕ-ਪੱਖੀ ਹੁੰਦੀਆਂ ਤਾਂ ਸਾਲਾਂ ਪਹਿਲਾਂ ਫਸਲਾਂ ਦੇ ਉਜਾੜੇ ਦੀ ਭਰਪਾਈ ਲਈ ਪੱਕਾ ਕਾਨੂੰਨ ਬਣਾਇਆ ਜਾ ਸਕਦਾ ਸੀ, ਜਿਸ ਰਾਹੀਂ ਕਿਸਾਨ ਨੂੰ ਮਜ਼ਦੂਰਾਂ ਸਮੇਤ ਫੌਰੀ ਤੌਰ 'ਤੇ ਘਰ ਬੈਠਿਆਂ ਨੂੰ ਸੌ ਪ੍ਰਤੀਸ਼ਤ ਭਰਪਾਈ ਦੀ ਗਰੰਟੀ ਕੀਤੀ ਗਈ ਹੁੰਦੀ। ਸਰਕਾਰਾਂ ਵੱਲੋਂ ਯੋਜਨਾਬੰਦੀ ਕਰਨ 'ਚ ਫੇਲ੍ਹ ਹੋਣ ਦਾ ਹੀ ਸਿੱਟਾ ਹੈ ਕਿ ਪੰਜਾਬ ਵਿੱਚ ਇੱਕ ਪਾਸੇ ਬੰਜਰ ਹੋ ਜਾਣ ਦਾ ਖਤਰਾ ਮੰਡਰਾ ਰਿਹਾ ਹੈ ਤਾਂ ਦੂਸਰੇ ਪਾਸੇ ਬੇਮੁਹਾਰੇ ਪਾਣੀ ਨਾਲ ਫਸਲਾਂ, ਸਬਜ਼ੀਆਂ ਆਦਿ ਦਾ ਉਜਾੜਾ ਹੋ ਰਿਹਾ ਹੈ। ਉਨ੍ਹਾ ਪੰਜਾਬ ਸਰਕਾਰ ਤੋਂ ਫਸਲਾਂ ਦੇ ਹੋਏ ਉਜਾੜੇ ਲਈ ਢੁਕਵਾਂ ਮੁਆਵਜ਼ਾ ਦੇਣ ਦੀ ਮੰਗ ਕਰਦਿਆਂ ਅੱਗੇ ਤੋਂ ਕੰਪਨੀਆਂ ਪੱਖੀ ਬੀਮਾ ਨੀਤੀ ਖਤਮ ਕਰਕੇ ਕਿਸਾਨ ਪੱਖੀ ਬੀਮਾ ਪਾਲਸੀ ਬਣਾਉਣ ਤੇ ਫੌਰੀ ਲਾਗੂ ਦੀ ਮੰਗ ਵੀ ਕੀਤੀ।

ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਜਗਜੀਤ ਸਿੰਘ ਨਿਹਾਲ ਸਿੰਘ ਵਾਲਾ ਤੇ ਕੁਲਦੀਪ ਸਿੰਘ ਭੋਲਾ ਨੇ ਕਿਹਾ ਕਿ ਕਿਸਾਨ ਅਤੇ ਖੇਤੀ ਕਿੱਤੇ ਨੂੰ ਬਚਾਉਣ ਲਈ ਪੰਜਾਬ ਨੂੰ ਪਾਣੀ ਖੁਣੋਂ ਬੰਜਰ ਹੋਣ ਤੋਂ ਬਚਾਉਣਾ ਅੱਜ ਦੀ ਅਣਸਰਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜਿਸ ਤੇਜ਼ੀ ਨਾਲ ਪਾਣੀ ਦਾ ਧਰਤੀ ਹੇਠਾਲਾ ਭੰਡਾਰ ਖਤਮ ਹੋ ਰਿਹਾ ਹੈ, ਜੇ ਇਹ ਭੰਡਾਰ ਖਤਮ ਹੋ ਗਿਆ ਤਾਂ ਅਸੀਂ ਕੇਂਦਰ ਸਰਕਾਰ ਦੇ ਕਾਲੇ ਕਨੂੰਨਾਂ ਵਾਲੇ ਹਮਲੇ ਨੂੰ ਪਛਾੜ ਦੇਣ ਦੇ ਬਾਵਜੂਦ ਹਾਰ ਜਾਂਵਾਂਗੇ। ਪਾਣੀ ਦੇ ਖਾਤਮੇ ਵਾਲਾ ਹਮਲਾ ਕਾਰਪੋਰੇਟਾਂ ਦੇ ਹਮਲੇ ਤੋਂ ਵੀ ਵੱਡਾ ਹਮਲਾ ਹੋ ਗੁਜ਼ਰੇਗਾ। ਉਨ੍ਹਾਂ ਲੋਕਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਸਰਕਾਰ ਪੰਜਾਬ ਦੇ ਦਰਿਆਵਾਂ ਨੂੰ ਵਾਟਰ ਬੈਂਕ (ਪਾਣੀ ਦਾ ਭੰਡਾਰੀਕਰਨ) ਵਜੋਂ ਸਥਾਪਤ ਕਰੇ)। ਇਸ ਮੌਕੇ ਇਪਟਾ ਮੋਗਾ ਵੱਲੋਂ ਵਿੱਕੀ ਮਹੇਸ਼ਰੀ ਦੀ ਨਿਰਦੇਸ਼ਨਾ ਹੇਠ ਡਾ. ਦਵਿੰਦਰ ਦਮਨ ਦਾ ਲਿਖਿਆ, ਸ਼ਹੀਦ ਭਗਤ ਸਿੰਘ ਦੇ ਜੇਲ੍ਹ ਜੀਵਨ ਨੂੰ ਦਰਸਾਉਂਦਾ ਨਾਟਕ 'ਛਿਪਣ ਤੋਂ ਪਹਿਲਾਂ' ਖੇਡਿਆ ਗਿਆ। ਕਾਨਫਰੰਸ ਨੂੰ ਇਲਾਕਾ ਆਗੂ ਗੁਰਮੀਤ ਸਿੰਘ ਵਾਂਦਰ, ਸਿਕੰਦਰ ਸਿੰਘ ਮਧੇਕੇ, ਜਗਸੀਰ ਸਿੰਘ ਧੂੜਕੋਟ, ਸੁਰਜੀਤ ਸਿੰਘ ਸੀਤਾ ਮਾਣੂੰਕੇ, ਕੇਵਲ ਸਿੰਘ ਰਾਊਕੇ ਤੇ ਅਮਰਜੀਤ ਸਿੰਘ ਮਾਣੂੰਕੇ ਆਦਿ ਨੇ ਵੀ ਸੰਬੋਧਨ ਕੀਤਾ।

# 'ਇੱਕ ਰੈਂਕ ਇੱਕ ਪੈਨਸ਼ਨ' ਖਿਲਾਫ ਸੰਘਰਸ਼ ਦਾ ਬਿਗਲ ਵਜਾਇਆ




ਜਾਣਕਾਰੀ ਦਿੰਦੇ ਹੋਏ ਸਾਬਕਾ ਸੈਨਿਕ ਵਿੰਗ ਦੇ ਆਗੂ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਾਬਕਾ ਸੈਨਿਕ ਵਿੰਗ ਸੰਘਰਸ਼ ਕਮੇਟੀ ਪਾਤੜਾਂ ਦੇ ਪ੍ਰਧਾਨ ਸਤਪਾਲ ਸਿੰਘ ਜੋਗੇਵਾਲ ਦੀ ਅਗਵਾਈ 'ਚ ਕੇਂਦਰ ਸਰਕਾਰ ਵਲੋਂ ਸਾਬਕਾ ਸੈਨਿਕਾਂ ਲਈ ਲਾਗੂ ਕੀਤਾ ਗਿਆ ਵਨ ਰੈਂਕ ਵਨ ਪੈਨਸ਼ਨ ਦਸੰਬਰ 2022 ਦੇ ਖਿਲਾਫ ਸੰਘਰਸ਼ ਦਾ ਬਿਗਲ ਵਜਾਉਂਦਿਆਂ ਇਸ ਨੂੰ ਮੁੱਢੋਂ ਰੱਦ ਕਰਦਿਆਂ ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਮੀਟਿੰਗ ਕੀਤੀ ਗਈ। ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਫੌਜੀ ਸੁਰਜੀਤ ਸਿੰਘ ਜੋਗੇਵਾਲ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਓ ਆਰ ਤੇ ਜੇ ਸੀ ਓ ਰੈਂਕ ਨਾਲ ਬੇਇਨਸਾਫ਼ੀ ਅਤੇ ਧੱਕਾ ਕਰਦਿਆਂ ਵਨ ਰੈਂਕ ਵਨ ਪੈਨਸ਼ਨ ਦੀ ਤਨਖਾਹ ਫਿਕਸ ਕਰਦਿਆਂ ਅਫਸਰ ਨੂੰ 2.81 ਦਿੱਤੀ ਗਈ, ਜਦਕਿ ਬਾਕੀ ਓਆਰ ਦੀ ਦੋ 2.57 ਕਰ ਦਿੱਤੀ ਗਈ ਜੋ ਕਿ ਬੇਇਨਸਾਫ਼ੀ ਹੈ। ਉਨ੍ਹਾਂ ਦੱਸਿਆ ਕਿ ਮਾਣਯੋਗ ਸੁਪਰੀਮ ਕੋਰਟ ਵੱਲੋਂ ਦਿੱਤੇ ਗਏ ਆਦੇਸ਼ ਮਿਲਟਰੀ ਸਰਵਿਸ ਪੇਅ ਦੀਆਂ ਕੇਂਦਰ ਸਰਕਾਰ ਵੱਲੋਂ ਧੱਜੀਆਂ ਉਡਾਉਂਦਿਆਂ ਆਪਣੀ ਮਨ ਮਰਜ਼ੀ ਦਾ ਫੈਸਲਾ ਓ ਆਰ ਉੱਪਰ ਲਾਗੂ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਵਿਧਵਾ ਪੈਨਸ਼ਨ 'ਚ ਓ ਆਰ ਨਾਲ ਧੱਕਾ ਕਰਦਿਆਂ ਓ ਆਰ ਦੀ ਵਿਧਵਾ ਨੂੰ 16000 ਰੁਪਏ, ਜਦ ਕਿ ਅਫਸਰ ਰੈਂਕ ਦੀ ਵਿਧਵਾ ਨੂੰ 88009 ਰੁਪਏ ਦੇ ਕੇ ਵੱਡਾ ਫਰਕ ਰੱਖਿਆ ਗਿਆ ਹੈ। ਇਸ ਮੌਕੇ ਸੂਬੇਦਾਰ ਨਿਰੰਗ ਸਿੰਘ, ਮੌਹਰ ਸਿੰਘ ਜਿਉਣਪੁਰਾ, ਸੰਤੋਖ ਸਿੰਘ, ਹਰਬੰਸ ਸਿੰਘ ਖਾਲਸਾ, ਭੁਪਿੰਦਰ ਸਿੰਘ ਭੂਡਥੇਹ, ਸੁਖਵਿੰਦਰ ਸਿੰਘ ਸ਼ੁਤਰਾਣਾ, ਸੂਬੇਦਾਰ ਸ਼ੇਰ ਸਿੰਘ ਸ਼ੁਤਰਾਣਾ, ਸੂਬੇਦਾਰ ਅਮਰਜੀਤ ਸਿੰਘ ਘੱਗਾ, ਸੂਬੇਦਾਰ ਈਸ਼ਰ ਸਿੰਘ ਬਣਵਾਲਾ, ਹੌਲਦਾਰ ਨਿਰਪੰਦਰ ਸਿੰਘ ਘੱਗਾ ਆਦਿ ਪ੍ਰਮੁੱਖ ਤੌਰ 'ਤੇ ਹਾਜ਼ਰ ਸਨ।

# ਜਥੇਦਾਰ ਟੌਹੜਾ ਦੀ ਬਰਸੀ ਮੌਕੇ ਬੰਦੀ ਸਿੰਘਾਂ ਦੀ ਰਿਹਾਈ ਦਾ ਮਤਾ ਪਾਸ

## ਸਿੱਖ ਜਥੇਬੰਦੀਆਂ ਦੀ ਮੌਜੂਦਾ ਲੀਡਰਸ਼ਿਪ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਭੁੱਲਾਂ ਬਖਸ਼ਾਵੇ : ਪੰਜੋਲੀ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ 19 ਵੀਂ ਬਰਸੀ ਮੌਕੇ ਉਨ੍ਹਾ ਦੇ ਜੱਦੀ ਪਿੰਡ ਟੌਹੜਾ ਵਿਖੇ ਪਹੁੰਚੀਆਂ ਵੱਖ-ਵੱਖ ਸ਼ਖ਼ਸੀਅਤਾਂ ਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਨੇ ਇੱਕ ਗੁਰਮਤਾ ਪੇਸ਼ ਕਰਦਿਆਂ ਕਿਹਾ ਕਿ ਖਾਲਸਾ ਪੰਥ ਦੀਆਂ ਨੁਮਾਇੰਦਾ ਜਥੇਬੰਦੀਆਂ ਦੀ ਮੌਜੂਦਾ ਲੀਡਰਸ਼ਿਪ ਪੰਥਕ ਸਿਧਾਂਤਾਂ ਤੇ ਰਵਾਇਤਾਂ ਤੋਂ ਪੂਰੀ ਤਰ੍ਹਾਂ ਥਿੜਕ ਗਈ ਹੈ, ਜਿਸ ਕਾਰਨ 8 ਸਾਲ ਬੀਤ ਜਾਣ 'ਤੇ ਵੀ ਬੇਅਦਬੀ ਮਾਮਲੇ 'ਚ ਇਨਸਾਫ ਨਹੀਂ ਮਿਲ ਸਕਿਆ ਤੇ ਹਾਲਾਤ ਇਹ ਬਣ ਗਏ ਕਿ ਮੌਜੂਦਾ ਹੁਕਮਰਾਨ ਸਿੱਖ ਕੌਮ ਦੇ ਸਰਬਉੱਚ ਸਥਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਅਪਮਾਨ ਕਰਨ ਤੱਕ ਪਹੁੰਚ ਗਏ। ਉਨ੍ਹਾ ਸਿੱਖ ਪੰਥ ਦੀ ਨੁਮਾਇੰਦਾ ਜਥੇਬੰਦੀਆਂ ਦੀ ਮੌਜੂਦਾ ਲੀਡਰਸ਼ਿਪ ਨੂੰ ਅਪੀਲ ਕੀਤੀ ਕਿ ਉਹ ਅਕਾਲ ਤਖਤ ਸਾਹਿਬ ਉੱਤੇ ਪੇਸ਼ ਹੋ ਕੇ ਬੀਤੇ ਸਮੇਂ ਦੌਰਾਨ ਹੋਈਆਂ ਗਲਤੀਆਂ ਦੀ ਖਿਮਾਂ ਮੰਗਣ ਤੇ ਸਮੂਹ ਸਿੱਖ ਸੰਸਥਾਵਾਂ, ਪੰਥਕ ਜਥੇਬੰਦੀਆਂ, ਸੰਪਰਦਾਵਾਂ ਤੇ ਸਿਆਸੀ ਧਿਰਾਂ ਸਿੱਖਾਂ ਨੂੰ ਨਵੀਂ ਲੀਡਰਸ਼ਿਪ ਦੇਣ ਲਈ ਇੱਕ ਸਾਂਝਾ ਪੰਥਕ ਇਕੱਠ ਸੱਦਣ ਲਈ ਅੱਗੇ ਆਉਣ। ਇਸ ਮੌਕੇ ਹਾਜ਼ਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਦਿਲਮੇਘ ਸਿੰਘ, ਸੀਨੀਅਰ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ, ਅਕਾਲੀ ਆਗੂ ਜਗਦੀਪ ਸਿੰਘ ਚੀਮਾ, ਹਰਮੇਲ ਸਿੰਘ ਟੌਹੜਾ, ਆਪ ਵਿਧਾਇਕ ਦੇਵ ਮਾਨ, ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ, ਭਾਜਪਾ ਦੇ ਰਾਸ਼ਟਰੀ ਆਗੂ ਗਜਿੰਦਰ ਸਿੰਘ ਸ਼ੇਖਾਵਤ, ਸ਼੍ਰੋਮਣੀ ਕਮੇਟੀ ਦੇ ਸਾਬਕਾ ਐਕਟਿੰਗ ਪ੍ਰਧਾਨ ਸੁਖਦੇਵ ਸਿੰਘ ਭੌਰ, ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ, ਸਾਬਕਾ ਵਿਧਾਇਕ ਜਸਟਿਸ ਨਿਰਮਲ ਸਿੰਘ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਹਰਿੰਦਰਪਾਲ ਸਿੰਘ ਟੌਹੜਾ, ਕੰਵਰਬੀਰ ਸਿੰਘ ਟੌਹੜਾ ਤੇ ਜੱਸਾ ਸਿੰਘ ਆਹਲੂਵਾਲੀਆ ਸਮੇਤ ਵੱਡੀ ਗਿਣਤੀ 'ਚ ਆਗੂਆਂ ਨੇ ਪੰਥ ਰਤਨ ਗੁਰਚਰਨ ਸਿੰਘ ਟੌਹੜਾ ਵੱਲੋਂ ਪਾਏ ਗਏ ਵੱਡਮੁੱਲੇ ਯੋਗਦਾਨ ਨੂੰ ਯਾਦ ਕੀਤਾ। ਇਸ ਮੌਕੇ ਕਰਨੈਲ ਸਿੰਘ ਪੰਜੋਲੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਮਤਾ ਪਾਸ ਕਰਦੇ ਹੋਏ ਐੱਨ.ਐੱਸ.ਏ. ਤਹਿਤ ਬੀਤੇ ਦਿਨੀਂ ਜੇਲ੍ਹਾਂ 'ਚ ਬੰਦ ਕੀਤੇ ਗਏ ਸਿੱਖ ਨੌਜਵਾਨਾਂ ਨੂੰ ਤੁਰੰਤ ਰਿਹਾਅ ਕੀਤੇ ਜਾਣ ਦੀ ਮੰਗ ਕੀਤੀ ਗਈ।

# ਕਟਾਰੀਆ ਨੇ ਪ੍ਰੈੱਸ ਕਲੱਬ ਦੇ ਵਿਕਾਸ ਲਈ ਪੱਤਰਕਾਰਾਂ ਨਾਲ ਕੀਤੀ ਵਿਚਾਰ-ਚਰਚਾ



**ਜ਼ੀਰਾ (ਨਰਿੰਦਰ ਅਨੇਜਾ)**-ਹਲਕਾ ਜ਼ੀਰਾ ਤੋਂ ਆਮ ਆਦਮੀ ਪਾਰਟੀ ਦੇ ਐੱਮ.ਐੱਲ.ਏ ਨਰੇਸ਼ ਕਟਾਰੀਆ ਨੇ ਪ੍ਰੈੱਸ ਕਲੱਬ ਜ਼ੀਰਾ ਵਿਖੇ ਵੱਖ-ਵੱਖ ਅਖ਼ਬਾਰਾਂ ਤੇ ਚੈਨਲਾਂ ਦੇ ਪੱਤਰਕਾਰਾਂ ਨਾਲ ਵਿਸ਼ੇਸ਼ ਮੀਟਿੰਗ ਕਰਕੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਪ੍ਰੈੱਸ ਕਲੱਬ ਜ਼ੀਰਾ ਦੇ ਸਰਪ੍ਰਸਤ ਕੇ.ਕੇ. ਗੁਪਤਾ, ਪ੍ਰਧਾਨ ਰਾਜੇਸ਼ ਢੰਡ, ਨਰਿੰਦਰ ਅਨੇਜਾ ਚੇਅਰਮੈਨ ਦੀਪਕ ਭਾਰਗੋ ਤੇ ਸਮੂਹ ਮੈਂਬਰ ਪੱਤਰਕਾਰਾਂ ਵੱਲੋਂ ਇਲਾਕੇ ਸੀਵਰੇਜ ਸਮੱਸਿਆ ਦੇ ਹੱਲ ਲਈ ਟ੍ਰੈਫਿਕ ਦੀ ਸਮੱਸਿਆ, ਸਟਰੀਟ ਲਾਈਟਾਂ ਅਤੇ ਬੱਸ ਅੱਡੇ ਵਿੱਚ ਬਾਰਸ਼ ਦਾ ਪਾਣੀ ਖੜਾ ਹੋ ਜਾਣਾ ਟੁੱਟੀਆਂ ਸੜਕਾਂ ਦੀ ਰਿਪੇਅਰ ਕਰਵਾਉਣਾ ਸ਼ਹਿਰ ਵਿੱਚੋਂ ਚਹੁੱਪਖੀ ਵਿਕਾਸ ਲਈ ਐੱਮ.ਐੱਲ.ਏ. ਨਰੇਸ਼ ਕਟਾਰੀਆ ਅੱਗੇ ਮੰਗਾਂ ਰੱਖੀਆਂ, ਜਿਸ 'ਤੇ ਐੱਮ.ਐੱਲ.ਏ. ਕਟਾਰੀਆ ਨੇ ਵਿਸ਼ਵਾਸ ਦਿਵਾਇਆ ਕਿ ਜਲਦ ਹੀ ਇਨ੍ਹਾਂ ਸਮੱਸਿਆਵਾਂ ਨੂੰ ਲੈ ਕੇ ਵੱਖ-ਵੱਖ ਵਿਭਾਗਾਂ ਨਾਲ ਮੀਟਿੰਗ ਕਰਕੇ ਜਲਦ ਹੀ ਹੱਲ ਕੀਤੀਆਂ ਜਾਣਗੀਆਂ। ਇਸ ਮੌਕੇ ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਆਪਣੇ ਇੱਕ ਸਾਲ ਦੇ ਕਾਰਜਕਾਲ ਦੌਰਾਨ ਨੌਕਰੀਆਂ, ਮੁਫ਼ਤ ਬਿਜਲੀ ਸਪਲਾਈ, ਸਿਹਤ ਸਹੂਲਤਾਂ ਸੰਬੰਧੀ ਸੁਧਾਰਾਂ ਤੋਂ ਇਲਾਵਾ ਹੋਰ ਲੋਕ ਹਿੱਤ ਫੈਸਲਿਆਂ ਬਾਰੇ ਗੱਲਬਾਤ ਕੀਤੀ ਗਈ।

## ਪਾਥਵੇਜ਼ ਗਲੋਬਲ ਸਕੂਲ 'ਚ ਭਗਵਾਨ ਮਹਾਂਵੀਰ ਦਾ ਜਨਮ ਦਿਵਸ ਮਨਾਇਆ

**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ, ਜੋ ਇਲਾਕੇ ਦਾ ਨਾਮਵਾਰ ਆਈ ਸੀ ਐੱਸ ਈ ਦਿੱਲੀ ਬੋਰਡ ਤੋਂ ਮਾਨਤਾ ਪ੍ਰਾਪਤ ਸਕੂਲ ਹੈ ਅਤੇ ਆਪਣੇ ਬੱਚਿਆਂ ਨੂੰ ਵਰਲਡ ਕਲਾਸ ਦੀ ਐਜੂਕੇਸ਼ਨ ਦੇ ਰਿਹਾ ਹੈ, ਵਿਖੇ ਅੱਜ ਭਗਵਾਨ ਮਹਾਂਵੀਰ ਦਾ ਜਨਮ ਦਿਹਾੜਾ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਪਾਥਵੇਜ਼ ਗਲੋਬਲ ਸਕੂਲ ਵਿਖੇ ਅੱਜ ਇੱਕ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ ਗਿਆ, ਜਿੱਥੇ ਵਿਦਿਆਰਥੀਆਂ ਨੇ ਭਗਵਾਨ ਮਹਾਂਵੀਰ ਦੇ ਉੱਤਮ ਜੀਵਨ ਤੇ ਸਿੱਖਿਆਵਾਂ ਬਾਰੇ ਜਾਣਿਆ। ਨੌਜਵਾਨਾਂ ਦੇ ਪ੍ਰਭਾਵਸ਼ਾਲੀ ਮਨਾਂ ਨੂੰ ਨੇਕ ਤੇ ਸਦਾਚਾਰਕ ਜੀਵਨ ਬਾਰੇ ਸੇਧ ਦਿੱਤੀ ਗਈ। ਵਿਦਿਆਰਥੀਆਂ ਵੱਲੋਂ ਪਵਿੱਤਰ ਸੰਦੇਸ਼ ਦੇਣ ਲਈ ਇੱਕ ਨਾਟਕ ਪੇਸ਼ ਕੀਤਾ ਗਿਆ ਤੇ ਭਾਸ਼ਣ ਦਿੱਤਾ ਗਿਆ। ਇਸ ਮੌਕੇ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਬੀ ਐੱਲ ਵਰਮਾ, ਡੀਨ ਮੈਡਮ ਪਰਮਿੰਦਰ ਤੂਰ, ਸਕੂਲ ਦੇ ਕਮੇਟੀ ਮੈਂਬਰ ਚੇਅਰਮੈਨ ਸ. ਸੁਰਜੀਤ ਸਿੰਘ ਸਿੱਧੂ, ਪ੍ਰੈਜ਼ੀਡੈਂਟ ਡਾ. ਅਨਿਲਜੀਤ ਕੰਬੋਜ਼, ਵਾਈਸ ਚੇਅਰਮੈਨ ਸ. ਅਵਤਾਰ ਸਿੰਘ ਸੋਧ ਨੇ ਵਿਦਿਆਰਥੀਆਂ ਨੂੰ ਭਗਵਾਨ ਮਹਾਂਵੀਰ ਦੇ ਜਨਮ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ।



# ਨਰੇਗਾ ਮਜ਼ਦੂਰਾਂ ਵੱਲੋਂ ਮੰਗਾਂ ਨੂੰ ਲੈ ਕੇ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਨਰੇਗਾ ਮਜ਼ਦੂਰਾਂ ਦੀ ਮੀਟਿੰਗ ਪਿੰਡ ਬਾਮ ਵਿਖੇ ਸਾਬਕਾ ਸਰਪੰਚ ਗੁਰਤੇਜ ਸਿੰਘ ਬਾਮ ਦੀ ਅਗਵਾਈ ਹੇਠ ਹੋਈ। ਇਸ ਮੌਕੇ ਵੱਡੀ ਗਿਣਤੀ 'ਚ ਨਰੇਗਾ ਮਜ਼ਦੂਰ ਹਾਜ਼ਰ ਹੋਏ। ਇਸ ਮੌਕੇ ਨਰੇਗਾ ਮਜ਼ਦੂਰਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਨਰੇਗਾ ਦੇ ਕੇਂਦਰੀ ਬਜਟ ਵਿੱਚ ਦੇਸ਼ ਦੇ ਕੁੱਲ ਰਜਿਸਟਰਡ ਕਾਮਿਆਂ ਨੇ 100 ਦਿਨ ਕੰਮ ਦੇ ਪੈਸੇ ਰੱਖ ਕੇ 100 ਦਿਨ ਦੇ ਕੰਮ ਦੀ ਗਾਰੰਟੀ ਕੀਤੀ ਜਾਵੇ, ਮੌਜੂਦਾ ਬਜਟ ਨੂੰ ਘੱਟੋ ਘੱਟ ਤਿੰਨ ਗੁਣਾ ਵਧਾਇਆ ਜਾਵੇ, ਕਰੋਨਾ ਕਾਲ ਕਾਰਨ ਵਧੀ ਬੇਰੁਜ਼ਗਾਰੀ ਨੂੰ ਮੁੱਖ ਰੱਖ ਕੇ ਤੇ ਵਧ ਰਹੇ ਮਸ਼ੀਨੀਕਰਨ ਕਾਰਨ ਨਰੇਗਾ ਨੂੰ ਮਜ਼ਬੂਤ ਕੀਤਾ ਜਾਵੇ, ਨਰੇਗਾ ਕਾਮਿਆਂ ਦੀ ਦਿਹਾੜੀ ਵਧ ਰਹੀ ਮਹਿੰਗਾਈ ਨੂੰ ਮੱਦੇਨਜ਼ਰ ਰੱਖਦਿਆਂ 700 ਰੁਪਏ ਕੀਤੀ ਜਾਵੇ, ਨਰੇਗਾ ਕੰਮ ਦੇ ਦਿਨਾਂ ਦੀ ਗਿਣਤੀ ਇੱਕ ਸਾਲ ਵਿਚ 200 ਦਿਨ ਕੀਤੀ ਜਾਵੇ, ਨਰੇਗਾ ਕਾਮਿਆਂ ਲਈ ਈਐੱਸਆਈ ਸਕੀਮ ਲਾਗੂ ਕੀਤੀ ਜਾਵੇ, ਨਰੇਗਾ ਕਾਮਿਆਂ ਨਾਲ ਕੰਮ ਕਰਦੇ ਸਮੇਂ ਹਾਦਸੇ ਦੌਰਾਨ ਫਟਣ ਹੋਣ 'ਤੇ 25 ਹਜ਼ਾਰ ਰੁਪਏ ਤੇ ਮੌਤ ਹੋ ਜਾਣ 'ਤੇ 5 ਲੱਖ ਰੁਪਏ ਐਕਸਗ੍ਰੇਸ਼ੀਆ ਗ੍ਰਾਂਟ ਦਿੱਤੀ ਜਾਵੇ, ਨਰੇਗਾ ਕਾਮਿਆਂ ਨੂੰ ਲੋੜੀਂਦੇ ਸੰਦ ਮੁਹੱਈਆ ਕਰਵਾਏ ਜਾਣ, ਨਰੇਗਾ ਕਾਮਿਆਂ ਨੂੰ ਕੰਮ ਮੰਗਣ ਤੋਂ ਬਾਅਦ ਸਮੇਂ ਸਿਰ ਕੰਮ ਨਾ ਦਿੱਤੇ ਜਾਣ 'ਤੇ ਬੇਰੁਜ਼ਗਾਰੀ ਭੱਤਾ ਦੇਣਾ ਯਕੀਨੀ ਬਣਾਇਆ ਜਾਵੇ ਆਦਿ। ਇਸ ਮੌਕੇ ਬੋਹੜ ਸਿੰਘ, ਬਿੰਦਰ ਸਿੰਘ, ਹਰਜੀਤ ਸਿੰਘ, ਗੁਰਲਾਲ ਸਿੰਘ, ਬਿੰਦਰ ਸਿੰਘ, ਅਮਰਜੀਤ ਸਿੰਘ, ਮਨਦੀਪ ਕੌਰ, ਸੁਖਬੀਰ ਕੌਰ, ਹਰਜੀਤ, ਗੁਰਲਾਲ ਸਿੰਘ, ਮਨਪ੍ਰੀਤ ਕੌਰ ਆਦਿ ਹਾਜ਼ਰ ਸਨ।

# ਵਿਧਾਇਕ ਨੇ ਵਾਰਡ 1 ਤੇ 13 ਦੇ ਵਿਕਾਸ ਕਾਰਜਾਂ ਦੀ ਟੱਕ ਲਾ ਕੀਤੀ ਸ਼ੁਰੂਆਤ



**ਬਰੇਟਾ (ਗੋਬਿੰਦ ਸ਼ਰਮਾ)**-ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਵਾਰਡ ਨੰਬਰ 1 ਤੇ 13 ਦੇ ਵਿਕਾਸ ਕਾਰਜਾਂ ਟੱਕ ਲਗਾ ਕੇ ਸ਼ੁਰੂਆਤ ਕੀਤੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਾਰਡਾਂ ਵਿੱਚ ਲੰਮੇ ਸਮੇਂ ਤੋਂ ਕੰਮ ਨਹੀਂ ਹੋ ਰਿਹਾ ਸੀ ਤੇ ਸੀਵਰੇਜ ਦੀ ਸਹੂਲਤ ਨਾ ਹੋਣ ਕਾਰਨ ਤੇ ਗਲੀਆਂ ਕੱਚੀਆਂ ਹੋਣ ਕਾਰਨ ਲੋਕ ਪ੍ਰੇਸ਼ਾਨ ਸਨ। ਉਨ੍ਹਾਂ ਦੱਸਿਆ ਕਿ 5.83 ਕਰੋੜ ਦੀ ਲਾਗਤ ਨਾਲ ਵਧੀਆ ਕੰਮ ਕੀਤਾ ਜਾਵੇਗਾ। ਹਲਕਾ ਵਿਧਾਇਕ ਨੇ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਸਖਤ ਤਾੜਨਾ ਕਰਦਿਆਂ ਕਿਹਾ ਕਿ ਇਹ ਸਾਰੇ ਕੰਮ ਕਮਿਸ਼ਨ ਤੋਂ ਰਹਿਤ ਹੋਣੇ ਚਾਹੀਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸੀਵਰੇਜ ਦੀ ਸਫਾਈ ਲਈ ਇੱਕ ਵਧੀਆ ਮਸ਼ੀਨ ਦੀ ਵੀ ਸਹੂਲਤ ਦਿੱਤੀ ਗਈ ਹੈ ਤਾਂ ਜੋ ਸੀਵਰੇਜ ਵਿੱਚ ਕੋਈ ਦਿੱਕਤ ਨਾ ਆਵੇ। ਇਸ ਤੋਂ ਇਲਾਵਾ ਵਾਟਰ ਵਰਕਸ ਬਰੇਟਾ ਲਈ ਇੱਕ ਵੱਡਾ ਵਾਟਰ ਸਟੋਰ ਟੈਂਕ ਤੇ ਇੱਕ ਟੈਂਕੀ ਬਣਾਈ ਜਾ ਰਹੀ ਹੈ ਤਾਂ ਜੋ ਬਰੇਟਾ ਦੇ ਲੋਕਾਂ ਨੂੰ ਸ਼ੁੱਧ ਪੀਣ ਵਾਲਾ ਪਾਣੀ ਪੂਰੀ ਮਾਤਰਾ ਵਿਚ ਮਿਲ ਸਕੇ। ਇਸ ਮੌਕੇ ਗਾਂਧੀ ਰਾਮ ਸਿੰਗਲਾ ਪ੍ਰਧਾਨ ਨਗਰ ਕੌਂਸਲ, ਪ੍ਰਕਾਸ਼ ਸਿੰਘ ਕੌਂਸਲਰ, ਦਰਸ਼ਨ ਸਿੰਘ ਕੌਂਸਲਰ, ਗੋਬਿੰਦ ਸ਼ਰਮਾ ਪ੍ਰਧਾਨ ਮੁਨੀਮ ਮੁਨਸੀ ਯੂਨੀਅਨ, ਸਰਪੰਚ ਸਰਬਜੀਤ ਕੌਰ, ਕੇਵਲ ਸ਼ਰਮਾ, ਪ੍ਰੀਤ ਕੁਮਾਰ ਪ੍ਰੀਤਾ, ਸੁਖਚਰਨ ਸਿੰਘ ਸੁੱਖਾ, ਤਾਰੀ ਕੁਲਰੀਆਂ, ਹਰਬੰਸ ਸਿੰਘ ਜੁਗਲਾਣ ਤੇ ਵਾਰਡ ਵਾਸੀ ਹਾਜ਼ਰ ਸਨ।

# ਮਨਰੇਗਾ ਉਜ਼ਰਤਾਂ 'ਚ ਵਾਧਾ ਊਠ ਦੇ ਮੂੰਹ 'ਚ ਜ਼ੀਰਾ ਦੇਣ ਸਮਾਨ : ਐਡਵੋਕੇਟ ਉੱਡਤ

## ਮਨਰੇਗਾ ਕਾਨੂੰਨ ਨੂੰ ਸਾਰਥਿਕ ਰੂਪ 'ਚ ਲਾਗੂ ਕਰੇ ਪੰਜਾਬ ਸਰਕਾਰ



**ਮਾਨਸਾ (ਮੁਨੀਸ਼ ਕੁਮਾਰ)**-ਅੱਤ ਦੀ ਮਹਿੰਗਾਈ ਵਿੱਚ ਬੇਤਹਾਸ਼ਾ ਆਰਥਿਕ ਦੁਰਗਤੀ ਵਿੱਚ ਆਪਣਾ ਜੀਵਨ ਬਸਰ ਕਰ ਰਹੇ ਮਨਰੇਗਾ ਮਜ਼ਦੂਰਾਂ ਦੀਆਂ ਉਜ਼ਰਤਾਂ ਵਿੱਚ ਸਰਕਾਰ ਵੱਲੋਂ ਕੀਤਾ ਵਾਧਾ ਨਾਕਾਫੀ ਤੇ ਨਿਗੂਣਾ ਹੈ ਤੇ ਊਠ ਦੇ ਮੂੰਹ ਵਿੱਚ ਜ਼ੀਰਾ ਦੇਣ ਸਮਾਨ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇੱਥੋਂ ਦੂਰ ਸਥਿਤ ਪਿੰਡ ਦੂਲੋਵਾਲ ਵਿਖੇ ਮਨਰੇਗਾ ਵਰਕਰਾਂ ਦੀ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਸੀਨੀਅਰ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕੀਤਾ। ਸੀ ਪੀ ਆਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਿਹਾ ਕਿ ਮਨਰੇਗਾ ਮਜ਼ਦੂਰ ਲੰਮੇ ਸਮੇਂ ਤੋਂ ਮੀਨੀਅਮ ਵੇਜ ਅਨੁਸਾਰ ਘੱਟੋ-ਘੱਟ ਉਜ਼ਰਤ ਲੈਣ ਲਈ ਸੰਘਰਸ਼ ਕਰ ਰਹੇ ਹਨ, ਪ੍ਰੰਤੂ ਸਮੇਂ ਦੇ ਹਾਕਮ ਕਿਰਤੀਆਂ ਨਾਲ ਮਜ਼ਾਕ ਕਰ ਰਹੇ ਹਨ, ਜਿਸ ਦਾ ਢੁੱਕਵਾਂ ਜਵਾਬ ਮਨਰੇਗਾ ਵਰਕਰ ਹਾਕਮਾਂ ਨੂੰ ਦੇਣਗੇ। ਐਡਵੋਕੇਟ ਉੱਡਤ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਮਨਰੇਗਾ ਸਕੀਮ ਨੂੰ ਸਾਰਥਿਕ ਢੰਗ ਨਾਲ ਲਾਗੂ ਕਰਕੇ ਮਨਰੇਗਾ ਵਰਕਰਾਂ ਨੂੰ ਰਾਹਤ ਦੇਵੇ ਤੇ ਮਨਰੇਗਾ ਮਜ਼ਦੂਰਾਂ ਦੀ ਉਜ਼ਰਤ ਘੱਟੋ-ਘੱਟ 700 ਰੁਪਏ ਪ੍ਰਤੀ ਦਿਨ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਬਲਦੇਵ ਸਿੰਘ ਦੂਲੋਵਾਲ, ਕਾਮਰੇਡ ਤੇਜਾ ਸਿੰਘ ਦੂਲੋਵਾਲ, ਕਾਮਰੇਡ ਰਾਜਾ ਸਿੰਘ ਦੂਲੋਵਾਲ, ਕਾਲਾ ਖਾਂ ਭੰਮੇ, ਗੁਰਜੰਟ ਕੋਟਧਰਮੂ, ਮਨਜੀਤ ਕੌਰ, ਵੀਰਪਾਲ ਕੌਰ ਆਦਿ ਹਾਜ਼ਰ ਸਨ।

## ...ਸ.ਫ਼ਾ 1 ਦੇ ਬਾਕੀ

### ਤੇਰੇ ਰੂਪ ...

ਤਾਂ ਉਨ੍ਹਾ ਨਿਜ਼ਾਮ ਬਦਲਣ ਦਾ ਭਾਵੁਕ ਹੋਕਾ ਦਿੱਤਾ ਸੀ ਸ਼ਾਹਕੋਟੀਆਂ ਨੂੰ। ਪੀ ਪੀ ਪੀ 27 ਮਾਰਚ 2011 ਨੂੰ ਸਥਾਪਤ ਕੀਤੀ ਗਈ ਸੀ। ਨਿਜ਼ਾਮ ਬਦਲ ਦੇਣ ਦੀ ਸੱਧਰ ਪੂਰੀ ਨਾ ਹੋ ਸਕੀ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪਲੇਟਫਾਰਮ ਤੋਂ। ਮਨਪ੍ਰੀਤ ਸਿੰਘ ਬਾਦਲ ਹੁਰਾਂ ਨੇ ਜਨਵਰੀ 2016 ਵਿੱਚ 'ਪੰਜਾਬ ਦੇ ਲੋਕਾਂ' ਦੀ ਪਾਰਟੀ ਦਾ ਕਾਂਗਰਸ ਵਿੱਚ ਰਲੇਵਾਂ ਕਰ ਦਿੱਤਾ।

ਜਦੋਂ ਉਹ ਤੀਜੀ ਵਾਰ ਸ਼ਾਹਕੋਟ ਆਏ ਤਾਂ ਉਹ ਕਾਂਗਰਸੀ ਸਨ। ਉਸ ਵੇਲੇ ਸ਼ਾਹਕੋਟ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦਾ ਵੇਲਾ ਸੀ। ਉਨ੍ਹਾ ਅਕਾਲੀ ਦਲ ਅਤੇ ਭਾਜਪਾ ਵਿਰੁੱਧ ਬੜਾ ਅਸਰਦਾਇਕ ਪ੍ਰਚਾਰ ਕੀਤਾ ਸੀ। ਸ਼ਾਹਕੋਟ ਦਾ ਕੋਈ ਬਸਰ ਉਨ੍ਹਾ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਦਾ ਪ੍ਰਭਾਵ ਕਬੂਲਣੋਂ ਨਾ ਰਹਿ ਸਕਿਆ।

ਸ਼ਾਹਕੋਟ ਵਿੱਚ ਚੌਥੀ ਫੇਰੀ ਵੇਲੇ ਵੀ ਮੌਕਾ ਜ਼ਿਮਨੀ ਚੋਣ ਦਾ ਹੈ। ਜਲੰਧਰ ਸੀਟ ਦੀ ਜ਼ਿਮਨੀ ਚੋਣ 10 ਮਈ ਨੂੰ ਹੋਣ ਜਾ ਰਹੀ ਹੈ। ਹੁਣ ਉਹ ਭਾਰਤੀ ਜਨਤਾ ਪਾਰਟੀ ਦੇ ਵੱਡੇ ਆਗੂ ਵਜੋਂ ਸ਼ਾਹਕੋਟ ਆਏ ਹਨ।

ਇਤਫਾਕ ਦੀ ਗੱਲ ਹੈ ਕਿ ਮਨਪ੍ਰੀਤ ਸਿੰਘ ਬਾਦਲ ਜਦੋਂ ਵੀ ਸ਼ਾਹਕੋਟ ਆਏ, ਹਰ ਵਾਰ ਸ਼ਾਹਕੋਟੀਆਂ ਨੇ ਉਨ੍ਹਾ ਨੂੰ ਸਿਆਸਤ ਦੇ ਵੱਖਰੇ ਰੰਗ ਵਿੱਚ ਹੀ ਵੇਖਿਆ।

### ਵਿਦੇਸ਼ਾਂ 'ਚ ਸਰਗਰਮ...

ਸਿੰਘ ਉਰਫ ਬਾਬਾ ਦੱਲਾ, ਸਤਵੀਰ ਸਿੰਘ ਵੜਿੰਗ ਉਰਫ ਸੈਮ, ਲਖਬੀਰ ਸਿੰਘ ਲੰਡਾ, ਅਰਸ਼ਦੀਪ ਸਿੰਘ ਉਰਫ ਡੱਲਾ, ਚਰਨਜੀਤ ਸਿੰਘ ਉਰਫ ਰਿੰਕੂ ਬੀਹਲਾ, ਰਾਮਦੀਪ ਸਿੰਘ ਉਰਫ ਰਮਨ ਜੱਜ (ਸਾਰੇ ਕੈਨੇਡਾ), ਗੌਰਵ ਪਟਿਆਲਾ ਉਰਫ ਲੱਕੀ ਪਟਿਆਲ ਅਰਮੀਨੀਆ, ਹੈਰੀ ਚੱਠਾ ਜਰਮਨੀ, ਰਮਨਜੀਤ ਸਿੰਘ ਉਰਫ ਰੋਮੀ ਹਾਂਗਕਾਂਗ, ਮਨਪ੍ਰੀਤ ਸਿੰਘ ਉਰਫ ਪੀਤਾ ਫਿਲੀਪੀਂਸ, ਗੁਰਜੰਟ ਸਿੰਘ ਜੰਟਾ ਆਸਟਰੇਲੀਆ, ਸੰਦੀਪ ਗਰੇਵਾਲ ਉਰਫ ਬਿੱਲਾ ਉਰਫ ਸੰਨੀ ਖਵਾਜਕੇ ਇੰਡੋਨੇਸ਼ੀਆ, ਸਚਿਨ ਥਾਪਨ ਅਜ਼ਰਬਾਈਜਾਨ ਤੇ ਰਾਜੇਸ਼ ਕੁਮਾਰ ਬ੍ਰਾਜ਼ੀਲ।

### ਸਵਾਂ ਨਦੀ ਨੇੜਿਓਂ ਪੋਕਲੇਨ...

ਟਿੱਪਰ ਡਰਾਈਵਰ ਟਿੱਪਰ ਨੂੰ ਲੈ ਕੇ ਭੱਜ ਗਿਆ, ਜਿਸ ਦਾ ਨੰਬਰ ਨੋਟ ਕਰ ਲਿਆ ਅਤੇ ਉਸ ਨੂੰ ਫੜਨ ਲਈ ਕਾਰਵਾਈ ਤੇਜ਼ ਕਰ ਦਿੱਤੀ ਗਈ ਹੈ, ਜਦੋਂ ਕਿ ਇਕ ਪੋਕਲੇਨ ਮਸ਼ੀਨ ਅਤੇ ਚਾਰ ਟਿੱਪਰ ਜ਼ਬਤ ਕਰ ਲਏ ਗਏ।

ਮੀਤ ਹੇਅਰ ਨੇ ਕਿਹਾ ਕਿ ਸੂਬਾ ਸਰਕਾਰ ਕਿਸੇ ਵੀ ਤਰ੍ਹਾਂ ਦੇ ਮਾਫੀਏ ਦੇ ਖਿਲਾਫ ਹੈ ਅਤੇ ਗੈਰ-ਕਾਨੂੰਨੀ ਕਾਰਵਾਈਆਂ ਨੂੰ ਕਿਸੇ ਵੀ ਕੀਮਤ ਉਤੇ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾ ਕਿਹਾ ਕਿ ਲੋਕਾਂ ਨੂੰ ਵਾਜਬ ਕੀਮਤਾਂ ਉਤੇ ਲੋੜੀਂਦਾ ਰੇਤਾ ਮੁਹੱਈਆ ਕਰਵਾਉਣ ਲਈ ਖਣਨ ਵਿਭਾਗ ਵੱਲੋਂ 32 ਜਨਤਕ ਖੱਡਾਂ ਤੋਂ 5.50 ਰੁਪਏ ਪ੍ਰਤੀ ਵਰਗ ਫੁੱਟ ਦੇ ਹਿਸਾਬ ਨਾਲ ਰੇਤਾ ਵੇਚਿਆ ਜਾ ਰਿਹਾ ਹੈ।

ਹੁਣ ਤੱਕ ਆਮ ਲੋਕ 5.05 ਲੱਖ ਮੀਟਰਿਕ ਟਨ ਸਸਤਾ ਰੇਤਾ ਖਰੀਦ ਚੁੱਕੇ ਹਨ, ਜਿਸ ਨਾਲ ਮਜ਼ਦੂਰਾਂ ਨੂੰ ਵੀ ਰੁਜ਼ਗਾਰ ਮਿਲਿਆ ਹੈ।

# ਟਰੈਕਟਰ ਟੋਚਨ ਤੇ ਟਰਾਲੀ ਬੈਕ ਮੁਕਾਬਲੇ ਸ਼ਾਨੋ-ਸ਼ੌਕਤ ਨਾਲ ਸੰਪੰਨ

## ਗੀਤਕਾਰ ਮਨਪ੍ਰੀਤ ਟਿਵਾਣਾ, ਪ੍ਰਧਾਨ ਛੀਨੀਵਾਲ ਸਮੇਤ ਵੱਖ-ਵੱਖ ਸ਼ਖ਼ਸੀਅਤਾਂ ਸਨਮਾਨਤ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਦਸਮੇਸ਼ ਯੂਥ ਕਲੱਬ ਮਹਿਲ ਕਲਾਂ (ਬਰਨਾਲਾ) ਵੱਲੋਂ ਪ੍ਰਵਾਸੀ ਭਾਰਤੀਆਂ ਸਮੂਹ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਪਹਿਲਾ ਟਰੈਕਟਰ ਟੋਚਨ ਤੇ ਟਰਾਲੀ ਬੈਕ ਮੁਕਾਬਲਾ ਅਨਾਜ ਮੰਡੀ ਮਹਿਲ ਕਲਾਂ ਵਿਖੇ ਕਰਵਾਇਆ ਗਿਆ। ਇਨ੍ਹਾਂ ਮੁਕਾਬਲਿਆਂ ਦਾ ਉਦਘਾਟਨ ਭਾਕਿਯੂ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ ਵੱਲੋਂ ਕੀਤਾ ਗਿਆ। ਪਹਿਲੇ ਦਿਨ ਹੋਏ ਟਰਾਲੀ ਬੈਕ ਮੁਕਾਬਲਿਆਂ 'ਚੋਂ ਹਰਜਿੰਦਰ ਸਿੰਘ ਪੰਜਗਰਾਈਆਂ, ਹਰਵੀਰ ਸਿੰਘ ਮੱਲ੍ਹਾ, ਕਮਲਪ੍ਰੀਤ ਸਿੰਘ ਧਾਲੀਵਾਲ, ਜੱਸੀ ਧੂਰੀ ਤੇ ਜੋਤੀ ਪੰਜਗਰਾਈਆਂ ਨੇ ਕ੍ਰਮਵਾਰ ਪਹਿਲਾ, ਦੂਜਾ, ਤੀਜਾ, ਚੌਥਾ ਤੇ ਪੰਜਵਾਂ ਸਥਾਨ ਪ੍ਰਾਪਤ ਕੀਤਾ। ਟਰਾਲੀ ਬੈਕ ਦੇ ਗਹਿਗੱਚ ਮੁਕਾਬਲੇ 'ਚੋਂ ਜਸ ਬਧੇਸ਼ਾ (ਮਨਜੀਤ ਮਾਨ) ਜੌਨਡੀਅਰ 5210 ਨੇ ਪਹਿਲਾ, ਜੱਗੀ ਗਲਵੱਟੀ (ਧਰਨਾਟ ਗਰੁੱਪ) ਨੇ ਦੂਜਾ, ਮਹਿਕ ਹੰਢਿਆਇਆ ਗਰੁੱਪ ਨੇ ਤੀਜਾ ਤੇ ਧਰਨਾਟ ਗਰੁੱਪ ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਥੇਬੰਦਕ ਸਕੱਤਰ ਰਿੰਕਾ ਕੁਤਬਾ ਬਾਹਮਣੀਆਂ, ਸਮਾਜ ਸੇਵੀ ਸਰਬਜੀਤ ਸਿੰਘ ਸ਼ੰਭੂ, ਲੋਕਲ ਗੁ: ਕਮੇਟੀ ਦੇ ਪ੍ਰਧਾਨ ਬਾਬਾ ਸ਼ੇਰ ਸਿੰਘ ਖਾਲਸਾ ਨੇ ਪ੍ਰਬੰਧਕਾਂ ਉਪਰਾਲੇ ਦੀ ਸ਼ਲਾਘਾ ਕੀਤੀ ਆਸ਼ੀਰਵਾਦ ਦਿੱਤਾ। ਇਸ ਮੌਕੇ ਪ੍ਰਸਿੱਧ ਪੰਜਾਬੀ ਗੀਤਕਾਰ ਮਨਪ੍ਰੀਤ ਸਿੰਘ ਟਿਵਾਣਾ, ਪ੍ਰਧਾਨ ਜਗਸੀਰ ਸਿੰਘ ਛੀਨੀਵਾਲ, ਜਨਰਲ ਸਕੱਤਰ ਮਲਕੀਤ ਸਿੰਘ ਈਨਾ, ਡੀ.ਐਸ.ਪੀ. ਗਮਦੂਰ ਸਿੰਘ ਚਹਿਲ, ਐਸ.ਐਚ.ਓ. ਕਮਲਜੀਤ ਸਿੰਘ ਗਿੱਲ, ਨੌਜਵਾਨ ਆਗੂ ਰਛਪਾਲ ਸਿੰਘ ਮਹਿਲ ਕਲਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਦੀਪ ਸਿੰਘ ਟਿਵਾਣਾ, ਪਰਮਜੀਤ ਸਿੰਘ ਨੰਬਰਦਾਰ, ਸਰਬਜੀਤ ਸਿੰਘ ਸਰਬੀ, ਹਰੀ ਸਿੰਘ ਕਟੈਹਰੀਆ, ਗੁਰਦੀਪ ਸਿੰਘ ਸੋਢਾ, ਅਰਸ਼ਦੀਪ ਸਿੰਘ ਢੀਂਡਸਾ, ਹਰਮਨਜੀਤ ਸਿੰਘ ਬੰਟੀ ਆਦਿ ਹਾਜ਼ਰ ਸਨ। ਇਨ੍ਹਾਂ ਮੁਕਾਬਲਿਆਂ ਦੀ ਕੁਮੈਂਟਰੀ ਲੱਖਾ ਖਿਆਲੀ ਤੇ ਹਰਮਨ ਜੋਗਾ ਮਹਿਲ ਕਲਾਂ ਵੱਲੋਂ ਬਾਖੂਬੀ ਕੀਤੀ ਗਈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

4-April-PAGE-3.qxd 4/3/2023 10:44 PM Page 1



# ਗ਼ਦਰੀ ਬਾਬਾ ਭਗਤ ਸਿੰਘ ਬਿਲਗਾ ਦਾ ਜਨਮ ਦਿਨ ਮਨਾਇਆ

**ਬਿਲਗਾ (ਨਵਾਂ ਜ਼ਮਾਨਾ ਸਰਵਿਸ)**

ਉੱਘੇ ਦੇਸ਼ ਭਗਤ ਗ਼ਦਰੀ ਬਾਬਾ ਕਾਮਰੇਡ ਭਗਤ ਸਿੰਘ ਬਿਲਗਾ ਦੇ 116ਵੇਂ ਜਨਮ ਦਿਨ 'ਤੇ ਉਨ੍ਹਾਂ ਦੀ ਯਾਦ ਵਿਚ ਗ਼ਦਰੀ ਬਾਬਾ ਕਾ. ਭਗਤ ਸਿੰਘ ਬਿਲਗਾ ਯਾਦਗਾਰ ਹਾਲ ਬਿਲਗਾ ਵਿਖੇ ਸਮਾਗਮ ਕਰਵਾਇਆ ਗਿਆ। ਸਮਾਗਮ ਦੇ ਅਰੰਭ ਵਿਚ ਇੰਡੀਅਨ ਵਰਕਰਜ਼ ਐਸੋਸੀਏਸ਼ਨ ਬਰਮਿੰਘਮ ਦੇ ਪ੍ਰਧਾਨ ਕਾ. ਜਸਬੀਰ ਸਿੰਘ ਸ਼ੀਰਾ ਜੌਹਲ ਨੇ



ਯਾਦਗਾਰ ਹਾਲ 'ਤੇ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਅਤੇ ਆਪਣੇ ਵਿਚਾਰ ਪ੍ਰਗਟਾਉਂਦਿਆ ਬਾਬਾ ਜੀ ਦੇ ਸੰਗਰਾਮੀ ਜੀਵਨ 'ਤੇ ਰੌਸ਼ਨੀ ਪਾਈ। ਸਮਾਗਮ ਦੇ ਆਰੰਭ ਵਿੱਚ ਬਾਬਾ ਬਿਲਗਾ ਜੀ ਦੇ ਛੋਟੇ ਸਪੁੱਤਰ ਕਾ. ਗੁਰਪ੍ਰੇਮ ਸਿੰਘ ਸੰਘੇੜਾ ਜੋ ਪਿਛਲੇ ਦਿਨੀ ਸਦੀਵੀਂ ਵਿਛੋੜਾ ਦੇ ਗਏ ਸਨ ਦੀ ਯਾਦ ਵਿੱਚ ਮੌਨ ਰੱਖ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਜਨਰਲ ਸਕੱਤਰ ਕਾ. ਮੰਗਤ ਰਾਮ ਪਾਸਲਾ ਨੇ ਬਾਬਾ ਬਿਲਗਾ ਜੀ ਨੂੰ ਗ਼ਰੀਬਾਂ, ਮਜ਼ਦੂਰਾਂ ਤੇ ਪਛੜੇ ਲੋਕਾਂ ਦਾ ਸੱਚਾ ਹਮਦਰਦ ਦਸਦਿਆਂ ਉਨ੍ਹਾਂ ਦੇ ਲੋਕ ਪੱਖੀ ਘੋਲਾਂ ਵਿਚਲੇ ਵਡੇਰੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ 'ਤੇ ਬਾਬਾ ਜੀ ਦੇ ਵੱਡੇ ਸਪੁੱਤਰ ਸ਼ਹੀਦ ਊਧਮ ਸਿੰਘ ਟਰੱਸਟ ਯੂ.ਕੇ. ਅਤੇ ਇੰਡੀਅਨ ਵਰਕਜ਼ ਐਸੋਸੀਏਸ਼ਨ ਬਰਮਿੰਘਮ ਦੇ ਆਗੂ ਕਾ. ਕੁਲਬੀਰ ਸਿੰਘ ਸੰਘੇੜਾ ਨੇ ਆਪਣੇ ਪਰਵਾਰ ਵੱਲੋਂ ਬਾਬਾ ਜੀ ਦੇ ਦਰਸਾਏ ਰਾਹ 'ਤੇ ਚਲਦੇ ਰਹਿਣ ਦਾ ਅਹਿਦ ਕਰਦਿਆਂ ਸਦੀਵੀ ਵਿਛੋੜਾ ਦੇ ਗਏ ਆਪਣੇ ਛੋਟੇ ਭਰਾ ਕਾ. ਗੁਰਪ੍ਰੇਮ ਸਿੰਘ ਸੰਘੇੜਾ ਨੂੰ ਉਚੇਚਾ ਯਾਦ ਕੀਤਾ, ਜਿਹੜਾ ਹਮੇਸ਼ਾ ਬਾਬਾ ਜੀ ਦੇ ਰਾਹ 'ਤੇ ਚਲਦਿਆਂ ਲੋੜਵੰਦਾਂ ਦਾ ਹਮਦਰਦ ਬਣਿਆ ਰਿਹਾ। ਸਮਾਗਮ ਵਿੱਚ ਕਾ. ਪ੍ਰਸ਼ੋਤਮ ਲਾਲ ਬਿਲਗਾ ਨੇ ਗ਼ਦਰੀ ਬਾਬਾ ਕਾ. ਭਗਤ ਸਿੰਘ ਬਿਲਗਾ ਕਮੇਟੀ ਨੂੰ ਇੱਕ ਟਰੱਸਟ ਵਿਚ ਤਬਦੀਲ ਕਰਨ ਲਈ ਮਤਾ ਪੇਸ਼ ਕੀਤਾ। ਜਿਸ ਨੂੰ ਹਾਜ਼ਰ ਆਗੂਆਂ ਤੇ ਕਾਰਕੁੰਨਾਂ ਨੇ ਸਰਬਸਮਤੀ ਨਾਲ ਪ੍ਰਵਾਨਗੀ ਦੇ ਦਿੱਤੀ। ਇਸ ਮੌਕੇ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਵਿਤ ਸਕੱਤਰ ਇੰਜ. ਸੀਤਲ ਸਿੰਘ ਸੰਘਾ, ਕਨਵੀਨਰ ਸਭਿਆਚਾਰਕ ਵਿੰਗ ਕਾ. ਅਮੋਲਕ, ਜਨਰਲ ਸਕੱਤਰ ਕਾ. ਪ੍ਰਿਥੀਪਾਲ ਸਿੰਘ ਮਾੜੀ ਮੇਘਾ, ਪ੍ਰਧਾਨ ਕਾ. ਅਜਮੇਰ ਸਿੰਘ ਸਮਰਾ ਤੇ ਕਾ. ਸੰਤੋਖ ਸਿੰਘ ਸੰਧੂ ਨੇ ਵੀ ਬਾਬਾ ਬਿਲਗਾ ਜੀ ਦੇ ਦੇਸ਼ ਦੇ ਆਜ਼ਾਦੀ ਸੰਗਰਾਮ ਤੇ ਲੋਕ ਪੱਖੀ ਘੋਲਾਂ ਦੀ ਗੱਲ ਕਰਦਿਆਂ ਉਨ੍ਹਾਂ ਦੀ ਅਜ਼ਮਤ ਬਾਰੇ ਵਿਚਾਰ ਪ੍ਰਗਟਾਏ। ਸਮਾਗਮ ਵਿੱਚ ਦੇਸ਼ ਵਿਦੇਸ਼ ਤੋਂ ਆਏ ਬਾਬਾ ਬਿਲਗਾ ਜੀ ਨਾਲ ਸੰਬੰਧਤ ਲੋਕਾਂ ਨੇ ਸ਼ਿਰਕਤ ਕਰਕੇ ਬਾਬਾ ਜੀ ਨੂੰ ਯਾਦ ਕੀਤਾ। ਸਮਾਗਮ ਦਾ ਮੰਚ ਸੰਚਾਲਨ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਕੀਤਾ।

# ਪੇਂਡੂ ਮਜ਼ਦੂਰ ਯੂਨੀਅਨ ਨੇ ਵਧੀਕ ਡਿਪਟੀ ਕਮਿਸ਼ਨਰ ਨੂੰ ਸੌਂਪਿਆ ਮੰਗ ਪੱਤਰ

**ਮੁਕਤਸਰ ਸਾਹਿਬ, (ਸ਼ਮਿੰਦਰਪਾਲ /ਪੂਜਾ)**

ਪੇਂਡੂ ਮਜਦੂਰ ਯੂਨੀਅਨ ਦਾ ਵਫਦ ਵਧੀਕ ਡਿਪਟੀ ਕਮਿਸ਼ਨਰ ਨੂੰ ਮਿਲਿਆ। ਵਫਦ ਵਿੱਚ ਮੌਜੂਦ ਆਗੂਆਂ ਨੇ ਪਿੰਡ ਭੁੱਟੀਵਾਲਾ ਕਲੋਨੀਆਂ ਵਿੱਚ ਪਾਣੀ ਨਿਕਾਸੀ ਦੀ ਸਮੱਸਿਆ ਕੂੜਾ-ਕਰਕਟ ਸੁੱਟਣ ਲਈ ਵੱਖਰੇ ਪਲਾਟ ਲੈਣ ਦੀ ਮੰਗ ਨੂੰ ਲੈ ਕੇ ਮੰਗ ਪੱਤਰ ਸੌਂਪਿਆ। ਪੇਂਡੂ ਮਜਦੂਰ ਯੂਨੀਅਨ ਦੇ ਆਗੂ ਲਖਵੰਤ ਕਿਰਤੀ ਅਤੇ ਬੋਹੜ ਸਿੰਘ ਨੇ ਗੱਲਬਾਤ ਕਰਦਿਆਂ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਪਿੰਡ ਭੁਟੀਵਾਲਾ ਕਲੋਨੀਆਂ ਵਿੱਚ ਪਾਣੀ ਨਿਕਾਸੀ ਦਾ ਕੋਈ ਪ੍ਰਬੰਧ ਨਹੀਂ ਹੈ। ਬਾਰਸਾਂ ਅਤੇ ਘਰਾਂ ਦਾ ਗੰਦਾ ਪਾਣੀ ਗਲੀਆਂ ਦੇ ਵਿੱਚ ਖੜਾ ਹੈ। ਗੰਦਾ ਪਾਣੀ ਮੱਛਰ ਅਤੇ ਬੀਮਾਰੀਆਂ ਦਾ ਕਾਰਨ ਬਣਦਾ ਹੈ। ਗਲੀਆਂ ਚ ਪਾਣੀ ਬਹੁਤ ਜ਼ਿਆਦਾ ਹੋਣ ਕਾਰਨ ਰਾਹਗੀਰਾਂ ਨੂੰ ਵੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸਕੂਲ ਜਾਣ ਵਾਲੇ ਬੱਚਿਆਂ ਨੂੰ ਵੀ ਇਸੇ ਗੰਦੇ ਪਾਣੀ ਵਿਚੋਂ ਲੰਘ ਕੇ ਸਕੂਲ ਤੱਕ ਦਾ ਸਫਰ ਤੈਅ ਕਰਨਾ ਪੈਂਦਾ ਹੈ। ਬਹੁਤ ਸਾਰੀਆਂ ਔਰਤਾਂ ਮਰਦ ਏਸ ਪਾਣੀ ਕਾਰਨ ਡਿੱਗ ਕੇ ਆਪਣੇ ਹੱਡ ਤੜਾ ਚੁੱਕੇ ਹਨ। ਪਾਣੀ ਨਿਕਾਸੀ ਸਬੰਧੀ ਪੰਚਾਇਤ, ਪੰਚਾਇਤ ਅਤੇ ਬਲਾਕ ਵਿਕਾਸ ਅਫਸਰ, ਅਤੇ ਜ਼ਿਲ੍ਹਾ ਪ੍ਰਸ਼ਾਸਨ ਤੱਕ ਕਈ ਵਾਰ ਅਰਜੀਆਂ ਦਿੱਤੀਆਂ ਜਾ ਚੁਕੀਆਂ ਹਨ ਪਰ ਕਿਸੇ ਦੇ ਵੀ ਕੰਨ 'ਤੇ ਜੂੰ ਨਹੀਂ ਸਰਕੀ। ਇਸ ਮੌਕੇ ਇਕਾਈ ਦੇ ਆਗੂ ਗੁਰਤੇਜ ਸਿੰਘ ਅਤੇ ਭੋਲਾ ਸਿੰਘ ਨੇ ਕਿਹਾ ਕਿ ਇਹ ਮਜਦੂਰਾਂ ਨਾਲ ਸਰਾਸਰ ਵਿਤਕਰਾ ਹੈ। ਗੰਦੇ ਪਾਣੀ ਚੋਂ ਪੈਦਾ ਹੋਏ ਮੱਛਰ ਕਾਰਨ ਲੋਕਾਂ ਨੂੰ ਡੇਂਗੂ ਅਤੇ ਮਲੇਰੀਆ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ ਅਤੇ ਇਸ ਪਾਣੀ ਵਿੱਚੋਂ ਗੁਜਰਨ ਵਾਲੇ ਲੋਕ ਚਮੜੀ ਦੇ ਰੋਗਾਂ ਨਾਲ ਜਕੜੇ ਜਾ ਰਹੇ ਹਨ। ਇਸ ਲਈ ਗੰਦੇ ਪਾਣੀ ਦੇ ਨਿਕਾਸ ਲਈ ਸੁਚੱਜੇ ਇੰਤਜਾਮ ਕੀਤੇ ਜਾਣੇ ਚਾਹੀਦੇ ਹਨ ਨਹੀਂ ਤਾਂ ਮਜਦੂਰਾਂ ਵੱਲੋਂ ਤਿੱਖਾ ਸੰਘਰਸ ਵਿੱਢਿਆ ਜਾਵੇਗਾ। ਇਸ ਮੌਕੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ ਲਾਭ ਲੈਣ ਲਈ ਲੋੜਵੰਦ ਪਰਿਵਾਰਾਂ ਦੀਆਂ ਅਰਜੀਆਂ ਵੀ ਦਿੱਤੀਆਂ ਗਈਆਂ। ਇਸ ਮੌਕੇ ਭੋਲਾ ਸਿੰਘ, ਗੁਰਤੇਜ ਸਿੰਘ ,ਦਰਸਨ ਸਿੰਘ, ਮੰਦਰ ਸਿੰਘ, ਜੱਗਾ ਸਿੰਘ ,ਮੰਗਾ ਸਿੰਘ ,ਮੰਗਲ ਸਿੰਘ ਖੋਖਰ ਅਤੇ ਜੁਗਿੰਦਰ ਸਿੰਘ ਖੋਖਰ ਆਦਿ ਹਾਜਰ ਸਨ।

# ਹਾਫਿਜਾਬਾਦ ਤੋਂ ਅੰਗਰੇਜ਼ੀ ਲੈਕਚਰਾਰ ਦੀ ਬਦਲੀ ਕਾਰਨ ਮਾਪਿਆਂ ਤੇ ਪਿੰਡ ਵਾਸੀਆਂ 'ਚ ਭਾਰੀ ਰੋਸ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ )**

ਇਥੋਂ ਨਜਦੀਕੀ ਪਿੰਡ ਹਾਫਿਜਾਬਾਦ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਇਲਾਕਾ ਨਿਵਾਸੀਆਂ ਵਿੱਚ ਅੰਗਰੇਜੀ ਵਰਗੇ ਮਹੱਤਵਪੂਰਨ ਵਿਸ਼ੇ ਦੀ ਇੱਕੋ ਇੱਕ ਲੈਕਚਰਾਰ ਦੀ ਬੇਮੌਸਮੀ ਬਦਲੀ ਕਿਸੇ ਹੋਰ ਸਕੂਲ ਵਿੱਚ ਹੋਣ ਕਾਰਨ ਭਾਰੀ ਰੋਸ ਪਾਇਆ ਜਾ ਰਿਹਾ ਹੈ। ਮਾਪਿਆਂ ਵੱਲੋ ਦੱਸਿਆ ਗਿਆ ਕਿ ਪਿਛਲੇ ਦਿਨਾਂ ਵਿੱਚ ਚੱਲਦੀਆਂ ਪ੍ਰੀਖਿਆਵਾਂ ਦੇ ਦੌਰਾਨ ਸਕੂਲ ਸਿੱਖਿਆ ਵਿਭਾਗ ਵੱਲੋਂ ਹਾਫਿਜਾਬਾਦ ਸਕੂਲ ਵਿੱਚ ਕੰਮ ਕਰਦੀ ਅੰਗਰੇਜੀ ਵਿਸੇ ਦੀ ਇੱਕੋ ਇੱਕ ਲੈਕਚਰਾਰ ਦੀ ਐਡਜਸਟਮੈਂਟ (ਡੈਪੂਟੇਸ਼ਨ)ਮੋਹਾਲੀ ਜ਼ਿਲ੍ਹੇ ਦੇ ਕਿਸੇ ਸਕੂਲ ਵਿੱਚ ਕਰ ਦਿੱਤੀ ਹੈ। ਜਿਸ ਵਿੱਚ ਇਸ ਗੱਲ ਦਾ ਹਵਾਲਾ ਦਿੱਤਾ ਗਿਆ ਹੈ ਕਿ ਅੰਗਰੇਜੀ ਲੈਕਚਰਾਰ ਦਾ ਡੈਪੂਟੇਸ਼ਨ ਇੱਕ ਸਾਲ ਲਈ ਮੋਹਾਲੀ ਜ਼ਿਲ੍ਹੇ ਦੇ ਸਕੂਲ ਵਿੱਚ ਕੀਤਾ ਗਿਆ ਹੈ। ਇਹ ਵੀ ਪਤਾ ਲੱਗਿਆ ਹੈ ਕਿ ਜਿਸ ਸਕੂਲ ਵਿੱਚ ਅੰਗਰੇਜੀ ਲੈਕਚਰਾਰ ਦਾ ਡੈਪੂਟੇਸ਼ਨ ਕੀਤਾ ਗਿਆ ਹੈ ਉੱਥੇ ਪਹਿਲਾਂ ਹੀ ਅੰਗਰੇਜੀ ਦਾ ਇੱਕ ਹੋਰ ਲੈਕਚਰਾਰ ਵੀ ਮੌਜੂਦ ਹੈ। ਜਦੋਂ ਕਿ ਹਾਫਿਜਾਬਾਦ ਸਕੂਲ ਵਿੱਚ ਅੰਗਰੇਜੀ ਦਾ ਕੋਈ ਵੀ ਲੈਕਚਰਾਰ ਨਹੀਂ ਹੈ। ਸਮੂਹ ਸਕੂਲ ਮੈਨੇਜਮੈਂਟ ਕਮੇਟੀ, ਮਾਪਿਆਂ ਅਤੇ ਇਲਾਕਾ ਨਿਵਾਸੀਆਂ ਵੱਲੋ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਅਪੀਲ ਕੀਤੀ ਹੈ ਕਿ ਅੰਗਰੇਜੀ ਲੈਕਚਰਾਰ ਦਾ ਡੈਪੂਟੇਸ਼ਨ ਤੁਰੰਤ ਰੱਦ ਕਰਕੇ ਉਸ ਨੂੰ ਹਾਫਿਜਾਬਾਦ ਸਕੂਲ ਵਿੱਚ ਵਾਪਸ ਭੇਜਿਆ ਜਾਵੇ ਤਾਂ ਕਿ ਇਸ ਪਿੱਛੜੇ ਇਲਾਕੇ ਦੇ ਗਰੀਬ ਵਿਦਿਆਰਥੀਆਂ ਦੀ ਪੜ੍ਹਾਈ ਦਾ ਕੋਈ ਨੁਕਸਾਨ ਨਾ ਹੋਵੇ।

# ਹਲਕਾ ਟਾਂਡਾ ਦੇ ਵਿਕਾਸ ਕਾਰਜ ਤੇਜ਼ੀ ਨਾਲ ਕਰਵਾਏ ਜਾ ਰਹੇ : ਰਾਜਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਮਾਨ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਉੜਮੁੜ ਹਲਕਾ ਵਿਧਾਇਕ ਵੱਲੋਂ ਆਪਣੇ ਹਲਕੇ ਚ ਪੈਂਦੇ ਪਿੰਡਾਂ ਅਤੇ ਸ਼ਹਿਰ ਵਿਚ ਰੁਕੇ ਵਿਕਾਸ ਕਾਰਜਾਂ ਨੂੰ ਨੇਪੜੇ ਚਾੜਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਅਤੇ ਇਨ੍ਹਾਂ ਯਤਨਾਂ ਸਦਕਾ ਹੀ ਕਾਫੀ ਸਮੇਂ ਤੋਂ ਪਿੰਡ ਖੋਖਰ ਵਾਸੀਆਂ ਦੀ ਮੰਗ ਤੇ ਜੰਞ ਘਰ ਲਈ 30 ਲੱਖ ਰੁਪਏ ਦੀ ਗਰਾਂਟ ਮਿਲਣ ਕਾਰਨ ਸਰਪੰਚ ਸੁਰਜੀਤ ਸਿੰਘ ਦੀ ਅਗਵਾਈ ਵਿਚ ਪਿੰਡ ਖੋਖਰ ਵਿਖੇ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਸਾਮਿਲ ਹੋਏ। ਇਸ ਮੌਕੇ ਤੇ ਉਨ੍ਹਾਂ ਨਾਲ ਬਲਾਕ ਪ੍ਰਧਾਨ ਕੇਸਵ ਸੈਨੀ, ਅਤਵਾਰ ਸਿੰਘ ਪਲਾਚੱਕ, ਹਰਵਿੰਦਰ ਪਾਲ ਸਿੰਘ ਸੋਨੂੰ ਜਹੂਰਾ ਅਤੇ ਉਘੇ ਸਮਾਜ ਸੇਵੀ ਹਰਦੇਵ ਸਿੰਘ ਬਾਜਵਾ ਹਾਜਰ ਸਨ। ਸਮਾਰੋਹ 'ਚ ਸ਼ਾਮਿਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਪੰਜਾਬ ਦੇ ਰੁਕੇ ਵਿਕਾਸ ਕਾਰਜਾਂ ਨੂੰ ਨੇਪੜੇ ਚਾੜਨ ਦੇ ਲਏ ਦ੍ਰਿੜ ਸੰਕਲਪ ਨੂੰ ਸੰਪੂਰਨ ਕਰਨ ਲਈ ਹਰ ਪਿੰਡ ਅਤੇ ਸਹਿਰ ਦੇ ਵਿਕਾਸ ਕਾਰਜ ਤੇਜੀ ਨਾਲ ਕਰਵਾਏ ਜਾ ਰਹੇ ਹਨ ਤਾਂ ਜੋ ਆਮ ਜਨਤਾ ਨਾਲ ਕੀਤੇ ਹਰ ਵਾਅਦਿਆਂ ਨੂੰ ਪੂਰਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਬਿਨਾਂ ਕਿਸੇ ਭੇਦ-ਭਾਵ ਅਤੇ ਬਿਨਾਂ ਵਿਤਕਰੇ ਦੇ ਹਰ ਪਿੰਡ ਦੀ ਪੰਚਾਇਤ ਨੂੰ ਗ੍ਰਾਂਟਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਮਿਲ ਸਕਣ। ਇਸ ਮੌਕੇ 'ਤੇ ਹਰਮਿੰਦਰ ਪਾਲ ਸਿੰਘ ਸੋਨੂੰ ਜਹੂਰਾ ਦੀ ਪ੍ਰੇਰਨਾ ਸਦਕਾ ਅਤੇ ਸਰਕਾਰ ਵੱਲੋਂ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਨੂੰ ਵੇਖਦੇ ਹੋਏ ਉੱਘੇ ਸਮਾਜ ਸੇਵੀ ਹਰਦੇਵ ਸਿੰਘ ਤੇ ਸਤਨਾਮ ਸਿੰਘ ਬਾਜਵਾ (ਐਮੀ) ਆਪਣੇ ਪਰਵਾਰ ਤੇ ਸਾਥੀਆਂ ਸਮੇਤ ਵਿਧਾਇਕ ਦੀ ਹਾਜਰੀ ਵਿੱਚ ਆਮ ਆਦਮੀ ਪਾਰਟੀ 'ਚ ਸ਼ਾਮਿਲ ਹੋ ਗਏ ਜਿਨ੍ਹਾਂ ਨੂੰ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਜੀ ਆਇਆਂ ਕਹਿੰਦੇ ਹੋਏ ਸਿਰੋਪੇ ਪਾ ਕੇ ਸਨਮਾਨਿਤ ਕੀਤਾ। ਸਰਪੰਚ ਸੁਰਜੀਤ ਸਿੰਘ ਅਤੇ ਪੰਚਾਇਤ ਨੇ ਆਪ ਸਰਕਾਰ ਦਾ ਧੰਨਵਾਦ ਕਰਦੇ ਹੋਏ ਵਿਧਾਇਕ ਜਸਵੀਰ ਸਿੰਘ ਰਾਜਾ ਨੂੰ ਸਿਰੋਪਾ ਪਾ ਕੇ ਸਨਮਾਨਿਤ ਕੀਤਾ। ਇਸ ਮੌਕੇ 'ਤੇ ਕਸ਼ਮੀਰ ਸਿੰਘ, ਕੁਲਵੰਤ ਸਿੰਘ, ਅਮਰਜੀਤ ਸਿੰਘ, ਸਰਵਣ ਸਿੰਘ, ਸੁਰਿੰਦਰ ਸਿੰਘ, ਨਵਜੋਤ ਸਿੰਘ ਪ੍ਰਿਤਪਾਲ ਸਿੰਘ, ਅਮਰਦੀਪ ਸਿੰਘ, ਜੋਗਿੰਦਰ ਸਿੰਘ, ਹਰਜਿੰਦਰ ਸਿੰਘ, ਪਰਮਜੀਤ ਸਿੰਘ, ਮਨਜੀਤ ਕੌਰ, ਰਣਜੀਤ ਸਿੰਘ, ਹਰਮੀਤ ਕੌਰ, ਕੁਲਵੀਰ ਕੌਰ, ਜਗਜੀਵਨ ਸਿੰਘ, ਅਵਤਾਰ ਸਿੰਘ ਤਾਰਾ ਆਦਿ ਹਾਜ਼ਰ ਸਨ।



# ਚੋਰੀ ਦੇ ਤਿੰਨ ਮੋਟਰਸਾਈਕਲਾਂ ਸਮੇਤ ਕਾਬੂ

**ਮਮਦੋਟ, (ਜਸਬੀਰ ਸਿੰਘ ਕੰਬੋਜ)**- ਪੁਲਸ ਥਾਨਾ ਲੱਖੋਕਿ ਬਹਿਰਾਮ ਦੀ ਪੁਲਸ ਵੱਲੋਂ ਇੱਕ ਵਿਅਕਤੀ ਨੂੰ ਚੋਰੀ ਦੇ ਤਿੰਨ ਮੋਟਰਸਾਈਕਲਾਂ ਸਮੇਤ ਕਾਬੂ ਕੀਤਾ ਗਿਆ ਹੈ। ਮਾਮਲੇ ਦੇ ਜਾਂਚ ਅਧਿਕਾਰੀ ਸਹਾਇਕ ਥਾਨੇਦਾਰ ਰੋਸਨ ਲਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਇਲਾਕੇ ਵਿਚ ਗਸਤ ਦੌਰਾਨ ਬੱਸ ਅੱਡਾ ਗੁੱਦੜ ਢੰਡੀ ਵਿਚ ਮੌਜੂਦ ਸਨ ਕਿ ਗੁਪਤ ਸੂਚਨਾ ਮਿਲੀ ਕਿ ਲਖਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਮੱਤੜ ਉਤਾੜ ਜੋ ਕਿ ਮੋਟਰ ਸਾਈਕਲ ਚੋਰੀ ਕਰਕੇ ਅੱਗੇ ਵੇਚਣ ਦਾ ਆਦੀ ਹੈ,ਅਤੇ ਹੁਣ ਵੀ ਅਨਾਜ ਮੰਡੀ ਚੱਕ ਕੰਧੇ ਸ਼ਾਹ ਵਿਖੇ ਚੋਰੀ ਦਾ ਮੋਟਰ ਸਾਈਕਲ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਉਹਨਾਂ ਦੱਸਿਆ ਕਿ ਮਿਲੀ ਇਤਲਾਹ ਦੇ ਅਧਾਰ 'ਤੇ ਉਹਨਾਂ ਵੱਲੋਂ ਛਾਪੇਮਾਰੀ ਕਰਕੇ ਉਕਤ ਵਿਅਕਤੀ ਨੂੰ ਕਾਬੂ ਕਰ ਲਿਆ ਗਿਆ, ਜਿਸ ਕੋਲੋਂ ਬਿਨਾ ਨੰਬਰੀ ਤਿੰਨ ਮੋਟਰ ਸਾਈਕਲ ਬਰਾਮਦ ਹੋਏ। ਸਹਾਇਕ ਥਾਨੇਦਾਰ ਨੇ ਦੱਸਿਆ ਕਿ ਚੋਰੀ ਦੇ ਮੋਟਰਸਾਈਕਲਾਂ ਸਮੇਤ ਕਾਬੂ ਕੀਤੇ ਸੁਖਵਿੰਦਰ ਸਿੰਘ ਖਿਲਾਫ ਮੁਕੱਦਮਾ ਕਰ ਲਿਆ ਗਿਆ ਹੈ ਅਤੇ ਹੋਰ ਬਰਾਮਦਗੀ ਲਈ ਪੁੱਛਗਿੱਛ ਜਾਰੀ ਹੈ।

# ਆਮ ਲੋਕਾਂ ਦਾ ਭਰੋਸਾ ਹੀ ਸਾਡੀ ਤਾਕਤ : ਬਰਸਟ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਜਲੰਧਰ ਜ਼ਿਮਨੀ ਚੋਣ ਤੋਂ ਪਹਿਲਾਂ ਸਥਾਨਕ ਨਿਵਾਸੀਆਂ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣਾ ਲਗਾਤਾਰ ਜਾਰੀ ਹੈ। ਇਸੇ ਲੜੀ ਤਹਿਤ ਅੱਜ ਜਲੰਧਰ ਕੈਂਟ ਤੋਂ ਆਪ ਪੰਜਾਬ ਦੇ ਜਰਨਲ ਸਕੱਤਰ ਹਰਚੰਦ ਸਿੰਘ ਬਰਸਟ ਦੀ ਅਗਵਾਈ ਵਿੱਚ ਸੈਂਕੜੇ ਆਮ ਲੋਕ ਆਪਮੁਹਾਰੇ ਆਪ ਦੇ ਇੰਨਕਲਾਬੀ ਕਾਫਲੇ ਦਾ ਹਿੱਸਾ ਬਣੇ। ਇਸ ਮੌਕੇ ਬਰਸਟ ਦੇ ਨਾਲ ਜਲੰਧਰ ਕੈਂਟ ਤੋਂ ਆਪ ਦੇ ਹਲਕਾ ਇੰਚਾਰਜ ਸੁਰਿੰਦਰ ਸਿੰਘ ਸੋਢੀ ਸਮੇਤ ਰਾਜਵਿੰਦਰ ਕੌਰ ਥਿਆੜਾ ਸਕੱਤਰ ਪੰਜਾਬ, ਮੰਗਲ ਸਿੰਘ ਲੋਕ ਸਭਾ ਇੰਚਾਰਜ, ਅੰਮ੍ਰਿਤਪਾਲ ਸਿੰਘ ਜ਼ਿਲ੍ਹਾ ਪ੍ਰਧਾਨ (ਸ਼ਹਿਰੀ) , ਪਰਮਿੰਦਰ ਸਿੰਘ ਬਰਾੜ ਯੂਥ ਵਿੰਗ ਸੈਕਟਰ ਜਲੰਧਰ , ਰਮਣੀਕ ਰੰਧਾਵਾ ਚੇਅਰਮੈਨ , ਕਸ਼ਮੀਰ ਮੱਲੀ ਚੇਅਰਮੈਨ ਅਤੇ ਹੋਰ ਪਤਵੰਤੇ ਸੱਜਣ ਵੀ ਹਾਜਰ ਸਨ, ਜਿੰਨ੍ਹਾਂ ਵੱਲੋਂ ਪਰਵਾਰ ਵਿੱਚ ਸ਼ਾਮਿਲ ਹੋਏ ਨਵੇਂ ਮੈਂਬਰਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਪੰਜਾਬ ਵਿੱਚ ਜਦੋਂ ਤੋਂ ਭਗਵੰਤ ਮਾਨ ਦੀ ਅਗਵਾਈ ਵਿੱਚ ਆਪ ਦੀ ਸਰਕਾਰ ਬਣੀ ਹੈ ਤਾਂ ਲਗਾਤਾਰ ਸੂਬੇ ਦੀ ਤਰੱਕੀ ਲਈ ਕੰਮ ਕੀਤਾ ਜਾ ਰਿਹਾ ਹੈ। ਮਸਲਾ ਭਾਂਵੇਂ ਪੰਜਾਬੀਆਂ ਨੂੰ ਮਹਿੰਗੇ ਬਿਜਲੀ ਬਿੱਲਾਂ ਤੋਂ ਨਿਜਾਤ ਦਿਵਾਉਣ ਦਾ ਹੋਵੇ, ਜਾਂ ਮਸਲਾ ਹੋਵੇ ਪਿਛਲੀਆਂ ਭ੍ਰਿਸ਼ਟ ਸਰਕਾਰ ਦੇ ਜੰਗਲ ਰਾਜ 'ਚੋਂ ਕੱਢ ਸੂਬੇ ਨੂੰ ਮੁੜ ਤਰੱਕੀ ਦੇ ਰਾਹ ਤੋਰਨ ਦਾ, ਸਸਤੇ ਭਾਅ ਲੋਕਾਂ ਨੂੰ ਰੇਤਾ-ਬਜਰੀ ਮੁਹੱਈਆ ਕਰਵਾਉਣ, ਨੌਜਵਾਨਾਂ ਨੂੰ ਰੁਜਗਾਰ ਦੇਣ ਅਤੇ ਸਿਆਸਤਦਾਨਾਂ ਵੱਲੋਂ ਪਾਲੇ ਵੱਖੋ-ਵੱਖਰੇ ਮਾਫੀਏ ਦੀ ਗ੍ਰਿਫਤ ਵਿੱਚੋਂ ਪੰਜਾਬ ਨੂੰ ਬਾਹਰ ਕੱਢ ਤਰੱਕੀ ਦੇ ਰਾਹ ਪਾਉਣ ਦਾ, ਤਾਂ ਹਰ ਖੇਤਰ ਵਿੱਚ ਤਿੰਨ ਕਰੋੜ ਪੰਜਾਬੀਆਂ ਵੱਲੋਂ ਚੁਣੀ ਮਾਨ ਸਰਕਾਰ ਆਪਣੇ ਲੋਕਾਂ ਦੀਆਂ ਉਮੀਦਾਂ ਤੇ ਖਰਾ ਉਤਰਨ ਲਈ ਲਗਾਤਾਰ ਉੱਦਮ ਕਰ ਰਹੀ ਹੈ।



ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਜਲੰਧਰ ਕੈਂਟ ਦੇ ਵੱਖੋ-ਵੱਖ ਵਾਰਡਾਂ 'ਚੋਂ ਪਾਰਟੀ ਵਿੱਚ ਸ਼ਾਮਿਲ ਹੋਏ ਆਮ ਲੋਕਾਂ ਦੇ ਸਵਾਗਤ ਲਈ ਉੱਥੇ ਪਹੁੰਚੇ ਆਪ ਪੰਜਾਬ ਦੇ ਜਰਨਲ ਸਕੱਤਰ ਸ. ਹਰਚੰਦ ਸਿੰਘ ਬਰਸਟ ਨੇ ਕੀਤਾ।. ਸੋਢੀ ਨੇ ਆਗਾਮੀ ਚੋਣਾਂ ਵਿੱਚ ਆਪ ਦੀ ਇੱਕਪਾਸੜ ਜਿੱਤ ਦੀ ਭਵਿੱਖਬਾਣੀ ਕਰਦਿਆਂ ਕਿਹਾ ਕਿ ਪੰਜਾਬ ਦਾ ਹਰ ਨਿਵਾਸੀ ਮਾਨ ਸਰਕਾਰ ਦੇ ਕੰਮਾਂ ਤੋਂ ਸੰਤੁਸ਼ਟ ਹੈ ਅਤੇ ਆਗਾਮੀ ਲੋਕ ਸਭਾ ਜ਼ਿਮਨੀ ਚੋਣ ਤੋਂ ਪਹਿਲਾਂ ਆਪ ਵਿੱਚ ਸ਼ਾਮਿਲ ਹੋਣ ਲਈ ਆਮ ਲੋਕਾਂ ਵਿੱਚ ਪਾਇਆ ਜਾ ਰਿਹਾ ਭਾਰੀ ਉਤਸ਼ਾਹ ਇਸਦਾ ਸਬੂਤ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇਸ਼ ਅਤੇ ਪੰਜਾਬ ਦੇ ਹਰ ਆਮ ਨਾਗਰਿਕ ਦੀ ਪਾਰਟੀ ਹੈ ਅਤੇ ਜਲੰਧਰ ਜ਼ਿਮਨੀ ਚੋਣਾਂ ਵਿੱਚ ਇਸਦੀ ਜਿੱਤ ਯਕੀਨੀ ਹੈ।

# ਨਵ-ਨਿਯੁਕਤ ਐਸ ਡੀ ਐਮ ਨੇ ਵਿਧਾਇਕ ਦੇਵ ਮਾਨ ਨਾਲ ਕੀਤੀ ਮੁਲਾਕਾਤ

**ਨਾਭਾ (ਵਰਿੰਦਰ ਵਰਮਾ)**

ਨਵ ਨਿਯੁਕਤ ਤਰਸੇਮ ਚੰਦ (ਪੀਸੀਐਸ) ਐਸਡੀਐਮ ਨਾਭਾ ਨੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨਾਲ ਉਨਾਂ ਦੇ ਦਫਤਰ ਵਿਖੇ ਮੁਲਾਕਾਤ ਕੀਤੀ। ਉਨ੍ਹਾ ਸ਼ਹਿਰ ਅਤੇ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਵਿਚਾਰ ਚਰਚਾ ਕੀਤੀ। ਨਵ ਨਿਯੁਕਤ ਐਸ ਡੀ ਐਮ ਨੇ ਦੱਸਿਆ ਕਿ ਪਹਿਲਾਂ ਉਹਨਾਂ ਮਾਨਸਾ ਅਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਸੇਵਾਵਾਂ ਨਿਭਾਈਆਂ ਹਨ। ਉਸ ਤੋਂ ਬਾਅਦ ਪੰਜਾਬ ਸਕੱਤਰੇਤ ਵਿਖੇ ਸੇਵਾ ਨਿਭਾਈ, 2018 ਵਿੱਚ ਪੀ ਸੀ ਐਸ ਦਾ ਟੈਸਟ ਦਿੱਤਾ ਅਤੇ ਪੰਜਾਬ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਉਪਰੰਤ ਤਰਨਤਾਰਨ ਵਿਖੇ ਸਹਾਇਕ ਕਮਿਸ਼ਨਰ ਜਨਰਲ ਵੱਜੋਂ ਸੇਵਾ ਨਿਭਾਈ। ਉਸ ਤੋਂ ਬਾਅਦ ਸਹੀਦ ਭਗਤ ਸਿੰਘ ਨਗਰ ਨਵਾਂਸ਼ਹਿਰ ਵਿਖੇ ਡਿਪਟੀ ਸੈਕਟਰੀ ਜੇਲ ਰਹੇ, ਫਰੀਦਕੋਟ ਵਿਖੇ ਅਸਿਸਟੈਂਟ ਕਮਿਸ਼ਨਰ ਜਰਨਲ ਅਤੇ ਆਰ ਟੀ ਏ ਦਾ ਵਾਧੂ ਚਾਰਜ ਸੰਭਾਲਿਆ ਗਮਾਡਾਂ ਲੈਂਡ ਐਕੋਜੀਨੇਸਨ ਅਤੇ ਅਸਟੇਟ ਅਫਸਰ ਰਹੇ। ਉਨ੍ਹਾਂ ਕਿਹਾ ਕਿ ਹੁਣ ਸਹਾਇਕ ਕਮਿਸ਼ਨਰ ਜਨਰਲ ਮੁਹਾਲੀ ਤੋਂ ਬਦਲ ਕੇ ਨਾਭਾ ਵਿਖੇ ਬਤੌਰ ਐਸ ਡੀ ਐਮ ਵੱਜੋਂ ਚਾਰਜ ਸੰਭਾਲਿਆ ਹੈ। ਉਨਾਂ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੂੰ ਵਿਸਵਾਸ ਦਿਵਾਇਆ ਕਿ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਉਨਾਂ ਕਿਹਾ ਕਿ ਜੇਕਰ ਕਿਸੇ ਹਲਕਾ ਵਾਸੀ ਨੂੰ ਕਿਸੇ ਪ੍ਰਕਾਰ ਦੀ ਮੁਸਕਿਲ ਆਉਂਦੀ ਹੈ ਤਾਂ ਉਹ ਸਿੱਧੇ ਤੌਰ ਤੇ ਮੈਨੂੰ ਮਿਲ ਸਕਦੇ ਹਨ। ਉਨ੍ਹ ਦੀਆਂ ਮੁਸਕਲਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇਗਾ। ਵਿਧਾਇਕ ਗੁਰਦੇਵ ਸਿੰਘ ਦੇਵ ਨੇ ਐਸ ਡੀ ਐਮ ਦਾ ਅਹੁਦਾ ਸੰਭਾਲਣ ਤੇ ਤਰਸੇਮ ਚੰਦ ਨੂੰ ਜੀ ਆਇਆਂ ਆਖਿਆ।



# ਸ਼ਹੀਦ ਊਧਮ ਸਿੰਘ ਮੈਮੋਰੀਅਲ ਡੈਂਟਲ ਕਲੀਨਿਕ ਵਿਖੇ ਇੰਟਰਾਓਰਲ ਸਕੈਨਰ ਦਾ ਉਦਘਾਟਨ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ/ ਰਾਜਵੀਰ ਸਿੰਘ)**-ਸ਼ਹੀਦ ਊਧਮ ਸਿੰਘ ਮੈਮੋਰੀਅਲ ਡੈਂਟਲ ਕਲੀਨਿਕ ਸੁਲਤਾਨਪੁਰ ਲੋਧੀ ਵਿਖੇ ਅੱਜ ਦੇ ਯੁੱਗ ਦਾ ਆਧੁਨਿਕ ਇੰਟਰਾਓਰਲ ਸਕੈਨਰ ਲਗਾਇਆ ਗਿਆ ਜਿਸ ਦਾ ਉਦਘਾਟਨ ਪ੍ਰੋ. ਚਰਨ ਸਿੰਘ ਅਤੇ ਡਾ. ਬਲਜੀਤ ਕੌਰ ਸੇਵਾ ਮੁਕਤ ਡੀਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਬੋਲਦਿਆਂ ਕਿਹਾ ਕਿ ਇੰਟਰਾਓਰਲ ਸਕੈਨਰ ਲਗਾਉਣ ਵਾਲਾ ਸੁਲਤਾਨਪੁਰ ਲੋਧੀ ਖੇਤਰ ਵਿੱਚ ਸ਼ਹੀਦ ਊਧਮ ਸਿੰਘ ਪਹਿਲਾ ਡੈਂਟਲ ਕਲੀਨਿਕ ਬਣ ਗਿਆ ਹੈ। ਇਸ ਮੌਕੇ ਡਾਕਟਰ ਅਮਿਤੋਜ ਸਿੰਘ ਅਤੇ ਡਾਕਟਰ ਨਵਜੋਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਕੈਨਰ ਨਾਲ ਦੰਦਾ ਦੇ ਖੋਲ ਦਾ ਮਾਪ (ਮੇਚਾ) ਡਿਜੀਟਲ ਤਰੀਕੇ ਨਾਲ ਲਿਆ ਜਾਵੇਗਾ ਤੇ ਪੁਰਾਣੇ ਤਰੀਕੇ ਨਾਲ ਮੇਚਾ ਲੈਣ ਦੀ ਲੋੜ ਨਹੀਂ। ਹੁਣ ਦੰਦਾਂ ਦੇ ਮਾਪ ਨੂੰ ਵਧੇਰੇ ਸਟੀਕ ਅਤੇ ਪੂਰੀ ਤਰ੍ਹਾਂ ਡਿਜੀਟਲ 3 ਸਕੈਨ ਬਣਾਇਆ ਜਾ ਸਕਦਾ ਹੈ। ਇਸ ਮੌਕੇ ਉਨ੍ਹਾਂ ਇੰਟਰਾਓਰਲ ਸਕੈਨਰ ਦੇ ਫਾਇਦੇ ਦੱਸਦਿਆਂ ਕਿਹਾ ਕਿ ਮਰੀਜ਼ਾਂ ਨੂੰ ਉਸਦੀ ਮੂੰਹ ਦੀ ਸਿਹਤ ਬਾਰੇ ਦੱਸਣ, ਦਿਖਾਉਣ ਅਤੇ ਕਰਨ ਲਈ ਡਾਇਗਨੋਸਟਿਕ ਟੂਲ ਵਜੋਂ ਵਰਤਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸਮੇਂ ਦੀ ਬੱਚਤ ਹੈ ਅਤੇ ਰਵਾਇਤੀ ਤਰੀਕੇ ਨਾਲੋਂ ਤੇਜ਼ ਮੇਚਾ ਬਣਾਉਣਾ ਹੁੰਦਾ ਹੈ। ਇਹ ਮਰੀਜ਼ ਦੇ ਆਰਾਮ ਦੇ ਪੱਧਰ ਨੂੰ ਵਧਾਉਂਦਾ ਹੈ ਅਤੇ ਕੁਰਸੀ ਦਾ ਸਮਾਂ ਘਟਾਉਂਦਾ ਹੈ। ਉਨ੍ਹਾਂ ਕਿਹਾ ਕਿ ਇੰਟਰਾਓਰਲ ਸਕੈਨਰ ਚੇਅਰਸਾਈਡ ਇੰਪ੍ਰੈਸ਼ਨ ਬਣਾਉਣ ਦਾ ਸਮਾਂ ਘਟਾਉਂਦਾ ਹੈ। ਇਸ ਮੌਕੇ ਐਡਵੋਕੇਟ ਰਜਿੰਦਰ ਸਿੰਘ ਰਾਣਾ ਸਾਬਕਾ ਪ੍ਰਧਾਨ ਬਾਰ ਐਸੋਸੀਏਸ਼ਨ ਅਤੇ ਕਿਸਾਨ ਆਗੂ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਡਾਕਟਰ ਸਵਰਨ ਸਿੰਘ ਪ੍ਰਧਾਨ ਸਾਹਿਤ ਸਭਾ, ਰਸਪਾਲ ਸਿੰਘ ਜਨਰਲ ਸਕੱਤਰ ਕਿਰਤੀ ਕਿਸਾਨ ਯੂਨੀਅਨ ਪੰਜਾਬ, ਮੁਖਤਾਰ ਸਿੰਘ ਚੰਦੀ ਜਨਰਲ ਸਕੱਤਰ ਸਾਹਿਤ ਸਭਾ, ਪੁਸਪਿੰਦਰ ਸਿੰਘ, ਡਾ. ਸੁਮੀਤ ਸਿੰਘ, ਡਾ. ਹਰਦੀਪ ਸਿੰਘ ਟਿੱਬਾ, ਸੁਰਜੀਤ ਸਿੰਘ ਟਿੱਬਾ, ਜੋਗਾ ਸਿੰਘ, ਹਰਬੰਸ ਸਿੰਘ, ਜੀਤ ਸਿੰਘ ਪ੍ਰਧਾਨ ਚੱਕ ਕੋਟਲਾ, ਜੋਗਿੰਦਰ ਸਿੰਘ ਬਠਿੰਡਾ, ਸਤਨਾਮ ਸਿੰਘ ਮੋਮੀ ਪ੍ਰਧਾਨ ਬਾਰ ਐਸੋਸੀਏਸ਼ਨ ਸੁਲਤਾਨਪੁਰ ਲੋਧੀ, ਕੁਲਬੀਰ ਸਿੰਘ ਐਡਵੋਕੇਟ, ਹਰਬੰਸ ਸਿੰਘ ਐਡਵੋਕੇਟ, ਗੁਰਮੀਤ ਸਿੰਘ ਐਡਵੋਕੇਟ, ਸਤਿਬੀਰ ਸਿੰਘ ਮਾਹੀਪਾਲ, ਜਗਦੀਸ਼ ਸਿੰਘ ਐਡਵੋਕੇਟ, ਬਲਵਿੰਦਰ ਸਿੰਘ ਮੋਮੀ ਐਡਵੋਕੇਟ, ਰਾਮ ਸਿੰਘ ਐਡਵੋਕੇਟ, ਗੁਰਮੀਤ ਸਿੰਘ ਵਿਰਦੀ ਐਡਵੋਕੇਟ, ਕਿਸਾਨ ਆਗੂ ਸਰਵਣ ਸਿੰਘ ਬਾਉਪੁਰ, ਜਸਜੀਤ ਸਿੰਘ, ਸਵਰਨ ਸਿੰਘ ਕਰਮਜੀਤਪੁਰ, ਸੁਖਜਿੰਦਰ ਸਿੰਘ ਲੋਧੀਵਾਲ, ਸੁੱਚਾ ਸਿੰਘ ਮਿਰਜ਼ਾਪੁਰ, ਮਾਸਟਰ ਦੇਸ ਰਾਜ, ਮਾਸਟਰ ਪਰਸਨ ਲਾਲ ਭੋਲਾ, ਬਲਬੀਰ ਸੇਰਪੁਰੀ, ਨੰਬਰਦਾਰ ਮਹਿੰਦਰ ਸਿੰਘ ਮੋਖੇ, ਹਰਵੰਤ ਸਿੰਘ ਵੜੈਚ ਨੰਬਰਦਾਰ, ਸੁਖਵਿੰਦਰ ਸਿੰਘ ਸ਼ਹਿਰੀ, ਮੁਖਤਿਆਰ ਸਿੰਘ ਖਿੰਡਾਂ ਵਾਟਾਂ ਵਾਲੀ, ਹਰਨਾਮ ਸਿੰਘ, ਬਿੱਕਰ ਸਿੰਘ, ਜਸਪਾਲ ਸਿੰਘ, ਰਾਜਵਿੰਦਰ ਸਿੰਘ ਰਾਜੂ, ਚਰਨਜੀਤ ਸਿੰਘ , ਰੇਸ਼ਮ ਸਿੰਘ ਗੀਡਰ, ਹਰਜਿੰਦਰ ਸਿੰਘ ਨਵਾਂ ਠੱਟਾ, ਪਰਮਿੰਦਰ ਸਿੰਘ ਗੁੱਗ, ਮਨੋਜ ਕੁਮਾਰ, ਚੰਦਨ, ਕਿਰਨ ਸਟਾਫ ਮੈਂਬਰ, ਪਰਿੰਦਰ ਕੌਰ ਸੋਢੀ, ਬਿੰਦਰ ਕੌਰ ਚੱਕ ਕੋਟਲਾ, ਬਲਬੀਰ ਕੌਰ ਬਠਿੰਡਾ, ਮਨਜੀਤ ਕੌਰ, ਕਬੀਰ ਸਿੰਘ ਚੱਕ ਕੋਟਲਾ ਆਦਿ ਹਾਜ਼ਰ ਸਨ।



# ਹੋਲੀ ਹਾਰਟ ਸਕੂਲ ਵਿਖੇ ਨੰਨ੍ਹੇ ਵਿਦਿਆਰਥੀਆਂ ਨੂੰ ਫਿਲਮ ਦਿਖਾਈ

**ਅਜੀਤਵਾਲ, (ਨਛੱਤਰ ਸੰਧੂ)**

ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਵਿਦਿਆਰਥੀਆਂ ਦੇ ਬੌਧਿਕ ਅਤੇ ਮਾਨਸਿਕ ਵਿਕਾਸ ਲਈ ਸਮੇਂ ਸਮੇਂ ਤੇ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਜਿਸ ਦੌਰਾਨ ਨਰਸਰੀ ਜਮਾਤ ਤੋ ਲੈ ਕੇ ਯੂ.ਕੇ.ਜੀ ਜਮਾਤ ਤੱਕ ਦੇ ਨੰਨ੍ਹੇ ਵਿਦਿਆਰਥੀਆਂ ਨੂੰ ਕਾਰਟੂਨ ਫਿਲਮ ਦਿਖਾਈ ਗਈ। ਇਸ ਵਿੱਚ ਨੰਨ੍ਹੇ ਵਿਦਿਆਰਥੀਆਂ ਨੇ ਕਾਫੀ ਦਿਲਚਸਪੀ ਦਿਖਾਈ। ਇਸ ਮੌਕੇ ਅਧਿਆਪਕਾ ਨੇ ਦੱਸਿਆ ਕਿ ਸਕੂਲ ਦੇ ਸ਼ੁਰੂਆਤੀ ਦਿਨਾਂ ਵਿੱਚ ਛੋਟੇ ਬੱਚਿਆਂ ਦਾ ਮਨ ਸਕੂਲ ਵਿੱਚ ਨਹੀਂ ਲੱਗਦਾ ਹੁੰਦਾ ਅਤੇ ਇਸੇ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਫਿਲਮ ਦਿਖਾਈ ਗਈ ਹੈ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਪਰਮਜੀਤ ਪਲਤਾ, ਡਾਇਰੈਕਟਰ ਅਮਿਤ ਪਲਤਾ , ਸ਼੍ਰੈਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਉਣ ਦਾ ਮੁੱਖ ਮਕਸਦ ਵਿਦਿਆਰਥੀਆਂ ਦਾ ਮਾਨਸਿਕ ਵਿਕਾਸ ਕਰਨਾ ਹੈ। ਬੱਚੇ ਹਰ ਸਮੇਂ ਪੜ੍ਹਾਈ ਵਿੱਚ ਲਗੇ ਰਹਿੰਦੇ ਹਨ, ਜਿਸ ਨਾਲ ਬੱਚੇ ਦਾ ਦਿਮਾਗ ਤਾਜਾ ਨਹੀਂ ਹੁੰਦਾ। ਮਨੋਰੰਜਨ ਕਰਨ ਨਾਲ ਬੱਚਿਆਂ ਦਾ ਦਿਮਾਗ ਤਾਜਾ ਰਹਿੰਦਾ ਹੈ ਅਤੇ ਉਨ੍ਹਾਂ ਦਾ ਮਨ ਪੜ੍ਹਾਈ ਵਿੱਚ ਲਗਦਾ ਹੈ। ਇਸ ਮੌਕੇ ਸਮੂਹ ਸਕੂਲ ਸਟਾਫ ਹਾਜਰ ਸੀ।



# ਲਾਲਪੁਰਾ ਨੇ ਗੋਹਲਣੀ ਸਰਕਲ ਦੀ ਟੀਮ ਨਾਲ ਕੀਤੀ ਮੀਟਿੰਗ

**ਭਲਾਣ, (ਢਿੱਲੋਂ)**

ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਜੇਵੀਰ ਸਿੰਘ ਲਾਲਪੁਰਾ ਨੇ ਆਨੰਦਪੁਰ ਸਾਹਿਬ ਵਿਧਾਨ ਸਭਾ ਖੇਤਰ ਦੇ ਗੋਹਲਣੀ ਸਰਕਲ ਦੀ ਟੀਮ ਨਾਲ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਸਮੁੱਚੀ ਟੀਮ ਨੂੰ ਘਰ ਘਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜੀ ਦੀਆਂ ਜਨ ਕਲਿਆਨਕਾਰੀ ਨੀਤੀਆਂ ਪਹੁੰਚਾਉਣ ਦੀ ਤਾਕੀਦ ਕੀਤੀ ਅਤੇ ਅਗਾਮੀ 2024 ਦੀਆਂ ਲੋਕ ਸਭਾ ਚੋਣਾਂ ਲਈ ਕਮਰ ਕੱਸੇ ਕਸਣ ਲਈ ਕਿਹਾ। ਉਨ੍ਹਾਂ ਕਿਹਾ ਕਿ ਅੱਜ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਛੁਟਕਾਰਾ ਚਾਹੁੰਦੇ ਹਨ ਤੇ ਘਰਘਰ ਭਾਜਪਾ ਦੀ ਸਰਕਾਰ ਦੀ ਮੰਗ ਉੱਠ ਰਹੀ ਹੈ ਜਿਸ ਲਈ 2024 ਦੀ ਲੋਕ ਸਭਾ ਚੋਣਾਂ ਬੇਹੱਦ ਅਹਿਮ ਹਨ। ਲਾਲਪੁਰਾ ਨੇ ਕਿਹਾ ਕਿ ਪੰਜਾਬ ਸਿਰ ਅੰਤਾਂ ਦਾ ਕਰਜ਼ਾ ਹੈ, ਜਿਸ ਨੂੰ ਖਤਮ ਕਰਨ ਲਈ ਆਮ ਆਦਮੀ ਪਾਰਟੀ ਨੇ ਲੋਕਾਂ ਨੂੰ ਹਜ਼ਾਰਾਂ ਕਰੋੜਾਂ ਦੀ ਆਮਦਨ ਪੈਦਾ ਕਰਨ ਵਾਲੀਆਂ ਪਾਲਿਸੀਆਂ ਦਾ ਸੁਪਨਾ ਦਿਖਾਇਆ ਸੀ, ਪਰ ਹਾਲੇ ਤੱਕ ਅਜਿਹੀ ਕੋਈ ਪਾਲਿਸੀ ਹੋਂਦ ਵਿਚ ਨਹੀਂ ਆਈ ਬੱਸ ਲੋਕਾਂ ਨੂੰ ਬੇਵਕੂਫ ਬਣਾਇਆ ਜਾ ਰਿਹਾ ਹੈ ਜਦੋਂ ਕਿ ਸ੍ਰੀ ਅਨੰਦਪੁਰ ਸਾਹਿਬ ਖੇਤਰ ਵਿਚ ਬੀਤੇ ਸਮੇਂ ਹੋਈ ਨਜਾਇਜ਼ ਮਾਈਨਿੰਗ ਅਤੇ ਪੀਏਸੀਐਲ ਘੁਟਾਲੇ ਨੂੰ ਲੈ ਕੇ ਵੀ ਉਨ੍ਹਾਂ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕੀਤੇ। ਉਨ੍ਹਾਂ ਕਿਹਾ ਕਿ ਕੇਂਦਰ ਦੀਆਂ 700 ਤੋਂ ਵੀ ਵੱਧ ਸਕੀਮਾਂ ਹਨ ਜਿਨ੍ਹਾਂ ਰਾਹੀਂ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਿਆ ਜਾ ਸਕਦਾ ਹੈ ਪਰ ਅਫਸੋਸ ਕਿ ਕਦੇ ਵੀ ਸੂਬਾ ਸਰਕਾਰ ਵਲੋਂ ਇਸ ਲਈ ਕੋਈ ਵਿਸ਼ੇਸ਼ ਉਪਰਾਲਾ ਨਹੀਂ ਕੀਤਾ ਗਿਆ ਪਰ ਹੁਣ ਸਾਡੀ ਨਵੀਂ ਟੀਮ ਇਸ ਮਿਸ਼ਨ ਨੂੰ ਪੂਰਾ ਕਰੇਗਾ ਤੇ ਲੋਕਾਂ ਨੂੰ ਸਕੀਮਾਂ ਬਾਬਤ ਜਾਗਰੂਕ ਕਰੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕੇਂਦਰੀ ਸਕੀਮਾਂ ਦਾ ਲਾਭ ਲੈਣ ਵਿਚ ਕਿਸੇ ਕਿਸਮ ਦੀ ਵੀ ਦਿੱਕਤ ਜਾਂ ਪ੍ਰੇਸ਼ਾਨੀ ਪੇਸ਼ ਆਉਂਦੀ ਹੈ ਤਾਂ ਉਹ ਉਨ੍ਹਾਂ ਦੀ ਟੀਮ ਜਾਂ ਸਿੱਧੇ ਉਨ੍ਹਾਂ ਨਾਲ ਕਿਸੇ ਵੀ ਸਮੇਂ ਸੰਪਰਕ ਕਰ ਸਕਦੇ ਹਨ। ਇਸ ਮੌਕੇ ਕੰਵਰ ਪੋਸਵਾਲ, ਰਵੀ ਦੱਤ ਸਰਮਾ, ਜੀਵਨ ਚੌਧਰੀ, ਰਾਜਿੰਦਰ ਸਿੰਘ, ਸੋਮਨਾਥ ਸੈਣੀ, ਰਾਜਿੰਦਰ ਨਿਸਾ, ਪ੍ਰੇਮ ਚੰਦ, ਮੰਗਤ ਰਾਮ, ਰਾਕੇਸ ਰਾਣਾ, ਅਸ਼ੋਕ ਕੁਮਾਰ, ਲਛਮੀ ਦੇਵੀ, ਸੰਕਰ ਰਾਣਾ, ਅਵਤਾਰ ਸਿੰਘ, ਉਸਾ ਦੇਵੀ, ਗੁਰਵਿੰਦਰ ਲਾਡੀ, ਅਜਮੇਰ ਸਿੰਘ, ਸੂਰਤ ਰਾਮ, ਰਾਜੇਸ ਕੁਮਾਰ, ਜਗਤਾਰ ਸਿੰਘ, ਰਾਮ ਲਾਲ, ਛੋਟੂ ਰਾਮ, ਰਾਮ ਲਾਲ, ਸੁਜੇ ਕੁਮਾਰ, ਜੋਸੀ ਪਾਲਸੀ ਆਦਿ ਹਾਜਰ ਸਨ।



# ਸੋਸ਼ਲ ਮੀਡੀਆ ਰਾਹੀਂ ਨਾਮਣਾ ਖੱਟਣ ਵਾਲਾ ਵਿਦਿਆਰਥੀ ਵਿਸ਼ਾਲ ਬੁਜਰਕ ਸਨਮਾਨਤ

**ਪਾਤੜਾਂ, (ਭੁਪਿੰਦਰਜੀਤ ਮੌਲਵੀਵਾਲਾ)**

ਸ਼ਹਿਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਵਿਸਾਲ ਬੁਜਰਕ ਨੂੰ ਸੋਸਲ ਮੀਡੀਆ ਰਾਹੀਂ ਨਾਮਣਾ ਖੱਟਣ ਕਰਕੇ ਵਿਸ਼ੇਸ਼ ਤੌਰ 'ਤੇ ਸਕੂਲ ਦੇ ਸਟਾਫ ਵੱਲੋਂ ਪ੍ਰਸੰਸਾ ਪੱਤਰ ਅਤੇ ਮਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਪ੍ਰਿਸੀਪਲ ਡਾ.ਜਤਿੰਦਰ ਕੁਮਾਰ ਬਾਂਸਲ ਨੇ ਕਿਹਾ ਕਿ ਸੋਸਲ ਮੀਡੀਆ ਰਾਹੀਂ ਸਮਾਜ ਨੂੰ ਵਧੀਆ ਸੇਧ ਦਿੱਤੀ ਜਾ ਸਕਦੀ ਹੈ। ਕਿਉਕਿ ਹੁਣ ਹਰ ਵਿਅਕਤੀ ਦੇ ਹੱਥ 'ਚ ਮੋਬਾਇਲ ਮੌਜੂਦ ਹੈ। ਪਰ ਕੁਝ ਲੋਕ ਇਸ ਪ੍ਰਨਾਲੀ ਦੀ ਗਲਤ ਵਰਤੋਂ ਵੀ ਕਰਦੇ ਹਨ। ਜਿਸ ਕਰਕੇ ਅਜਿਹੇ ਕੰਮਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਨਗਰ ਕੌਂਸਲ ਦੇ ਪ੍ਰਧਾਨ ਰਣਵੀਰ ਸਿੰਘ ਨੇ ਕਿਹਾ ਕਿ ਵਿਸਾਲ ਬੁਜਰਕ ਨੇ ਬਹੁਤ ਛੋਟੀ ਉਮਰ ਵਿੱਚ ਯੂ ਟਿਊਬ ਪ੍ਰਣਾਲੀ ਰਾਹੀਂ ਸਮਾਜ ਨੂੰ ਸਹੀ ਸੇਧ ਦੇਣ ਦੀ ਕੋਸ਼ਿਸ਼ ਕੀਤੀ ਹੈ ਅਤੇ ਹਰ ਅਸੰਭਵ ਕੋਸ਼ਿਸ਼ ਕਰ ਵੀ ਰਿਹਾ ਹੈ। ਸਮਾਜ ਵਿੱਚ ਫੈਲ ਰਹੀਆਂ ਬੁਰਾਈਆਂ ਨੂੰ ਖਤਮ ਕਰਨ ਲਈ ਸੋਸਲ ਮੀਡੀਆ ਬਹੁਤ ਵਧੀਆ ਮਾਧਿਅਮ ਬਣ ਗਿਆ ਹੈ। ਸਮਾਜ ਸੇਵੀ ਬ੍ਰਿਸ ਭਾਨ ਬੁਜਰਕ ਨੇ ਬੋਲਦਿਆਂ ਕਿਹਾ ਕਿ ਭਾਵੇ ਵੱਡੀ ਗਿਣਤੀ 'ਚ ਲੋਕ ਸੋਸਲ ਮੀਡੀਆ 'ਤੇ ਨਿਰਭਰ ਹੋ ਗਏ ਹਨ ਪਰ ਲੋਕਾਂ ਦਾ ਅੱਜ ਵੀ ਅਖਬਾਰਾਂ 'ਚ ਛਪਦੇ ਸਮਾਚਾਰਾਂ 'ਤੇ ਵੱਧ ਵਿਸਵਾਸ ਹੈ। ਕਿਉਕਿ ਸੋਸਲ ਮੀਡੀਆ ਨੂੰ ਚਲਾਉਣ ਵਾਲੇ ਜਿਆਦਾਤਰ ਲੋਕ ਜ਼ਿੰਮੇਵਾਰੀ ਨਾਲ ਕੰਮ ਨਹੀ ਕਰ ਰਹੇ। ਵਿਸਾਲ ਬੁਜਰਕ ਨੇ ਛੋਟੀ ਉਮਰ ਵਿੱਚ ਵੱਡੀ ਪੁਲਾਂਘ ਪੁੱਟਦੇ ਹੋਏ ਪੂਰੀ ਜ਼ਿੰਮੇਵਾਰੀ ਨਾਲ ਕੰਮ ਕੀਤਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਟੇਕ ਇੰਦਰ ਸਿੰਗਲਾ,ਮੈਡਮ ਚਾਰੂ ਮੋਹਨ ਅਤੇ ਸਕੂਲ ਦਾ ਸਮੂਹ ਸਟਾਫ ਹਾਜਰ ਸੀ।



# 'ਕਿਸਾਨ ਮਿੱਤਰ' ਕਿਸਾਨਾਂ ਨੂੰ ਨਰਮਾ ਤੇ ਬਾਸਮਤੀ ਉਗਾਉਣ ਲਈ ਉਤਸ਼ਾਹਤ ਕਰਨ : ਧਾਲੀਵਾਲ

**ਚੰਡੀਗੜ੍ਹ, (ਗੁਰਜੀਤ ਬਿੱਲਾ)**—ਪੰਜਾਬ ਦੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਵੀਡੀਓ ਕਾਨਫਰੰਸਿੰਗ ਜ਼ਰੀਏ ਕਿਸਾਨ ਮਿੱਤਰਾਂ ਨੂੰ ਸੰਬੋਧਿਤ ਕੀਤਾ। ਕਿਸਾਨ ਮਿੱਤਰਾਂ ਦੀ ਨਿਯੁਕਤੀ ਤੋਂ ਬਾਅਦ ਧਾਲੀਵਾਲ ਦੀ ਇਹ ਪਹਿਲੀ ਮੀਟਿੰਗ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਸੂਬੇ ਨੂੰ 'ਰੰਗਲਾ ਪੰਜਾਬ' ਬਣਾਉਣ ਦੇ ਭਰਪੂਰ ਯਤਨ ਕਰ ਰਹੀ ਹੈ ਅਤੇ ਪੰਜਾਬ ਨੂੰ ਰੰਗਲਾ ਬਣਾਉਣ ਲਈ ਖੇਤੀਬਾੜੀ ਦਾ ਖੁਸ਼ਹਾਲ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਖੇਤੀਬਾੜੀ ਨੂੰ ਖੁਸ਼ਹਾਲ ਬਣਾਉਣ ਲਈ ਇਸ ਵਿੱਚ ਬਦਲਵੀਆਂ ਫਸਲਾਂ ਹੇਠ ਰਕਬਾ ਵਧਾਉਣਾ ਲਾਜ਼ਮੀ ਹੋ ਗਿਆ ਹੈ। ਉਨ੍ਹਾਂ ਕਿਸਾਨ ਮਿੱਤਰਾਂ ਨੂੰ ਪ੍ਰੇਰਿਤ ਕੀਤਾ ਕਿ ਵੱਧ ਤੋਂ ਵੱਧ ਕਿਸਾਨਾਂ ਨੂੰ ਝੋਨੇ ਦੀ ਬਜਾਏ ਫਸਲੀ ਵਿਭਿੰਨਤਾ ਵਾਲੀਆਂ ਫ਼ਸਲਾਂ ਜਿਵੇਂ ਕਿ ਨਰਮਾ ਅਤੇ ਬਾਸਮਤੀ ਉਗਾਉਣ ਲਈ ਉਤਸ਼ਾਹਿਤ ਕੀਤਾ ਜਾਵੇ। ਧਾਲੀਵਾਲ ਨੇ ਕਿਹਾ ਕਿ ਨਰਮੇ ਦੀ ਫਸਲ ਨੂੰ ਜ਼ਿਆਦਾ ਤੋਂ ਜ਼ਿਆਦਾ ਰਕਬੇ ਵਿਚ ਬੀਜਣ ਲਈ ਕਿਸਾਨ ਮਿੱਤਰ ਆਪਣਾ ਅਹਿਮ ਰੋਲ ਅਦਾ ਕਰਨ। ਉਨ੍ਹਾਂ ਕਿਹਾ ਕਿ ਵੱਧ ਤੋਂ ਵੱਧ ਕਿਸਾਨਾਂ ਨੂੰ ਕਣਕ-ਝੋਨੇ ਦੇ ਚੱਕਰ 'ਚੋਂ ਕੱਢਣ ਲਈ ਫਸਲੀ ਵਿਭਿੰਨਤਾ ਵੱਲ ਲੈ ਕੇ ਜਾਣਾ ਕਿਸਾਨ ਮਿੱਤਰਾਂ ਦੀ ਮੁੱਖ ਡਿਊਟੀ ਹੈ। ਇਸ ਮੌਕੇ ਧਰਤੀ ਹੇਠਲੇ ਪਾਣੀ ਦੇ ਡੂੰਘੇ ਹੋ ਰਹੇ ਪੱਧਰ 'ਤੇ ਵੀ ਖੇਤੀਬਾੜੀ ਮੰਤਰੀ ਨੇ ਚਿੰਤਾ ਪ੍ਰਗਟਾਈ। ਧਾਲੀਵਾਲ ਨੇ ਕਿਹਾ ਕਿ ਕਿਸਾਨ ਮਿੱਤਰ ਝੋਨੇ ਦੀ ਥਾਂ ਨਰਮੇ ਅਤੇ ਬਾਸਮਤੀ ਜਿਹੀਆਂ ਬਦਲਵੀਆਂ ਫਸਲਾਂ ਬੀਜਣ ਬਾਰੇ ਸਰਕਾਰ ਵਲੋਂ ਲਏ ਫੈਸਲੇ ਅਨੁਸਾਰ ਕਿਸਾਨਾਂ ਨੂੰ ਲਗਾਤਾਰ ਜਾਣਕਾਰੀ ਦੇ ਕੇ ਸਿੱਖਿਅਤ ਕਰਦੇ ਰਹਿਣ। ਉਨ੍ਹਾਂ ਕਿਸਾਨ ਮਿੱਤਰਾਂ ਨੂੰ ਭਰੋਸਾ ਦਿੱਤਾ ਕਿ ਸਮੇਂ ਸਮੇਂ 'ਤੇ ਨਿਯਮਤ ਸਿਖਲਾਈ ਪ੍ਰੋਗਰਾਮਾਂ ਅਤੇ ਕੈਂਪਾਂ ਦਾ ਪ੍ਰਬੰਧ ਕਰਨ ਵਿੱਚ ਖੇਤੀਬਾੜੀ ਵਿਭਾਗ ਦੇ ਅਧਿਕਾਰੀ/ਕਰਮਚਾਰੀ ਉਨ੍ਹਾਂ ਦੀ ਮਦਦ ਕਰਦੇ ਰਹਿਣਗੇ। ਇਸ ਤੋਂ ਪਹਿਲਾਂ ਕਿਸਾਨ ਮਿੱਤਰਾਂ ਨੂੰ ਢੁਕਵੀਂ ਸਿਖਲਾਈ ਵੀ ਦਿੱਤੀ ਗਈ ਹੈ ਤਾਂ ਜੋ ਕਿਸਾਨਾਂ ਨੂੰ ਬਦਲਵੀਆਂ ਫਸਲਾਂ ਬੀਜਣ ਲਈ ਉਤਸ਼ਾਹਿਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਕਿਸਾਨ ਮਿੱਤਰਾਂ ਨਾਲ ਉੱਚ ਅਧਿਕਾਰੀ ਹਰ ਸੋਮਵਾਰ ਮੀਟਿੰਗ ਕਰਿਆ ਕਰਨਗੇ ਅਤੇ ਇਸ ਮੀਟਿੰਗ ਵਿਚ ਬਲਾਕ ਪੱਧਰ ਦੇ ਅਤੇ ਜ਼ਿਲ੍ਹਾ ਵਿਕਾਸ ਖੇਤੀ ਅਫਸਰ ਵੀ ਹਾਜ਼ਰ ਰਹਿਣਗੇ। ਖੇਤੀ ਮੰਤਰੀ ਨੇ ਕਿਹਾ ਕਿ ਕਿਸਾਨ ਮਿੱਤਰ ਖੇਤੀ ਸਮੱਗਰੀ ਜਿਵੇਂ ਕਿ ਕੀਟਨਾਸ਼ਕਾਂ, ਖਾਦਾਂ ਆਦਿ ਦੀ ਵਰਤੋਂ ਦੇ ਸਬੰਧ ਵਿੱਚ ਸਹੀ ਫੈਸਲੇ ਲੈਣ ਵਿੱਚ ਕਿਸਾਨਾਂ ਨੂੰ ਜਾਗਰੂਕ ਕਰਨ। ਇਸ ਤੋਂ ਇਲਾਵਾ ਨਰਮਾ ਪੱਟੀ ਵਿੱਚ ਸੱਠੀ ਮੂੰਗੀ ਬੀਜਣ ਤੋਂ ਰੋਕਣ ਲਈ ਵੀ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇ ਕਿਉਂਕਿ ਨਰਮੇ ਦੇ ਆਲੇ-ਦੁਆਲੇ ਖੇਤਾਂ ਵਿੱਚ ਮੂੰਗੀ ਬੀਜਣ ਨਾਲ ਚਿੱਟੀ ਮੱਖੀ ਦਾ ਵਾਧਾ ਹੁੰਦਾ ਹੈ। ਚਿੱਟੀ ਮੱਖੀ ਦੇ ਹਮਲੇ ਕਾਰਣ ਕਿਸਾਨਾਂ ਦਾ ਨੁਕਸਾਨ ਹੋ ਸਕਦਾ ਹੈ। ਕਾਬਿਲੇਗੌਰ ਹੈ ਕਿ ਕਿਸਾਨ ਮਿੱਤਰਾਂ ਦੀ ਪ੍ਰਗਤੀ ਰਿਪੋਰਟ ਵਾਚਣ ਲਈ ਇਕ ਐਪ ਬਣਾਇਆ ਗਿਆ ਹੈ ਜਿਸ ਵਿਚ ਕਿਸਾਨ ਮਿੱਤਰ ਰੋਜ਼ਾਨਾ ਡਾਟਾ ਭਰਕੇ ਕੀਤੇ ਗਏ ਕੰਮਾਂ ਦੀ ਪ੍ਰਗਤੀ ਦੇਣਗੇ। ਉਨ੍ਹਾਂ ਦੇ ਕੰਮ ਦੀ ਹਰ ਹਫਤੇ ਸਮੀਖਿਆ ਹੋਇਆ ਕਰੇਗੀ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਪੰਜਾਬ ਸਰਕਾਰ ਵਲੋਂ ਕਿਸਾਨ ਮਿੱਤਰਾਂ ਨੂੰ 5000 ਰੁਪਏ ਮਾਣਭੱਤਾ ਦਿੱਤਾ ਜਾਵੇਗਾ। ਧਾਲੀਵਾਲ ਨੇ ਇਹ ਵੀ ਐਲਾਨ ਕੀਤਾ ਕਿ ਉਹ ਖੁਦ ਦੌਰਾ ਕਰਕੇ ਕਿਸਾਨ ਮਿੱਤਰਾਂ ਨੂੰ ਨਿੱਜੀ ਰੂਪ ਵਿਚ ਮਿਲਣਗੇ ਅਤੇ ਵਧੀਆ ਕੰਮ ਕਰਨ ਵਾਲੇ ਕਿਸਾਨ ਮਿੱਤਰਾਂ ਦੀ ਹੌਂਸਲਾ ਅਫਜਾਈ ਵੀ ਕੀਤੀ ਜਾਵੇਗੀ।

# ਵਿਸ਼ਾਲ ਭੰਡਾਰਾ ਤੇ ਮਹਿਫਲ ਮਸਤਾਂ ਦੀ ਸਮਾਗਮ ਕਰਵਾਇਆ

**ਮਹਿਲ ਕਲਾਂ (ਬਲਵਿੰਦਰ ਵਜੀਦਕੇ)**

ਡੇਰਾ ਬਾਬਾ ਭਜਨ ਸਿੰਘ ਜੀ ਪਿੰਡ ਦੀਵਾਨਾ ਵੱਲੋਂ ਮੁੱਖ ਸੇਵਾਦਾਰ ਬਾਬਾ ਜੰਗ ਸਿੰਘ ਦੀਵਾਨਾ ਦੀ ਅਗਵਾਈ ਹੇਠ ਗ੍ਰਾਮ ਪੰਚਾਇਤ, ਐਨਆਰਆਈ ਭਰਾਵਾਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਵਿਸ਼ਾਲ ਭੰਡਾਰਾ ਅਤੇ ਮਹਿਫਲ ਮਸਤਾਂ ਦੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਘੱਟ ਗਿਣਤੀ ਕਮਿਸਨ ਦੇ ਮੈਬਰ ਪੂਨਮ ਕਾਗੜਾ,ਦਰਸਨ ਸਿੰਘ ਕਾਗੜਾ, ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਕੈਪਟਨ ਅਮਰਿੰਦਰ ਸਿੰਘ ਦੇ ਓਐਸਡੀ ਅੰਕਿਤ ਬਾਸਲ,ਵਿਧਾਇਕ ਮਨਜੀਤ ਸਿੰਘ ਬਿਲਾਸਪੁਰ,ਡੀਐਸਪੀ ਮਹਿਲ ਕਲਾਂ ਗਮਦੂਰ ਸਿੰਘ ਚਹਿਲ, ਬਾਬਾ ਨੂਰਦੀਨ ਜਗਰਾਉ, ਮਹੰਤ ਕਿਰਨ ਸਿੱਧੂ, ਬਾਬਾ ਗੁਰਚਰਨ ਸਿੰਘ ਮੂੰਮ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਕੱਵਾਲ ਰਫੀ ਹਿੰਮਤਪੁਰਾ ਐਂਡ ਪਾਰਟੀ, ਕੱਵਾਲ ਨਜਾਕ ਅਲੀ ਜਗਰਾਓ ਤੇ ਯੋਗੀ ਮੋਗਾ ਐਂਡ ਪਾਰਟੀ ਵੱਲੋਂ ਕੱਵਾਲੀਆਂ ਰਾਹੀ ਪੀਰਾਂ ਦਾ ਜਸ ਗਾਇਨ ਕੀਤਾ ਗਿਆ। ਇਸ ਮੌਕੇ ਲੋਕ ਗਾਇਕ ਮਨੀ ਗਿੱਲ, ਦੋਗਾਣਾ ਜੋੜੀ ਰੇਸਮ ਸਿਕੰਦਰ ਤੇ ਬੀਬਾ ਬੀ ਕੌਰ, ਗੌਰਵ ਦੀਵਾਨਾ ਤੇ ਕੇਵਲ ਸੌਂਕੀ ਨੇ ਗੀਤਾਂ ਰਾਹੀ ਰੰਗ ਬੰਨਿਆ ਅਤੇ ਪ੍ਰੀਤ ਮਹੰਤ ਐਂਡ ਪਾਰਟੀ ਵੱਲੋਂ ਹਾਜਰੀ ਲਗਵਾਈ ਗਈ । ਇਸ ਮੌਕੇ ਦਰਸਨ ਸਿੰਘ ਕਾਗੜਾ ਅਤੇ ਅੰਕਿਤ ਬਾਂਸਲ ਨੇ ਕਿਹਾ ਕਿ ਗੁਰੂਆਂ ਪੀਰਾਂ ਦੀ ਇਸ ਧਰਤੀ ਤੇ ਹਮੇਸਾ ਹੀ ਖੁਸੀਆਂ ਵਿੱਚ ਮਹਿਫਲਾਂ ਲੱਗਦੀਆਂ ਰਹਿਣ। ਉਹਨਾਂ ਬਾਬਾ ਜੰਗ ਸਿੰਘ ਦੀਵਾਨਾ ਤੇ ਗੁਰਦੀਪ ਸਿੰਘ ਦੀਵਾਨਾ ਵੱਲੋਂ ਕੀਤੇ ਜਾਂਦੇ ਸਮਾਜ ਭਲਾਈ ਕੰਮਾਂ ਦੀ ਵੀ ਸ਼ਲਾਘਾ ਕੀਤੀ ਗਈ। ਇਸ ਮੌਕੇ ਪਹਿਲੀਆਂ ਪੁਜੀਸ਼ਨਾਂ ਹਾਸਲ ਕਰ ਵਾਲੇ ਬੱਚਿਆਂ ਨੂੰ ਕਾਪੀਆਂ, ਸਕੂਲ ਲਈ ਪੱਖੇ, ਸੀਮੈਂਟ ਦੀਆਂ ਬੋਰੀਆਂ ਅਤੇ 5 ਬੱਚਿਆਂ ਨੂੰ ਕੁੜਤਾ ਪਜਾਮਾ ਤੇ ਦਸਤਾਰਾਂ ਭੇਂਟ ਕੀਤੇ ਗਏ। ਅਖੀਰ ਬਾਬਾ ਜੰਗ ਸਿੰਘ ਦੀਵਾਨਾ, ਪ੍ਰਧਾਨ ਗੁਰਦੀਪ ਸਿੰਘ ਦੀਵਾਨਾ, ਸੂਬੇਦਾਰ ਬਲਜੀਤ ਸਿੰਘ ਸੁਧਾਰ, ਅਤੇ ਬਹਾਦਰ ਸਿੰਘ ਕੁਵੈਤ ਵੱਲੋਂ ਪੁੱਜੀਆਂ ਸਖਸੀਅਤਾਂ, ਸੰਤਾਂ ਮਹਾਪੁਰਸ਼ਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਐਸਐਚਓ ਟੱਲੇਵਾਲ ਮੁਨੀਸ ਕੁਮਾਰ, ਐਸ ਐਚ ਓ ਮਹਿਲ ਕਲਾਂ ਕਮਲਜੀਤ ਸਿੰਘ ਗਿੱਲ, ਗੁਰਮੇਲ ਸਿੰਘ ਮੌੜ, ਕੁਲਵੰਤ ਸਿੰਘ ਟਿੱਬਾ, ਨਿਰਭੈ ਸਿੰਘ ਛੀਨੀਵਾਲ,ਬਾਬਾ ਮੱਘਰ ਸਿੰਘ,ਬਾਬਾ ਸਰਦਾਰਾ ਖਾਨ ਭਦੌੜ,ਬਾਬਾ ਨੀਲਾ ਸਲਾਬਤਪੁਰਾ, ਬਾਬਾ ਜਗਸੀਰ ਸਾਹ, ਏਐਸਆਈ ਹਰਪਾਲ ਸਿੰਘ,ਸਰਪੰਚ ਰਣਧੀਰ ਸਿੰਘ ਦੀਵਾਨਾ, ਢਾਡੀ ਜਸਵੰਤ ਸਿੰਘ ਦੀਵਾਨਾ,ਜੋਤ ਵੜਿੰਗ,ਯਾਦਵਿੰਦਰ ਸਿੰਘ ਬਿੱਟੂ ਦੀਵਾਨਾ, ਪਿਆਰਾ ਸਿੰਘ ਮਾਹਮਦਪੁਰ,ਡਾ ਮਿੱਠੂ ਮੁਹੰਮਦ, ਨਿਰਭੈ ਸਿੰਘ ਛੀਨੀਵਾਲ, ਸਰਬਜੀਤ ਸਿੰਘ ਸੰਭੂ ਮਹਿਲ ਕਲਾਂ, ਬੱਗਾ ਸਿੰਘ ਮਹਿਲ ਕਲਾਂ, ਹੁਸ਼ੈਨ, ਪਾਲਾ ਲੱਖਾ, ਰਣਜੀਤ ਸਿੰਘ ਰਾਣਾ, ਹਾਕਮ ਸਿੰਘ ਗਹਿਲ, ਦਰਸਨ ਸਿੰਘ ਸੋਹੀ, ਨੰਬਰਦਾਰ ਗੁਰਮੁੱਖ ਸਿੰਘ ਹਮੀਦੀ ਨੰਬਰਦਾਰ ਕੋਮਲਜੀਤ ਸਿੰਘ ਚੁਹਾਣਕੇ, ਅਮਰਜੀਤ ਸਿੰਘ ਮਹਿਲ ਕਲਾਂ ,ਗੁਰਸੇਵਕ ਸਹੋਤਾ, ਬਲਜੀਤ ਸਿੰਘ ਬਬਲੂ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।



# ਬਾਬਾ ਬਾਲਕ ਨਾਥ ਮੰਦਰ ਕਮੇਟੀ ਵੱਲੋਂ 18ਵਾਂ ਸਾਲਾਨਾ ਭੰਡਾਰਾ ਧੂਮਧਾਮ ਸੰਪੰਨ

**ਸੁਲਤਾਨਪੁਰ ਲੋਧੀ, ( ਹਨੀ )**

ਬਾਬਾ ਬਾਲਕ ਨਾਥ ਮੰਦਰ ਪ੍ਰਬੰਧਕ ਕਮੇਟੀ ਸ਼ਤਾਬਗੜ੍ਹ ਰੋਡ ਸੁਲਤਾਨਪੁਰ ਲੋਧੀ ਵੱਲੋਂ ਉੱਘੇ ਸਮਾਜ ਸੇਵਕ ਲਾਲਾ ਦੌਲਤ ਰਾਮ ਛੁਰਾ ਦੀ ਅਗਵਾਈ ਹੇਠ ਬਾਬਾ ਜੀ ਦਾ ਸਾਲਾਨਾ 18ਵਾਂ ਸਾਲਾਨਾ ਭੰਡਾਰਾ ਬ੍ਰਾਹਮਣ ਸਭਾ ਦੇ ਸਹਿਯੋਗ ਨਾਲ ਬਾਬਾ ਬਾਲਕ ਨਾਥ ਜੀ ਦੇ ਮੰਦਿਰ ਵਿਖੇ ਬਹੁਤ ਹੀ ਧੂਮਧਾਮ ਤੇ ਸ਼ਰਧਾ ਪੂਰਵਕ ਕਰਵਾਇਆ ਗਿਆ। ਸਾਲਾਨਾ ਭੰਡਾਰੇ ਵਿੱਚ ਹਲਕੇ ਦੀਆਂ ਵੱਖ ਵੱਖ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਜੱਥੇਬੰਦੀਆਂ ਤੇ ਬਾਬਾ ਜੀ ਦੇ ਭਗਤਾਂ ਨੇ ਬਹੁਤ ਉਤਸ਼ਾਹ ਤੇ ਸ਼ਰਧਾ ਨਾਲ ਹਿੱਸਾ ਲਿਆ। ਇਸ ਮੌਕੇ ਕਰਵਾਏ ਧਾਰਮਿਕ ਸਮਾਗਮ ਵਿਚ ਆਪ ਦੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ, ਚੰਚਲ ਸਿੰਘ ਖਾਲਸਾ, ਸ਼ਹਿਰੀ ਪ੍ਰਧਾਨ ਅਕਾਸਦੀਪ ਸਿੰਘ, ਨਗਰ ਕੌਂਸਲ ਪ੍ਰਧਾਨ ਦੀਪਕ ਧੀਰ ਰਾਜੂ, ਮੀਤ ਪ੍ਰਧਾਨ ਨਵਨੀਤ ਸਿੰਘ ਚੀਮਾ, ਅਨਿਲ ਭੋਲਾ ਚੇਅਰਮੈਨ ਗੋਪਾਲ ਗੋਧਾਮ, ਸਾਬਕਾ ਪ੍ਰਧਾਨ ਅਸ਼ੋਕ ਮੋਗਲਾ, ਸਾਬਕਾ ਚੇਅਰਮੈਨ ਤੇਜਵੰਤ ਸਿੰਘ ਕੌਂਸਲਰ, ਸੰਤਪ੍ਰੀਤ ਸਿੰਘ ਐਮਸੀ, ਪਵਨ ਕਨੌਜੀਆ ਐਮਸੀ, ਸਾਬਕਾ ਕੌਂਸਲਰ ਜੁਗਲ ਕਿਸੋਰ ਕੋਹਲੀ, ਸੰਜੀਵ ਮਰਵਾਹਾ ਸਾਬਕਾ ਕੌਂਸਲਰ ਅਤੇ ਹੋਰ ਪਤਵੰਤਿਆਂ ਦਾ ਵਿਸੇਸ ਸਨਮਾਨ ਕੀਤਾ। ਧਾਰਮਿਕ ਸਮਾਗਮ ਤੇ ਭੰਡਾਰੇ ਤੋਂ ਪਹਿਲਾਂ ਸਵੇਰੇ ਬਾਬਾ ਜੀ ਦੇ ਚੋਲੇ ਦੀ ਰਸਮ 'ਤੇ ਝੰਡਾ ਚੜ੍ਹਾਉਣ ਦੀ ਰਸਮ ਵਿਧੀਪੂਰਵਕ ਬਾਬਾ ਜੀ ਦੀ ਪੂਜਾ ਅਰਚਨਾ ਕਰ ਕੇ ਨਿਭਾਈ ਗਈ। ਧਾਰਮਿਕ ਸਮਾਗਮ ਵਿਚ ਬਾਬਾ ਜੀ ਦੇ ਭਜਨਾਂ ਦੀ ਵਰਖਾ ਬਾਬਾ ਜੀ ਦੇ ਪਰਮ ਸੇਵਕ ਗੌਤਮ ਜਲੰਧਰੀ ਨੇ ਕੀਤੀ। ਉਪਰੰਤ ਬਾਬਾ ਪੌਣਾਹਾਰੀ ਦੇ ਭਜਨ ਨਾਲ ਭਗਤਾਂ ਵਿਚ ਸੰਗਤਾਂ ਝੂਮਣ ਲੱਗ ਪਈਆਂ। ਬਾਬਾ ਜੀ ਨੂੰ ਰੋਟ ਦੇ ਪ੍ਰਸ਼ਾਦ ਦਾ ਭੋਗ ਲਗਾ ਕੇ ਭਗਤਾਂ 'ਚ ਵੰਡਿਆ ਗਿਆ। ਇਸ ਮੌਕੇ ਲਾਲਾ ਦੌਲਤ ਰਾਮ ਛੁਰਾ, ਹੈਪੀ ਛੁਰਾ, ਸੋਨੂ ਛੁਰਾ, ਕੁਲਦੀਪ ਚੰਦ ਛੁਰਾ, ਤੁਸ਼ਾਰ ਛੁਰਾ, ਨਵਲ ਕਿਸ਼ੋਰ ਭਨੋਟ, ਸਟੇਟ ਐਵਾਰਡੀ ਲਖਪਤ ਰਾਏ ਪ੍ਰਭਾਕਰ, ਸੰਜੇ ਧੀਰ, ਮਿੰਟਾ ਧੀਰ, ਭਾਜਪਾ ਆਗੂ ਸ਼ਾਮ ਸੁੰਦਰ ਅਗਰਵਾਲ, ਜੈਪਾਲ ਢੀਂਗਰਾ, ਗੁਰਦਿਆਲ ਸਿੰਘ ਅਰੋੜਾ, ਕੁਲਵੰਤ ਰਾਏ ਅਰੋੜਾ, ਬਲਦੇਵ ਸਿੰਘ ਚੇਅਰਮੈਨ, ਰਾਮ ਸਿੰਘ, ਦੀਵਾਨ ਦੀਪਕ ਧੀਰ, ਵਰਿੰਦਰ ਸਲਪੋਨਾ, ਸ਼ਸ਼ੀ ਚੋਪੜਾ, ਭੀਮ ਸੈਨ ਛੁਰਾ, ਚੰਦਰ ਛੁਰਾ, ਸ਼ਿਵ ਕੁਮਾਰ ਕਨੋਜੀਆ, ਡਿੰਪਲ ਅਰੋੜਾ, ਮੋਹਨ ਗੁਪਤਾ, ਪ੍ਰੋ ਐਸ ਐਸ ਥਿੰਦ, ਪ੍ਰਿੰਸੀਪਲ ਬਲਦੇਵ ਰਾਜ ਵਧਵਾ, ਐਡਵੋਕੇਟ ਰਕੇਸ ਪਾਲ ਪੂਰੀ, ਵਿਪਨ ਮੋਗਲਾ, ਸੋਨੂੰ ਕਨੌਜੀਆ, ਭੂਗੋਲ ਦਾ ਪਾਠ ਅਸ਼ੋਕ ਗੁਗਲਾਨੀ, ਵਿਨੋਦ ਮਦਾਨ, ਅਸ਼ੋਕ ਕਨੌਜੀਆ, ਮੁਕੇਸ਼ ਅਰੋੜਾ, ਮੁਕੇਸ਼ ਸ਼ਰਮਾ, ਸੰਜੀਵ ਮੋਗਲਾ, ਰਾਜ ਕੁਮਾਰ ਰਾਜ, ਕਮਲਜੀਤ ਗੁਪਤਾ, ਗੁਲਸ਼ਨ ਗੁਪਤਾ, ਸੱਤਪਾਲ ਕਟਾਰੀਆ, ਡਾ ਕਪਿਲ ਲੂੰਬਾ, ਸੇਠ ਗੁਜਰਾਲ, ਮੁਕੇਸ਼ ਅਰੋੜਾ, ਸਤਪਾਲ ਮਨਚੰਦਾ, ਗੁਰਦਿਆਲ ਅਰੋੜਾ, ਰਾਜੂ ਮਨਚੰਦਾ, ਪੰਡਿਤ ਸੰਜੇ, ਦੀਪੂ ਮੜ੍ਹੀਆ, ਕੇਵਲ ਵਧਵਾ, ਵਿਸ਼ਾਲ ਟਕਸਾਲੀ ਆਦਿ ਵੱਡੀ ਗਿਣਤੀ ਵਿਚ ਬਾਬਾ ਜੀ ਦੇ ਭਗਤ ਵੀ ਮੌਜੂਦ ਸਨ।



4-April-PAGE-4.qxd 4/3/2023 10:16 PM Page 1



# ਪੱਛੜੇ ਭਾਈਚਾਰਿਆਂ ਦੇ ਵਿਦਿਆਰਥੀਆਂ ਨਾਲ ਦੂਜੇ ਦਰਜੇ ਦਾ ਸਲੂਕ

*ਕੇਂਦਰੀ ਸਿੱਖਿਆ ਰਾਜ ਮੰਤਰੀ ਸੁਭਾਸ਼ ਸਰਕਾਰ ਨੇ ਬੀਤੇ ਦਿਨ ਰਾਜ ਸਭਾ 'ਚ ਲਿਖਤੀ ਜਵਾਬ 'ਚ ਦੱਸਿਆ ਕਿ ਪਿਛਲੇ ਪੰਜ ਸਾਲਾਂ 'ਚ 6901 ਓ ਬੀ ਸੀ, 3596 ਐੱਸ ਸੀ ਤੇ 3949 ਐੱਸ ਟੀ ਵਿਦਿਆਰਥੀਆਂ ਨੇ ਕੇਂਦਰੀ ਯੂਨੀਵਰਸਿਟੀਆਂ 'ਚ ਡਰਾਪਆਊਟ ਕੀਤਾ। ਇਸ ਮਿਆਦ ਦੌਰਾਨ 2544 ਓ ਬੀ ਸੀ, 1362 ਐੱਸ ਸੀ ਤੇ 538 ਐੱਸ ਟੀ ਵਿਦਿਆਰਥੀ ਆਈ ਆਈ ਟੀ ਦੀ ਪੜ੍ਹਾਈ ਛੱਡ ਕੇ ਗਏ। 2018 ਤੋਂ 2023 ਤੱਕ ਓ ਬੀ ਸੀ, ਐੱਸ ਸੀ ਤੇ ਐੱਸ ਟੀ ਭਾਈਚਾਰੇ ਵਿੱਚੋਂ ਆਉਣ ਵਾਲੇ 19 ਹਜ਼ਾਰ ਤੋਂ ਵੱਧ ਵਿਦਿਆਰਥੀਆਂ ਨੇ ਕੇਂਦਰੀ ਯੂਨੀਵਰਸਿਟੀਆਂ, ਆਈ ਆਈ ਟੀ ਤੇ ਆਈ ਆਈ ਐੱਮ ਦੀ ਪੜ੍ਹਾਈ ਛੱਡੀ। ਤਾਮਿਲਨਾਡੂ ਦੀ ਸਾਂਸਦ ਤਿਰੁਚੀ ਸ਼ਿਵਾ ਨੇ ਇਨ੍ਹਾਂ ਭਾਈਚਾਰਿਆਂ ਦੇ ਵਿਦਿਆਰਥੀਆਂ ਵੱਲੋਂ ਪੜ੍ਹਾਈ ਛੱਡਣ ਦੇ ਅੰਕੜੇ ਪੁੱਛਣ ਤੋਂ ਇਲਾਵਾ ਆਪਣੇ ਸਵਾਲ 'ਚ ਇਹ ਜਾਨਣਾ ਚਾਹਿਆ ਸੀ ਕਿ ਕੀ ਸਰਕਾਰ ਨੇ ਇਨ੍ਹਾਂ ਉੱਚ ਵਿਦਿਅਕ ਅਦਾਰਿਆਂ ਦੇ ਓ ਬੀ ਸੀ, ਐੱਸ ਸੀ ਤੇ ਐੱਸ ਟੀ ਦੇ ਵਿਦਿਆਰਥੀਆਂ ਵੱਲੋਂ ਏਨੀ ਵੱਡੀ ਗਿਣਤੀ 'ਚ ਪੜ੍ਹਾਈ ਛੱਡਣ ਦੇ ਕਾਰਨਾਂ ਦੇ ਸੰਬੰਧ 'ਚ ਕੋਈ ਅਧਿਐਨ ਕੀਤਾ ਹੈ। ਮੰਤਰੀ ਨੇ ਕਿਹਾ ਕਿ ਕਮਜ਼ੋਰ ਆਰਥਿਕ ਪਿਛੋਕੜ ਤੋਂ ਆਉਣ ਵਾਲੇ ਵਿਦਿਆਰਥੀਆਂ ਦੀ ਪੜ੍ਹਾਈ ਲਈ ਸਰਕਾਰ ਨੇ ਫੀਸ 'ਚ ਕਮੀ, ਵਧੇਰੇ ਅਦਾਰਿਆਂ ਦੀ ਸਥਾਪਨਾ, ਵਜ਼ੀਫੇ, ਕੌਮੀ ਪੱਧਰ 'ਤੇ ਵਜ਼ੀਫਿਆਂ ਵਿਚ ਉਨ੍ਹਾਂ ਨੂੰ ਤਰਜੀਹ ਦੇਣ ਵਰਗੇ ਕਈ ਕਦਮ ਚੁੱਕੇ ਹਨ।*

*ਇਸ ਤੋਂ ਪਹਿਲਾਂ 2021 'ਚ ਸਿੱਖਿਆ ਮੰਤਰਾਲੇ ਨੇ ਸੰਸਦ ਨੂੰ ਦੱਸਿਆ ਸੀ ਕਿ ਦੇਸ਼ ਦੇ ਟਾਪ ਦੇ ਆਈ ਆਈ ਟੀ ਵਿਚ ਗ੍ਰੈਜੂਏਸ਼ਨ ਦੌਰਾਨ ਹੀ ਪੜ੍ਹਾਈ ਛੱਡਣ ਵਾਲੇ ਲੱਗਭੱਗ 63 ਫੀਸਦੀ ਵਿਦਿਆਰਥੀ ਰਿਜ਼ਰਵ ਸ਼੍ਰੇਣੀਆਂ (ਐੱਸ ਸੀ/ਐੱਸ ਟੀ) ਵਿੱਚੋਂ ਆਉਂਦੇ ਹਨ। ਦਲਿਤ ਤੇ ਆਦਿਵਾਸੀ ਕਾਰਕੁੰਨ ਲੰਮੇ ਸਮੇਂ ਤੋਂ ਬਹਿਸ ਛੇੜਦੇ ਆ ਰਹੇ ਕਿ ਇਨ੍ਹਾਂ ਭਾਈਚਾਰਿਆਂ ਦੇ ਵਿਦਿਆਰਥੀ ਇਨ੍ਹਾਂ ਵਕਾਰੀ ਅਦਾਰਿਆਂ 'ਚ ਬਹੁਤ ਜ਼ਿਆਦਾ ਦਬਾਅ ਤੇ ਵਿਤਕਰਾ ਝੱਲਦੇ ਹਨ। ਹਾਲਾਂਕਿ, ਉਦੋਂ ਦੇ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ ਕਿਹਾ ਸੀ ਕਿ ਪੜ੍ਹਾਈ ਛੱਡਣ ਵਾਲੇ ਜਾਂ ਤਾਂ ਕਿਸੇ ਹੋਰ ਵਿਭਾਗ ਜਾਂ ਅਦਾਰੇ 'ਚ ਦਾਖਲੇ ਕਾਰਨ ਸੀਟ ਛੱਡ ਕੇ ਚਲੇ ਗਏ ਜਾਂ ਫਿਰ ਉਨ੍ਹਾਂ ਕਿਸੇ ਨਿੱਜੀ ਕਾਰਨ ਕਰਕੇ ਅਜਿਹਾ ਕੀਤਾ। ਸਰਕਾਰ ਐੱਸ ਸੀ, ਐੱਸ ਟੀ ਤੇ ਓ ਬੀ ਸੀ ਦੇ ਵਿਦਿਆਰਥੀਆਂ ਦੇ ਡਰਾਪਆਊਟ ਦਾ ਅਸਲ ਕਾਰਨ ਨਹੀਂ ਦੱਸ ਰਹੀ, ਪਰ ਆਦਿਵਾਸੀ ਤੇ ਦਲਿਤ ਕਾਰਕੁੰਨਾਂ ਦਾ ਕਹਿਣਾ ਹੈ ਕਿ ਨੈਸ਼ਨਲ ਇੰਸਟੀਚਿਊਟ ਰੈਂਕਿੰਗ 'ਚ ਪਹਿਲੇ 10 ਵਿੱਚੋਂ 7 ਆਈ ਆਈ ਟੀ 'ਚ ਪੜ੍ਹਾਈ ਛੱਡਣ ਵਾਲੇ ਵਿਦਿਆਰਥੀਆਂ ਨੇ ਨਾਬਰਾਬਰੀ ਕਾਰਨ ਇਹ ਕਦਮ ਚੁੱਕਿਆ। ਭਾਜਪਾ ਆਗੂ ਅੱਜਕੱਲ੍ਹ ਰਾਹੁਲ ਗਾਂਧੀ ਨੂੰ ਮਾਣਹਾਨੀ ਦੇ ਕੇਸ 'ਚ ਮਿਲੀ ਸਜ਼ਾ ਨੂੰ ਉਨ੍ਹਾ ਵੱਲੋਂ ਓ ਬੀ ਸੀ ਦਾ ਅਪਮਾਨ ਕਰਨ ਨਾਲ ਜੋੜ ਰਹੇ ਹਨ ਪਰ ਉੱਚ ਵਿਦਿਅਕ ਅਦਾਰਿਆਂ ਵਿਚ ਓ ਬੀ ਸੀ, ਐੱਸ ਸੀ ਤੇ ਐੱਸ ਟੀ ਵਿਦਿਆਰਥੀਆਂ ਨਾਲ ਮੋਦੀ ਰਾਜ 'ਚ ਜੋ ਸਲੂਕ ਹੋ ਰਿਹਾ ਹੈ, ਉਹ ਦੱਸਦਾ ਹੈ ਕਿ ਇਨ੍ਹਾਂ ਭਾਈਚਾਰਿਆਂ ਦੇ ਵਿਦਿਆਰਥੀਆਂ ਦਾ ਅਪਮਾਨ ਅਸਲ 'ਚ ਕੌਣ ਕਰ ਰਿਹਾ ਹੈ।*

# ਭਾਜਪਾ ਨੂੰ ਹਰਾਓ—ਦੇਸ਼ ਅਤੇ ਲੋਕਾਂ ਨੂੰ ਬਚਾਓ

**ਡੀ ਰਾਜਾ, ਜਨਰਲ ਸਕੱਤਰ**

**ਅਨੁਵਾਦ : ਐੱਮ ਐੱਸ ਭਾਟੀਆ**

1925 ਵਿੱਚ ਸਥਾਪਨਾ ਤੋਂ ਬਾਅਦ ਭਾਰਤੀ ਕਮਿਊਨਿਸਟ ਪਾਰਟੀ ਇੱਕ ਬਿਹਤਰ ਜੀਵਨ ਲਈ ਲੋਕਾਂ ਦੇ ਸੰਘਰਸ਼ਾਂ ਵਿੱਚ ਮੋਹਰੀ ਰਹੀ ਹੈ। ਲੋਕਾਂ ਅਤੇ ਦੇਸ਼ ਲਈ ਕੁਰਬਾਨੀਆਂ ਦੇਣ ਦੇ ਮਾਮਲੇ ਵਿੱਚ ਸੀ ਪੀ ਆਈ ਕਿਸੇ ਤੋਂ ਪਿੱਛੇ ਨਹੀਂ ਹੈ। ਸਾਡੇ ਸ਼ਾਨਾਮੱਤੇ ਇਤਿਹਾਸ ਵਿੱਚ, ਸਾਡੀ ਪਾਰਟੀ ਨੇ ਸਮਾਜ ਦੇ ਸੋਸ਼ਿਤ, ਹਾਸ਼ੀਏ ਅਤੇ ਵਿਤਕਰੇ ਦੇ ਸ਼ਿਕਾਰ ਵਰਗਾਂ ਨੂੰ ਆਵਾਜ਼ ਦਿੱਤੀ ਹੈ ਅਤੇ ਰਾਸ਼ਟਰੀ ਏਜੰਡੇ ਨੂੰ ਸਾਕਾਰਾਤਮਕ ਰੂਪ ਵਿੱਚ ਰੂਪ ਦਿੱਤਾ ਹੈ। ਸਾਡੇ ਸੰਘਰਸ਼ਾਂ ਦੇ ਨਤੀਜੇ ਵਜੋਂ ਸਮਾਜ ਦੇ ਸਾਰੇ ਵਰਗਾਂ ਨੂੰ ਵੱਡੀਆਂ ਜਿੱਤਾਂ ਪ੍ਰਾਪਤ ਹੋਈਆਂ ਹਨ। ਸੀ ਪੀ ਆਈ ਦਾ ਯੋਗਦਾਨ ਅਮਿਟ ਹੈ। ਭਾਵੇਂ ਅਸੀਂ ਮਿਹਨਤ ਨਾਲ ਕਮਾਏ ਮਜ਼ਦੂਰਾਂ ਦੇ ਹੱਕਾਂ ਬਾਰੇ ਸੋਚੀਏ ਜਾਂ ਕਿਸਾਨਾਂ ਦੇ ਹੱਕਾਂ ਬਾਰੇ। ਸਾਡਾ ਇਤਿਹਾਸ ਸੱਚਮੁੱਚ ਪ੍ਰੇਰਨਾਦਾਇਕ ਅਤੇ ਸ਼ਹੀਦਾਂ ਦੇ ਖੂਨ ਨਾਲ ਭਰਪੂਰ ਹੈ, ਜਿਨ੍ਹਾਂ ਨੇ ਲੋਕਾਂ ਅਤੇ ਸਮਾਜ ਲਈ ਮਹਾਨ ਕੁਰਬਾਨੀਆਂ ਕੀਤੀਆਂ ਹਨ।

ਅਜੋਕੇ ਸਮੇਂ ਵਿੱਚ ਅਸੀਂ ਇੱਕ ਨਵੀਂ ਅਤੇ ਬੇ-ਮਿਸਾਲ ਰਾਜਨੀਤਕ ਸਥਿਤੀ ਦਾ ਸਾਹਮਣਾ ਕਰ ਰਹੇ ਹਾਂ, ਜਿੱਥੇ ਸਾਡੇ ਦੇਸ਼ ਵਿੱਚ ਜਮਹੂਰੀਅਤ ਦੀ ਹੋਂਦ ਉੱਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਸੰਘ ਅਤੇ ਕਈ ਰਾਜਾਂ ਵਿੱਚ ਆਰ ਐੱਸ ਐੱਸ ਦੇ ਵੰਡਵਾਦੀ ਏਜੰਡੇ ਦੁਆਰਾ ਨਿਯੰਤਰਿਤ ਇੱਕ ਸ਼ਾਸਨ ਸੱਤਾ ਵਿੱਚ ਹੈ। ਇਹ ਵਿਚਾਰਧਾਰਾ ਉਸ ਸਭ ਕੁਝ ਨੂੰ ਤਬਾਹ ਕਰ ਰਹੀ ਹੈ, ਜਿਸ ਲਈ ਸਾਡੀ ਆਜ਼ਾਦੀ ਦੀ ਲਹਿਰ ਖੜ੍ਹੀ ਸੀ। ਸਾਡੇ ਗਣਰਾਜ ਦੀਆਂ ਮੂਲ ਕਦਰਾਂ-ਕੀਮਤਾਂ ਜਿਵੇਂ ਕਿ ਧਰਮ ਨਿਰਪੱਖਤਾ ਅਤੇ ਸਮਾਜਵਾਦ ਨੂੰ ਲਤਾੜਿਆ ਜਾ ਰਿਹਾ ਹੈ, ਕਿਉਂਕਿ ਆਰ.ਐੱਸ.ਐੱਸ. ਦੀ ਸਰਪ੍ਰਸਤੀ ਵਾਲੇ ਹਿੰਦੂਤਵ ਬਿਰਤਾਂਤ ਨੇ ਸਾਡੇ ਦੇਸ਼ ਨੂੰ ਜਕੜ ਲਿਆ ਹੈ। ਮਨੂੰਵਾਦੀ ਹੁਕਮ ਦੇ ਤਹਿਤ ਜਾਤੀ ਅੱਤਿਆਚਾਰ ਵਧ ਰਹੇ ਹਨ ਅਤੇ ਇਤਿਹਾਸਕ ਤੌਰ 'ਤੇ ਹਾਸ਼ੀਏ 'ਤੇ ਰਹਿ ਰਹੇ ਵਰਗਾਂ ਨਾਲ ਵਿਤਕਰਾ ਸੰਸਥਾਗਤ ਬਣ ਗਿਆ ਹੈ। ਕ੍ਰੋਨੀ ਪੂੰਜੀਵਾਦ ਸਾਡੇ ਦੇਸ਼ ਦੇ ਕੀਮਤੀ ਸਰੋਤਾਂ ਨੂੰ ਸਰਕਾਰ ਦੁਆਰਾ ਪੂਰੀ ਤਰ੍ਹਾਂ ਨਾਲ ਖਾ ਰਿਹਾ ਹੈ।

ਇਸ ਸਥਿਤੀ ਵਿੱਚ ਸੀ.ਪੀ.ਆਈ. ਦੀ ਕੌਮੀ ਕੌਂਸਲ ਵੱਲੋਂ 14 ਅਪ੍ਰੈਲ ਤੋਂ 15 ਮਈ ਤੱਕ ਪ੍ਰਸਤਾਵਿਤ ਸਿਆਸੀ ਮੁਹਿੰਮ ਲੋਕਾਂ ਦੇ ਹਿੱਤਾਂ ਨੂੰ ਅੱਗੇ ਵਧਾਉਣ ਅਤੇ ਜਮਹੂਰੀ ਹੱਕਾਂ ਦੀ ਰਾਖੀ ਲਈ ਮਹੱਤਵਪੂਰਨ ਅਤੇ ਨਾਜ਼ੁਕ ਬਣ ਜਾਂਦੀ ਹੈ। ਅਕਤੂਬਰ 2022 ਵਿੱਚ ਵਿਜੇਵਾੜਾ ਵਿੱਚ ਹੋਈ ਸੀ ਪੀ ਆਈ ਦੀ 24ਵੀਂ ਪਾਰਟੀ ਕਾਂਗਰਸ ਦੁਆਰਾ ਅਪਣਾਏ ਗਏ ਰਾਜਨੀਤਕ ਮਤੇ ਵਿੱਚ ਅਸੀਂ "ਜਨਤਕ ਸਿਹਤ, ਜਨਤਕ ਸਿੱਖਿਆ, ਜ਼ਮੀਨ, ਰਿਹਾਇਸ਼, ਰੁਜ਼ਗਾਰ ਅਤੇ ਭੋਜਨ ਸੁਰੱਖਿਆ ਨੂੰ ਸਾਡੇ ਏਜੰਡੇ ਦੀਆਂ ਬੁਨਿਆਦੀ ਮੰਗਾਂ ਵਜੋਂ ਪਛਾਣਿਆ ਹੈ।" ਸਾਡੀ ਸਿਆਸੀ ਮੁਹਿੰਮ ਨੂੰ ਨਾਗਰਿਕਾਂ ਲਈ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਵਿੱਚ ਸਰਕਾਰ ਦੀ ਅਸਫਲਤਾ ਨੂੰ ਉਜਾਗਰ ਕਰਨਾ ਚਾਹੀਦਾ ਹੈ। ਸਾਨੂੰ ਇਹਨਾਂ ਮੰਗਾਂ ਦੇ ਆਲੇ-ਦੁਆਲੇ ਲੋਕਾਂ ਨੂੰ ਲਾਮਬੰਦ ਕਰਨਾ ਚਾਹੀਦਾ ਹੈ ਅਤੇ ਉਹਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨਾ ਚਾਹੀਦਾ ਹੈ।

14 ਅਪ੍ਰੈਲ ਨੂੰ ਡਾ. ਅੰਬੇਡਕਰ ਦਾ ਜਨਮ ਦਿਨ ਹੈ - ਸਾਡੇ ਸੰਵਿਧਾਨ ਦੇ ਪ੍ਰਮੁੱਖ ਆਰਕੀਟੈਕਟ, ਜਿਸ ਨੇ ਆਪਣੀ ਸਾਰੀ ਉਮਰ ਸਮਾਜਿਕ ਨਿਆਂ ਅਤੇ ਜਾਤ-ਪਾਤ ਦੇ ਖਾਤਮੇ ਲਈ ਲੜਿਆ। 1 ਮਈ ਦੁਨੀਆ ਭਰ ਦੇ ਕਿਰਤੀ ਲੋਕਾਂ ਵੱਲੋਂ ਮਨਾਉਣ ਦਾ ਦਿਨ ਹੈ। ਸਾਡੀ ਪਾਰਟੀ ਨੂੰ ਸਮਾਜਿਕ ਨਿਆਂ ਅਤੇ ਸਮਾਜਵਾਦ ਲਈ ਲੜਨ ਲਈ ਲੋਕਾਂ ਨੂੰ ਪ੍ਰਚਾਰ ਅਤੇ ਲਾਮਬੰਦ ਕਰਨਾ ਚਾਹੀਦਾ ਹੈ।

ਸਾਡੀ ਮੁਹਿੰਮ ਨੂੰ ਉਨ੍ਹਾਂ ਮੁੱਦਿਆਂ ਨਾਲ ਵੀ ਨਜਿੱਠਣਾ ਚਾਹੀਦਾ ਹੈ, ਜੋ ਹਾਲ ਹੀ ਵਿੱਚ ਰਾਸ਼ਟਰੀ ਅਤੇ ਖੇਤਰੀ ਪੱਧਰ 'ਤੇ ਸਾਹਮਣੇ ਆਏ ਹਨ। ਅਡਾਨੀ ਗਰੁੱਪ ਆਫ ਕੰਪਨੀਜ਼ ਵਿੱਚ ਦੁਰਵਿਵਹਾਰ ਬਾਰੇ ਹਿੰਡਨਬਰਗ ਰਿਸਰਚ ਰਿਪੋਰਟ ਨੇ ਖਲਬਲੀ ਮਚਾ ਦਿੱਤੀ ਹੈ ਅਤੇ ਮੋਦੀ ਸਰਕਾਰ ਦੀ ਬੇਰੁਖੀ ਨੂੰ ਸਾਹਮਣੇ ਲਿਆਂਦਾ ਹੈ। ਬੇਨਿਯਮੀਆਂ ਦੀ ਜਾਂਚ ਲਈ ਸਾਂਝੀ ਸੰਸਦੀ ਕਮੇਟੀ (ਜੇ ਪੀ ਸੀ) ਗਠਿਤ ਕਰਨ ਤੋਂ ਸਰਕਾਰ ਦਾ ਇਨਕਾਰ ਆਪਣੇ ਆਪ ਵਿੱਚ ਮਿਲੀਭੁਗਤ ਦਾ ਸਬੂਤ ਹੈ। ਸੰਸਦ ਵੱਲੋਂ ਬਣਾਈ ਗਈ ਜੇ ਪੀ ਸੀ ਵਿੱਚ ਬਹੁਮਤ ਤਾਂ ਭਾਜਪਾ ਦੀ ਹੀ ਹੋਵੇਗੀ, ਫਿਰ ਵੀ ਉਹ ਮਾਮਲੇ ਦੀ ਜਾਂਚ ਤੋਂ ਡਰਦੀ ਹੈ, ਇਹ ਸਪੱਸ਼ਟ ਸੰਕੇਤ ਹੈ ਕਿ ਭਾਜਪਾ ਦੀ ਕ੍ਰੋਨੀ ਪੂੰਜੀਵਾਦ ਦੀ ਕੋਠੜੀ ਵਿੱਚ ਕਈ ਪਿੰਜਰ ਹਨ। ਸਾਡੀ ਮੁਹਿੰਮ ਨੂੰ ਇਸ ਮੁੱਦੇ ਨੂੰ ਲੋਕਾਂ ਤੱਕ ਲੈ ਕੇ ਜਾਣਾ ਚਾਹੀਦਾ ਹੈ।

ਇਸ ਮੁੱਦੇ ਦਾ ਇੱਕ ਹੋਰ ਪੱਖ ਸਿਖਰ 'ਤੇ ਹੋ ਰਿਹਾ ਬੇਤਹਾਸ਼ਾ ਅਤੇ ਸੰਸਥਾਗਤ ਭ੍ਰਿਸ਼ਟਾਚਾਰ ਹੈ। ਸਾਡੇ ਨਾਗਰਿਕਾਂ ਦੀ ਮਿਹਨਤ ਅਤੇ ਯੋਗਦਾਨ ਨਾਲ ਬਣਾਈ ਗਈ ਰਾਸ਼ਟਰੀ ਸੰਪੱਤੀ ਕੁਝ ਚੋਣਵੇਂ ਲੋਕਾਂ ਨੂੰ ਕੌਡੀਆਂ ਦੇ ਭਾਅ 'ਤੇ ਵੇਚੀ ਜਾ ਰਹੀ ਹੈ, ਜਦੋਂ ਕਿ ਭਾਜਪਾ ਚੋਣ ਬਾਂਡਾਂ ਰਾਹੀਂ ਪੈਸਾ ਕਮਾਉਂਦੀ ਹੈ। ਆਰਥਿਕਤਾ ਦੇ ਲੱਗਭਗ ਸਾਰੇ ਖੇਤਰਾਂ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ, ਇਸ ਗੱਲ ਦੀ ਕੋਈ ਚਿੰਤਾ ਨਹੀਂ ਕਿ ਇਸ ਦਾ ਲੋਕਾਂ 'ਤੇ ਕੀ ਅਸਰ ਪਵੇਗਾ।

ਭਾਰਤੀ ਜੀਵਨ ਬੀਮਾ ਨਿਗਮ ਅਤੇ ਭਾਰਤੀ ਸਟੇਟ ਬੈਂਕ ਵਰਗੀਆਂ ਸਮੇਂ-ਸਮੇਂ ਦੀਆਂ ਜਾਂਚ ਸੰਸਥਾਵਾਂ ਦੀ ਵਿੱਤੀ ਅਖੰਡਤਾ ਅਤੇ ਸੁਤੰਤਰਤਾ ਨੂੰ ਉਨ੍ਹਾਂ ਦੇ ਸਾਥੀਆਂ ਦੇ ਸੰਪਰਕ ਵਿੱਚ ਆਉਣ ਨਾਲ ਧਮਕੀ ਦਿੱਤੀ ਜਾ ਰਹੀ ਹੈ।

ਇਨ੍ਹਾਂ ਅਦਾਰਿਆਂ ਕੋਲ ਪੈਸਾ ਲੋਕਾਂ ਦਾ ਹੈ ਅਤੇ ਜਨਤਕ ਵਸਤੂਆਂ ਨੂੰ ਵਿੱਤ ਦੇਣ ਦੀ ਬਜਾਏ, ਭਾਜਪਾ ਦੇ ਕੁਝ ਸਰਮਾਏਦਾਰਾਂ ਨਾਲ ਗਠਜੋੜ ਦੁਆਰਾ ਆਪਣੇ ਫਾਇਦੇ ਲਈ ਵਰਤਿਆ ਜਾ ਰਿਹਾ ਹੈ।

ਦੇਸ਼ ਦੇ ਆਮ ਲੋਕਾਂ ਨਾਲ ਉਦੋਂ ਧੋਖਾ ਕੀਤਾ ਜਾ ਰਿਹਾ ਹੈ, ਜਦੋਂ ਉਨ੍ਹਾਂ ਦੀ ਮਿਹਨਤ ਦੀ ਕਮਾਈ ਨਾਲ ਭ੍ਰਿਸ਼ਟ ਪੂੰਜੀਪਤੀਆਂ ਦੇ ਖਜ਼ਾਨੇ ਭਰ ਜਾਂਦੇ ਹਨ ਅਤੇ ਉਹ ਮਹਿੰਗਾਈ ਦੀ ਮਾਰ ਹੇਠ ਆ ਜਾਂਦੇ ਹਨ। ਸਾਡੀ ਮੁਹਿੰਮ ਨੂੰ ਇਸ ਦਾ ਪਰਦਾਫਾਸ਼ ਕਰਨਾ ਚਾਹੀਦਾ ਹੈ ਅਤੇ ਇਹਨਾਂ ਚਾਲਾਂ ਦੇ ਵਿਰੋਧ ਵਿੱਚ ਲੋਕਾਂ ਨੂੰ ਇੱਕਜੁੱਟ ਕਰਨਾ ਚਾਹੀਦਾ ਹੈ।

ਭਾਜਪਾ ਚੋਣ ਸਾਧਨਾਂ ਰਾਹੀਂ ਸੱਤਾ ਵਿੱਚ ਆਈ ਹੈ, ਪਰ ਇਸ ਦੀ ਵਿਚਾਰਧਾਰਾ ਦਾ ਚਸ਼ਮਾ ਹੈ ਆਰ ਐੱਸ ਐੱਸ , ਜੋ ਸ਼ੁਰੂ ਤੋਂ ਹੀ ਲੋਕਤੰਤਰ ਵਿਰੋਧੀ ਹੈ। ਆਰ.ਐੱਸ.ਐੱਸ. ਦੀ ਵਿਚਾਰਧਾਰਾ ਦੇ ਪ੍ਰਭਾਵ ਹੇਠ ਸਰਕਾਰ ਖੁਦ ਅਜਿਹੇ ਅਮਲਾਂ ਨੂੰ ਉਲਝਾਉਂਦੀ ਅਤੇ ਉਤਸ਼ਾਹਿਤ ਕਰ ਰਹੀ ਹੈ, ਜੋ ਲੋਕਤੰਤਰ ਵਿਰੋਧੀ ਹਨ। ਲੋਕਾਂ ਦੇ ਨਾਗਰਿਕ ਅਧਿਕਾਰਾਂ ਦਾ ਲਗਾਤਾਰ ਘਾਣ ਕੀਤਾ ਜਾ ਰਿਹਾ ਹੈ ਅਤੇ ਸਾਡੇ ਗਣਰਾਜ ਦੇ ਸੰਵਿਧਾਨਕ ਢਾਂਚੇ ਨਾਲ ਲਗਾਤਾਰ ਛੇੜਛਾੜ ਕੀਤੀ ਜਾ ਰਹੀ ਹੈ। ਸੰਸਦੀ ਬਹੁਮਤ ਦੀ ਦੁਰਵਰਤੋਂ ਕਰਕੇ ਸੰਸਦ ਨੂੰ ਬੇਕਾਰ ਬਣਾਇਆ ਜਾ ਰਿਹਾ ਹੈ ਅਤੇ ਕਿਸੇ ਵੀ ਵਿਰੋਧੀ ਧਿਰ ਨੂੰ ਦੇਸ਼ ਵਿਰੋਧੀ ਕਰਾਰ ਦਿੱਤਾ ਜਾ ਰਿਹਾ ਹੈ। ਮੀਡੀਆ ਨੂੰ ਅਨੁਕੂਲ ਬਣਾਇਆ ਗਿਆ ਹੈ ਅਤੇ ਉਹ ਸਰਕਾਰ ਦੀ ਲਾਈਨ 'ਤੇ ਚੱਲਦੇ ਹਨ ਅਤੇ ਵਿਰੋਧੀ ਧਿਰ ਨੂੰ ਦਾਗਦਾਰ ਕਰਦੇ ਹਨ। ਕਾਰਜਪਾਲਿਕਾ ਵੱਲੋਂ ਨਿਆਂਪਾਲਿਕਾ ਦੀ ਆਜ਼ਾਦੀ ਨੂੰ ਲਗਾਤਾਰ ਚੁਣੌਤੀ ਦਿੱਤੀ ਜਾ ਰਹੀ ਹੈ। ਪਾਰਟੀ ਨੂੰ ਇਨ੍ਹਾਂ ਮੁੱਦਿਆਂ ਨੂੰ ਆਪਣੀ ਸਿਆਸੀ ਮੁਹਿੰਮ ਦੇ ਹਿੱਸੇ ਵਜੋਂ ਲੋਕਾਂ ਤੱਕ ਪਹੁੰਚਾਉਣ ਦੇ ਨਾਲ-ਨਾਲ ਸਾਰੀਆਂ ਧਰਮ ਨਿਰਪੱਖ-ਜਮਹੂਰੀ ਤਾਕਤਾਂ ਨੂੰ ਇੱਕਜੁੱਟ ਕਰਨ ਦੀ ਅਪੀਲ ਦੇ ਨਾਲ-ਨਾਲ ਆਪਣੇ ਦੇਸ਼ ਨੂੰ ਕ੍ਰੋਧ-ਹਿੰਦੂਵਾਦੀ ਤਾਕਤਾਂ ਦੇ ਹਮਲੇ ਤੋਂ ਬਚਾਉਣ ਦੀ ਅਪੀਲ ਕਰਨੀ ਚਾਹੀਦੀ ਹੈ।

ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਨੂੰ ਦੋਸ਼ੀ ਠਹਿਰਾਉਣ ਅਤੇ ਅਯੋਗ ਠਹਿਰਾਏ ਜਾਣ ਨੇ ਲੋਕਤੰਤਰ ਦੇ ਭਵਿੱਖ, ਅਸਹਿਮਤੀ ਪ੍ਰਗਟਾਉਣ ਦੀ ਆਜ਼ਾਦੀ ਅਤੇ ਸੰਵਿਧਾਨਕ ਸੰਸਥਾਵਾਂ ਦੇ ਬਚਾਅ ਬਾਰੇ ਕਈ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਇਹ ਵਿਰੋਧੀ ਧਿਰ ਨੂੰ ਡਰਾਉਣ ਅਤੇ ਤਾਨਾਸ਼ਾਹੀ ਫਾਸ਼ੀਵਾਦੀ ਸ਼ਾਸਨ ਸਥਾਪਤ ਕਰਨ ਲਈ ਭਾਜਪਾ-ਆਰ ਐੱਸ ਐੱਸ ਗਠਜੋੜ ਦੇ ਭੈੜੇ ਮਨਸੂਬਿਆਂ ਨੂੰ ਦਰਸਾਉਂਦਾ ਹੈ।

ਇਹਨਾਂ ਅਤੇ ਹੋਰ ਬਹੁਤ ਸਾਰੇ ਮੁੱਦਿਆਂ 'ਤੇ ਸਾਡੀ ਸਿਆਸੀ ਮੁਹਿੰਮ ਵਿਭਿੰਨ ਰੂਪ ਲੈ ਸਕਦੀ ਹੈ, ਜਿਸ ਵਿੱਚ ਮੁੱਖ ਤੌਰ 'ਤੇ ਸਾਰੇ ਜ਼ਿਲ੍ਹਿਆ ਵਿੱਚ ਪਦ-ਯਾਤਰਾਵਾਂ ਸ਼ਾਮਲ ਹਨ। ਸਾਡੇ ਏਜੰਡੇ ਦੀ ਵਿਆਖਿਆ ਕਰਨ ਵਾਲੇ ਅਤੇ ਆਰ ਐੱਸ ਐੱਸ -ਭਾਜਪਾ ਸ਼ਾਸਨ ਦੇ ਮਨਸੂਬਿਆਂ ਨੂੰ ਸਾਰੀਆਂ ਭਾਸ਼ਾਵਾਂ ਵਿੱਚ ਪ੍ਰਗਟ ਕਰਨ ਵਾਲੇ ਪੈਂਫਲੈਟ ਵੰਡੇ ਜਾਣੇ ਚਾਹੀਦੇ ਹਨ ਅਤੇ ਵੱਧ ਤੋਂ ਵੱਧ ਲੋਕਾਂ, ਖਾਸ ਕਰਕੇ ਨੌਜਵਾਨ ਪੀੜ੍ਹੀ ਤੱਕ ਪਹੁੰਚਣ ਲਈ ਸੋਸ਼ਲ ਮੀਡੀਆ ਦੀ ਪ੍ਰਭਾਵਸ਼ਾਲੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਫਿਰਕੂ ਸਦਭਾਵਨਾ, ਸਾਂਝੇ ਇਤਿਹਾਸ ਅਤੇ ਹਰ ਤਰ੍ਹਾਂ ਦੀਆਂ ਵੰਡੀਆਂ ਦੇ ਵਿਰੁੱਧ ਸਮਾਜ ਨੂੰ ਇਕਜੁੱਟ ਕਰਨ ਦੀ ਲੋੜ ਨੂੰ ਉਜਾਗਰ ਕਰਨ ਵਾਲੀਆਂ ਘਟਨਾਵਾਂ ਨੂੰ ਸਾਡੇ ਜਮਾਤੀ, ਜਨ ਅਤੇ ਸੱਭਿਆਚਾਰਕ ਮੋਰਚਿਆਂ ਨਾਲ ਤਾਲਮੇਲ ਨਾਲ ਉਠਾਉਣਾ ਚਾਹੀਦਾ ਹੈ। ਸਾਰੀਆਂ ਧਰਮ ਨਿਰਪੱਖ-ਜਮਹੂਰੀ ਤਾਕਤਾਂ ਦੀ ਸਿਧਾਂਤਕ, ਵਿਚਾਰਧਾਰਕ ਏਕਤਾ ਨੂੰ ਕਾਇਮ ਕਰਨਾ ਸਾਡੀ ਮੁਹਿੰਮ ਦਾ ਇੱਕ ਮਹੱਤਵਪੂਰਨ ਥੰਮ੍ਹ ਹੋਣਾ ਚਾਹੀਦਾ ਹੈ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਿਰਫ ਖੱਬੇ ਪੱਖੀ ਹੀ ਆਰ.ਐੱਸ.ਐੱਸ.-ਭਾਜਪਾ ਨੂੰ ਵਿਚਾਰਧਾਰਕ ਤੌਰ 'ਤੇ ਚੁਣੌਤੀ ਦੇ ਸਕਦੇ ਹਨ ਅਤੇ ਲੋਕਾਂ ਦੇ ਸਾਹਮਣੇ ਲੋਕ-ਪੱਖੀ ਬਦਲ ਪੇਸ਼ ਕਰ ਸਕਦੇ ਹਨ, ਸਾਡੀ ਸਿਆਸੀ ਮੁਹਿੰਮ ਨੂੰ ਸਫਲਤਾਪੂਰਵਕ ਇਹ ਲੋਕਾਂ ਤੱਕ ਪਹੁੰਚਾਉਣਾ ਚਾਹੀਦਾ ਹੈ।

2024 ਵਿੱਚ ਸੰਸਦ ਦੀਆਂ ਆਮ ਚੋਣਾਂ ਸਾਡੇ ਦੇਸ਼ ਦੇ ਇਤਿਹਾਸ ਵਿੱਚ ਬਹੁਤ ਮਹੱਤਵਪੂਰਨ ਹਨ। ਇਸ ਤੋਂ ਪਹਿਲਾਂ ਕਈ ਰਾਜਾਂ ਵਿੱਚ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਹਨ। ਕਰਨਾਟਕ ਰਾਜ ਵਿਧਾਨ ਸਭਾ ਚੋਣਾਂ ਦੇ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਗਿਆ ਹੈ। ਕਰਨਾਟਕ ਦੇ ਲੋਕ 10 ਮਈ, 2023 ਨੂੰ ਵੋਟ ਪਾਉਣ ਜਾ ਰਹੇ ਹਨ। ਕਰਨਾਟਕ ਨੂੰ ਭਾਜਪਾ ਲਈ ਦੱਖਣ ਦਾ ਗੇਟ ਵੇਅ ਮੰਨਿਆ ਜਾਂਦਾ ਹੈ। ਦੇਸ਼, ਸੰਵਿਧਾਨ ਅਤੇ ਦੇਸ਼ ਦੇ ਲੋਕਤੰਤਰ ਨੂੰ ਬਚਾਉਣ ਲਈ ਇਨ੍ਹਾਂ ਸਾਰੀਆਂ ਚੋਣਾਂ ਵਿੱਚ ਭਾਜਪਾ ਨੂੰ ਹਰਾਉਣ ਦੀ ਲੋੜ ਹੈ।

ਸਾਡੇ ਸੰਘਰਸ਼ ਅਤੇ ਕੁਰਬਾਨੀਆਂ ਦੇ ਗੌਰਵਮਈ ਇਤਿਹਾਸ ਨੇ ਸਾਨੂੰ ਸਾਡੇ ਦੇਸ਼ ਵਿੱਚ ਜਮਹੂਰੀ ਢਾਂਚੇ ਦਾ ਅਨਿੱਖੜਵਾਂ ਅੰਗ ਬਣਾ ਦਿੱਤਾ ਹੈ। ਇਸ ਨਾਜ਼ੁਕ ਮੋੜ 'ਤੇ, ਖੱਬੇ-ਪੱਖੀਆਂ ਦੀ ਇਹ ਇਤਿਹਾਸਕ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਦੇਸ਼, ਸਾਡੇ ਸੰਵਿਧਾਨ ਅਤੇ ਆਰ.ਐੱਸ.ਐੱਸ.-ਭਾਜਪਾ ਦੇ ਫੁੱਟ-ਪਾਊ ਅਤੇ ਸ਼ੋਸ਼ਣਕਾਰੀ ਪ੍ਰਬੰਧ ਤੋਂ ਕਮਜ਼ੋਰ ਲੋਕਾਂ ਦੀ ਰੱਖਿਆ ਲਈ ਲੜਾਈ ਦੀ ਅਗਵਾਈ ਕਰੇ। ਲਾਲ ਝੰਡਾ ਹਮੇਸ਼ਾ ਆਮ ਲੋਕਾਂ ਦੇ ਨਾਲ ਰਿਹਾ ਹੈ। ਸਾਡੀ ਸਿਆਸੀ ਮੁਹਿੰਮ ਸਫਲ ਹੋਵੇਗੀ, ਜੇਕਰ ਇਹ ਸਾਡੇ ਬਦਲਵੇਂ ਏਜੰਡੇ ਨਾਲ ਦੇਸ਼ ਦੇ ਲੋਕਾਂ ਤੱਕ ਪਹੁੰਚੇਗੀ।

**# ਸੰਪਰਕ : 99884-91002**

# ਚਮਕਦੀਆਂ ਅੱਖਾਂ ਵਾਲਾ ਸਾਡਾ ਬਾਬਾ ਬਨੂੰਆਣਾ

**ਗੁਰਮੀਤ**

...ਸਵੇਰੇ ਨੌਂ ਵਜੇ ਹੌਲੀ-ਹੌਲੀ ਤੁਰਦਾ ਆਉਂਦਾ ਸੋਚਾਂ 'ਚ ਗੁਆਚਿਆ ਪਤਲਾ ਜਿਹਾ, ਚਮਕਦੀਆਂ ਅੱਖਾਂ ਵਾਲਾ ਬੰਦਾ 'ਨਵਾਂ ਜ਼ਮਾਨਾ' ਦੀਆਂ ਪੌੜੀਆਂ ਚੜ੍ਹ ਪਿਛਲੇ ਪਾਸੇ ਬਣੇ ਛੋਟੇ ਜਿਹੇ ਕੈਬਿਨ ਵਿੱਚ ਆ ਬੈਠਦਾ ਹੈ.... ਉਹਨੂੰ ਸਲਾਮ ਕਹਿਣ ਦੀ ਪਹਿਲ ਕਿਹੜਾ ਕਰ ਲੈਂਦਾ, ਇਹ ਦੌੜ ਮੇਰੇ, ਦਲਬੀਰ ਤੇ ਪਨੂੰ ਵਿਚਾਲੇ ਹਮੇਸ਼ਾ ਰਹਿੰਦੀ ਸੀ.... ਐਡੀਟੋਰੀਅਲ ਪੇਜ ਦੇ ਇੰਚਾਰਜ ਬਾਬੇ ਨਾਲ ਮੇਰੀ, ਦਲਬੀਰ ਤੇ ਬਲਜੀਤ ਪਨੂੰ ਦੀ ਵਾਰੀ-ਵਾਰੀ ਡਿਊਟੀ ਹੁੰਦੀ ਸੀ.... ਲਿਆ ਬਈ ਤਿਆਰ ਮੈਟਰ ਵਾਲੀ ਫਾਈਲ....ਇਹ ਉਸ ਦਾ ਪਹਿਲਾ ਹੁਕਮ ਹੁੰਦਾ ਸੀ....।

ਸਾਢੇ ਨੌਂ ਵਜੇ ਰਾਮ ਲੁਭਾਇਆ ਕੰਪੋਜ਼ੀਟਰਾਂ ਦਾ ਫੋਰਮੈਨ ਆ ਸਿਰਹਾਣੇ ਖਲੋਂਦਾ ਸੀ ....ਲਿਆਓ ਬਾਬਾ ਜੀ ਮੈਟਰ....ਤੇ ਉਹ ਇੱਕ-ਦੋ ਆਰਟੀਕਲ ਲੈ ਹੇਠਾਂ ਕੰਪੋਜ਼ਿੰਗ ਰੂਮ ਵੱਲ ਚਲਾ ਜਾਂਦਾ.... ਤੇ ਬਾਬਾ ਡੰਕ ਵਿੱਚ ਨਵੀਂ ਨਿੱਬ ਫਸਾ ਕੇ ਸਿਆਹੀਦਾਨ 'ਚੋਂ ਡੋਬਾ ਲੈ ਲੈ ਹੋ ਜਾਂਦਾ ਸਲਿੱਪਾਂ ਦੇ ਦੁਆਲੇ....ਇੱਕ ਅੱਖਰ ਲਿਖਦਾ ਸਲਿੱਪ ਪਾੜ ਦਿੰਦਾ, ਗੁਛੂੰ-ਮੁਛੂੰ ਕਰ ਟੇਬਲ ਹੇਠ ਸੁੱਟ ਦਿੰਦਾ.... ਦੂਜੀ 'ਤੇ ਦੋ ਅੱਖਰ ਪਾਉਂਦਾ ਉਸ ਦਾ ਵੀ ਏਹੋ ਹਾਲ....ਹੁਣ ਤੀਜੀ, ਚੌਥੀ ਸਲਿੱਪ ਅੱਗੇ ਹੋਰ ਹੁਣ ਟੇਬਲ ਹੇਠ ਲੱਤ ਹਿੱਲਣੀ ਸ਼ੁਰੂ ਹੋ ਗਈ ਹੈ.... ਸਲਿੱਪਾਂ 'ਤੇ ਖੁਸ਼ਖੱਤ ਅੱਖਰ ਅੱਗੇ ਤੁਰ ਰਹੇ ਹਨ.... ਪਹਿਲੀ ਸਲਿੱਪ ਲਿਖੀ ਗਈ ਹੈ....ਬਹੁਤ ਸੰਘਣੇ ਅੱਖਰ ਹਨ.... ਹੁਣ ਦੂਜੀ ਸਲਿੱਪ ਹੈ.... ਹੁਣ ਤੀਜੀ.... ਸਲਿੱਪ 'ਤੇ ਅੱਖਰਾਂ ਦੀ ਗਿਣਤੀ ਘਟ ਰਹੀ ਹੈ, ਸਲਿੱਪਾਂ ਦਾ ਨੰਬਰ ਵਧ ਰਿਹਾ ਹੈ। ਸਲਿੱਪਾਂ ਕੰਪੋਜ਼ੀਟਰਾਂ ਨੂੰ ਕਦੀ ਮੈਂ ਫੜਾ ਆਉਂਦਾ ਹਾਂ.... ਕਦੀ ਉਹ ਆ ਕੇ ਲੈ ਜਾਂਦੇ ਹਨ.... ਸਲਿੱਪ ਨੰਬਰ 40 ਟੱਪ ਗਿਆ ਹੈ। ਕਿਸੇ ਸਲਿੱਪ 'ਤੇ ਚਾਰ ਅੱਖਰ ਹੀ ਹਨ.... ਤੇਜ਼ ਹਿੱਲ ਰਹੀ ਲੱਤ ਮੱਧਮ ਹੋ ਰਹੀ ਹੈ....।

ਆਖਰੀ ਸਲਿੱਪ ਲਿਖੀ ਜਾ ਰਹੀ ਹੈ.... ਬਾਬੇ ਦਾ ਚਿਹਰਾ ਸ਼ਾਂਤ ਹੋ ਰਿਹਾ ਹੈ, ਅੱਖਾਂ ਦੀ ਚਮਕ ਤੇਜ਼ ਹੋ ਗਈ ਹੈ... ਸੰਪਾਦਕੀ ਲਿਖੀ ਗਈ ਹੈ। ਦੋ ਸਫੇ ਦਾ ਮੈਟਰ ਮੁਕੰਮਲ ਹੋ ਗਿਆ ਹੈ....।

ਹੁਣ ਪਰੂਫ਼ ਆ ਰਹੇ ਹਨ, ਪੜ੍ਹ-ਪੜ੍ਹ ਕੇ ਵਾਪਸ ਜਾ ਰਹੇ ਹਨ.... ਬਾਬਾ ਸਫ਼ੇ ਦਾ ਨਕਸ਼ਾ ਬਣਾ ਕੇ ਦਿੰਦਾ ਹੈ ਔਹ ਆਰਟੀਕਲ ਉਪਰ ਪੁਆ ਲਈਂ ਔਹ...ਹੇਠ, ਇਹ ਲੰਮਾ ਹੈ, ਇਸ ਦੀ ਬਾਕੀ ਪੰਜ ਸਫ਼ੇ 'ਤੇ ਪੁਆ ਦਈਂ...ਇਸ ਵਿੱਚ ਔਹ ਬਲਾਕ ਲੁਆ ਦਈਂ, ਉਸ ਵਿੱਚ ਔਹ ਬਲਾਕ ਲੁਆ ਦਈਂ.... ਮੈਂ ਹੇਠ ਜਾ ਕੇ ਸਫ਼ਾ ਬਨ੍ਹਵਾ ਆਉਂਦਾ ਹਾਂ....।

ਬਾਬਾ ਅਗਲੇ ਦਿਨ ਦੇ ਮੈਟਰ ਦੀ ਤਿਆਰੀ ਵੱਲ ਹੋ ਤੁਰਦਾ ਹੈ। ਮੇਜ਼ 'ਤੇ ਪਈ ਟਰੇਅ ਵਿੱਚ ਤਿੰਨ ਫਾਈਲਾਂ ਸਨ.... ਆਇਆ ਮੈਟਰ.... ਵਿਚਾਰ ਅਧੀਨ ਮੈਟਰ... ਤੇ ਤਿਆਰ ਮੈਟਰ...ਸ਼ਾਮ ਤੱਕ ਢਿੱਲੀ ਹੋਈ ਪੱਗ ਨੂੰ ਕਈ ਵਾਰ ਮੁੜ ਬੰਨ੍ਹਦਾ ਬਾਬਾ... ਮਲਕੜੇ ਜਿਹੇ ਪੌੜੀਆਂ ਉਤਰ ਧੀਮੀ ਚਾਲੇ ਮੋਤਾ ਸਿੰਘ ਨਗਰ ਵੱਲ ਹੋ ਤੁਰਦਾ ਹੈ।



'ਨਵਾਂ ਜ਼ਮਾਨਾ' ਦੇ ਕਾ. ਸੁਰਜਨ ਜ਼ੀਰਵੀ, ਅਮ੍ਰਿਤ ਜ਼ੀਰਵੀ, ਬਾਬਾ ਬਨੂੰਆਣਾ, ਬਲਜੀਤ ਪਨੂੰ, ਦਲਬੀਰ, ਜਸਬੀਰ, ਕਾ. ਸਰਵਣ ਜ਼ਫ਼ਰ ਤੇ ਬੰਤ ਰਾਏਪੁਰ ਵਾਲੇ ਐਡੀਟੋਰੀਅਲ ਸਟਾਫ਼ ਵਿੱਚ ਮੈਂ ਸਭ ਤੋਂ ਛੋਟਾ ਸੀ.... ਤੇ ਇਸ ਪਰਵਾਰ ਦਾ ਥੋੜ੍ਹਾ ਲਾਡਲਾ ਵੀ ਸੀ.... ਰਾਤ ਵੀ 'ਨਵਾਂ ਜ਼ਮਾਨਾ' ਵਿੱਚ ਰਹਿੰਦਾ ਸੀ। ਕਦੀ ਡਿਊਟੀ ਸਵੇਰੇ ਬਾਬੇ ਨਾਲ ਅਤੇ ਬਹੁਤਾ ਕਰਕੇ ਖ਼ਬਰਾਂ ਵਾਲੇ ਪਾਸੇ ਜ਼ੀਰਵੀ ਸਾਹਿਬ ਨਾਲ....।

ਇੱਕ ਸਵੇਰੇ ਮੈਂ ਡਿਊਟੀ ਬੈਠਦਿਆਂ ਥੋੜ੍ਹਾ ਕੰਮ ਜਲਦੀ ਮੁਕਾ ਛੁੱਟੀ ਮੰਗ ਲਈ। ਬਾਬਾ ਜੀ ਐਡੀਟੋਰੀਅਲ ਲਿਖਣਾ ਸ਼ੁਰੂ ਕਰ ਚੁੱਕੇ ਸਨ.... ਇੱਕ ਦਮ ਗੁੱਸੇ ਵਿੱਚ ਆ ਗਏ.... ਕੋਈ ਛੁੱਟੀ ਨਹੀਂ.... ਮੈਂ ਵੀ ਅੜ ਗਿਆ ਕਿ ਮੈਂ ਆਪਣਾ ਕੰਮ ਤਾਂ ਮੁਕਾ ਲਿਆ ਹੈ ਇੱਕ ਪਰੂਫ਼ ਹੀ ਬਾਕੀ ਹੈ.... ਮੈਂ ਚੱਲਿਆ ਕਹਿ ਦਫ਼ਤਰੋਂ ਨਿਕਲ ਗਿਆ.... ਰਿਕਸ਼ਾ ਫੜ ਬੱਸ ਸਟੈਂਡ 'ਤੇ ਟਿਕਟ ਲੈ ਭੋਗਪੁਰ ਜਾਣ ਵਾਲੀ ਬੱਸ 'ਚ ਬੈਠ ਗਿਆ.... ਦਿਮਾਗ 'ਚ ਸਲਿੱਪਾਂ ਪਾੜਦਾ ਬਾਬਾ, ਡੰਕ ਦੀ ਨਿੱਬ ਤੋੜਦਾ ਬਾਬਾ....ਬੱਸ ਖਾਲਸਾ ਕਾਲਜ ਕੋਲ ਪਹੁੰਚੀ.... ਮੈਂ ਇੱਕ ਦਮ ਉੱਠ ਕੇ ਕੰਡਕਟਰ ਨੂੰ ਕਿਹਾ ਕਿ ਬੱਸ ਰੋਕਣਾ, ਮੇਰਾ ਕੁਝ ਪਿੱਛੇ ਰਹਿ ਗਿਆ ਹੈ.... ਉਸ ਸੀਟੀ ਮਾਰੀ ਮੈਂ ਬੱਸ 'ਚੋਂ ਉਤਰ ਸਿੱਧਾ 'ਨਵਾਂ ਜ਼ਮਾਨਾ' ਜਾ ਹਾਜ਼ਰ ਹੋਇਆ। ਬਾਬੇ ਦੇ ਸਾਹਮਣੇ.... ਬਾਬੇ ਦਾ ਚਿਹਰਾ ਮੁਸਕਰਾਹਟ ਨਾਲ ਖਿੜ ਗਿਆ.....।

'ਮੈਨੂੰ ਪਤਾ ਸੀ ਬੱਚੂ.... ਤੂੰ ਕਿਵੇਂ ਜਾ ਸਕਦਾ ਏਂ'...ਮੈਂ ਮੁੜ ਆਇਆ ਸੀ ਬਾਬਾ.....।

ਪਰ ਹੁਣ ਬਾਬਾ ਚਲਾ ਗਿਐਂ.... ਨਹੀਂ ਮੁੜਨਾ .... ਤਾਰੇ ਵਾਂਗ ਚਮਕਣਾ ਹੈ..... ਜਿਸ ਵੱਲ ਅਸੀਂ ਦੇਖਦੇ ਰਹਾਂਗੇ...।

**# ਵਟਸਐਪ : 98149-64455**

**ਸ਼ਹੀਦੀ ਦਿਵਸ 'ਤੇ ਵਿਸ਼ੇਸ਼**

# ਕਾਲਿਆਂ ਨੂੰ ਗੋਰਿਆਂ ਦੇ ਬਰਾਬਰ ਹੱਕ ਦਿਵਾਉਣ ਵਾਲਾ ਮਹਾਨ ਇਨਕਲਾਬੀ ਮਾਰਟਿਨ ਲੂਥਰ ਕਿੰਗ

**ਪ੍ਰਿਥੀਪਾਲ ਸਿੰਘ ਮਾੜੀਮੇਘਾ**

ਮਾਰਟਿਨ ਲੂਥਰ ਕਿੰਗ ਵਿਸ਼ਵ ਭਰ ਵਿੱਚ ਕਾਲੀ ਚਮੜੀ ਵਾਲੇ ਨੀਗਰੋ ਲੋਕਾਂ ਦਾ ਇਨਕਲਾਬੀ ਆਗੂ ਸੀ। ਉਸ ਦਾ ਜਨਮ 15 ਜਨਵਰੀ 1929 ਨੂੰ ਅਮਰੀਕਾ ਦੇ ਸ਼ਹਿਰ ਐਟਲਾਂਟਾ ਵਿਖੇ ਹੋਇਆ। ਉਸ ਦਾ ਮੁਢਲਾ ਨਾਂਅ ਮਾਈਕਲ ਸੀ, ਪਰ ਉਹ ਮਾਰਟਿਨ ਲੂਥਰ ਕਿੰਗ ਦੇ ਨਾਂਅ ਨਾਲ ਵਿਸ਼ਵ ਭਰ 'ਚ ਪ੍ਰਸਿੱਧ ਹੋਇਆ। ਉਸ ਦੇ ਪਿਤਾ ਪਾਦਰੀ ਸਨ। ਲੂਥਰ ਕਿੰਗ ਨੇ ਅਮਰੀਕਾ ਦੇ ਸ਼ਹਿਰ ਜਾਰਜੀਆ ਦੇ ਵੱਖ ਅਦਾਰਿਆਂ 'ਚੋਂ ਵਿੱਦਿਆ ਪ੍ਰਾਪਤ ਕੀਤੀ। ਕਿੰਗ ਨੇ 15 ਸਾਲ ਦੀ ਉਮਰ ਵਿੱਚ ਗ੍ਰੈਜੂਏਸ਼ਨ ਪਾਸ ਕਰ ਲਈ ਤੇ 1948 ਵਿੱਚ ਪਹਿਲੀ ਡਿਗਰੀ ਲਈ। ਜਿਹੜੀ ਸੰਸਥਾ ਤੋਂ ਉਸ ਨੇ ਡਿਗਰੀ ਲਈ, ਉਹ ਨੀਗਰੋਆਂ ਦੀ ਸੀ।

ਮਾਰਟਿਨ ਲੂਥਰ ਕਿੰਗ ਨੇ ਜਦੋਂ ਪੈਨਿਲ ਸਿਲਵਾਨੀਆ ਵਿੱਚ ਕਰੋਜਰ ਥੀਆਲੋਜੀਕਲੀ ਸੈਗਨਰੀ ਵਿੱਚ ਤਿੰਨ ਸਾਲ ਧਰਮ ਸ਼ਾਸਤਰ ਦਾ ਅਧਿਐਨ ਕੀਤਾ ਤੇ ਉਸ ਨੂੰ ਗੋਰੀ ਨਸਲ ਵੀ ਮੰਨਣ ਲੱਗ ਪਈ। ਉਹ ਗੋਰਿਆਂ ਦੇ ਸੀਨੀਅਰ ਕਾਲਜ ਦਾ ਪ੍ਰਧਾਨ ਚੁਣਿਆ ਗਿਆ। ਕਿੰਗ ਨੇ 1951 ਵਿੱਚ ਬੀ ਡੀ ਦੀ ਪਹਿਲੀ ਡਿਗਰੀ ਪਾਸ ਕੀਤੀ। ਮਾਰਟਿਨ ਨੇ ਕਰੋਜਰ ਤੋਂ ਫੈਲੋਸ਼ਿਪ ਪਾਸ ਕਰਕੇ ਬੋਸਟਿਨ ਯੂਨੀਵਰਸਿਟੀ ਵਿੱਚ ਦਾਖਲਾ ਲਿਆ ਤੇ ਡਾਕਟਰ ਦੀ ਦੂਜੀ ਉਪਾਧੀ ਪ੍ਰਾਪਤ ਕਰ ਲਈ। ਬੋਸਟਨ ਵਿੱਚ ਮਾਰਟਿਨ ਦੀ ਮੁਲਾਕਾਤ ਇੱਕ ਔਰਤ ਕਰੇਟਾ ਨਾਲ ਹੋਈ। ਉਹ ਔਰਤ ਬੁੱਧੀਜੀਵੀ ਤੇ ਕਲਾਤਮਿਕ ਰੁਚੀ ਵਾਲੀ ਸੀ। ਉਸ ਔਰਤ ਨਾਲ ਕਿੰਗ ਦੀ ਨੇੜਤਾ ਹੋਈ ਤੇ ਇਹ ਨੇੜਤਾ ਵਿਆਹ ਵਿੱਚ ਤਬਦੀਲ ਹੋ ਗਈ। ਇਸ ਇਨਕਲਾਬੀ ਜੋੜੀ ਦੀਆਂ ਦੋ ਕੁੜੀਆਂ ਤੇ ਦੋ ਮੁੰਡੇ ਸਨ।

ਮਾਰਟਿਨ ਲੂਥਰ ਕਿੰਗ 1954 ਵਿੱਚ ਮਿੰਟਗੁਮਰੀ ਵਿਖੇ ਆਲਾਬਾਮਾ ਦੇ ਡੈਕਸਰ ਐਵੀਨਿਊ ਚਰਚ ਦਾ ਪਾਦਰੀ ਬਣ ਗਿਆ। ਈਸਾ ਦੀ ਸੋਚ ਅਨੁਸਾਰ ਕਿੰਗ ਨੇ ਸਦਾ ਹੀ ਆਪਣ ਕਾਲੇ ਨਸਲ ਦੇ ਲੋਕਾਂ ਦੇ ਹੱਕਾਂ ਲਈ ਆਵਾਜ਼ ਉਠਾਈ। ਲੂਥਰ ਕਿੰਗ ਨੂੰ ਕਾਲੇ ਲੋਕਾਂ ਦੀ ਬੇਖੌਫ ਆਵਾਜ਼ ਉਠਾਉਣ ਕਰਕੇ ਕਾਲੇ ਲੋਕਾਂ ਦੀ ਅੰਤਰਰਾਸ਼ਟਰੀ ਪੱਧਰ ਦੀ ਸੰਸਥਾ ਦਾ ਮੈਂਬਰ ਚੁਣ ਲਿਆ ਗਿਆ। ਜਲਦੀ ਹੀ ਲੂਥਰ ਦੁਨੀਆ ਪੱਧਰ ਦਾ ਮੁੱਖ ਆਗੂ ਬਣ ਗਿਆ। ਲੂਥਰ ਦੀ ਅਗਵਾਈ ਹੇਠ ਕੌਮਾਂਤਰੀ ਸੰਸਥਾ ਨੇ ਦੁਨੀਆ ਭਰ ਵਿੱਚ ਉਨ੍ਹਾਂ ਸਰਕਾਰਾਂ ਵਿਰੁੱਧ ਆਵਾਜ਼ ਉਠਾਈ, ਜਿਹੜੀਆਂ ਕਾਲੇ ਲੋਕਾਂ ਦੇ ਵਿਰੁੱਧ ਕਾਨੂੰਨ ਬਣਾਉਂਦੀਆਂ ਤੇ ਉਨ੍ਹਾਂ ਨੂੰ ਅਛੂਤ ਸਮਝਦੀਆਂ ਸਨ।

ਸੰਯੁਕਤ ਰਾਜ ਅਮਰੀਕਾ ਦੀ ਸਰਕਾਰ ਨੇ ਫੈਸਲਾ ਕੀਤਾ ਕਿ ਨੀਗਰੋ ਲੋਕ ਅਮਰੀਕਾ ਦੇ ਮੂਲ ਨਿਵਾਸੀਆਂ ਵਾਲੀਆਂ ਬੱਸਾਂ ਵਿੱਚ ਸਫਰ ਨਹੀਂ ਕਰ ਸਕਦੇ। ਇਸ ਫੈਸਲੇ ਵਿਰੁੱਧ ਲੂਥਰ ਦੀ ਅਗਵਾਈ ਹੇਠ ਨੀਗਰੋ ਲੋਕਾਂ ਨੇ ਇੱਕ ਸਾਲ ਤੋਂ ਵਧੇਰੇ ਸਮਾਂ ਸਰਕਾਰ ਦਾ ਬਾਈਕਾਟ ਕੀਤਾ। ਅਖੀਰ ਸੁਪਰੀਮ ਕੋਰਟ ਨੇ 21 ਦਿਸੰਬਰ 1956 ਨੂੰ ਅਮਰੀਕਾ ਸਰਕਾਰ ਦਾ ਫੈਸਲਾ ਲੱਦ ਕੇ ਨੀਗਰੋ ਲੋਕਾਂ ਨੂੰ ਅਧਿਕਾਰ ਦੇ ਦਿੱਤਾ ਕਿ ਉਹ ਅਮਰੀਕਾ ਦੇ ਮੂਲ ਨਿਵਾਸੀਆਂ ਵਾਲੀਆਂ ਬੱਸਾਂ ਵਿੱਚ ਸਫਰ ਕਰ ਸਕਦੇ ਹਨ ।

ਜਦੋਂ ਲੂਥਰ ਕਿੰਗ ਬਾਈਕਾਟ ਅੰਦੋਲਨ ਦੀ ਅਗਵਾਈ ਕਰ ਰਹੇ ਸਨ ਤੇ ਸਰਕਾਰ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ 'ਤੇ ਘੋਰ ਤਸ਼ੱਦਦ ਕੀਤਾ, ਪਰ ਉਹ ਆਪਣੇ ਮਕਸਦ ਦੀ ਪ੍ਰਾਪਤੀ ਲਈ ਬਜ਼ਿੱਦ ਰਹੇ। ਅਮਰੀਕਾ ਸਰਕਾਰ ਨੇ ਲੂਥਰ ਤੇ ਉਸ ਦੇ ਪਰਵਾਰ ਨੂੰ ਜਾਨ ਤੋਂ ਮਾਰਨ ਵਾਸਤੇ ਉਨ੍ਹਾਂ ਦੇ ਘਰ 'ਤੇ ਬੰਬਾਂ ਨਾਲ ਹਮਲਾ ਕੀਤਾ, ਪਰ ਉਹ ਤੇ ਉਸ ਦਾ ਪਰਵਾਰ ਬਚ ਗਿਆ। ਜਿਉਂ-ਜਿਉਂ ਸਰਕਾਰ ਲੂਥਰ 'ਤੇ ਹਮਲੇ ਕਰਦੀ ਗਈ ਤੇ ਲੂਥਰ ਨੀਗਰੋ ਲੋਕਾਂ ਦਾ ਵਿਸ਼ਵ ਪੱਧਰ ਦਾ ਹਰਮਨ ਪਿਆਰਾ ਆਗੂ ਬਣਦਾ ਗਿਆ।



ਕਿੰਗ ਨੇ 1957 ਵਿੱਚ ਕੌਮਾਂਤਰੀ ਪੱਧਰ ਦੇ ਆਗੂ ਹੋਣ ਦੀ ਹੈਸੀਅਤ ਵਿੱਚ ਦੱਖਣੀ ਏਸੀਆ ਦੇਸ਼ਾਂ ਦੇ ਇਸਾਈ ਭਾਈਚਾਰੇ ਦੇ ਸੰਮੇਲਨ ਦੀ ਪ੍ਰਧਾਨਗੀ ਕੀਤੀ। ਲੂਥਰ ਨੇ ਕਾਲੇ ਲੋਕਾਂ ਦੀ ਕੌਮਾਂਤਰੀ ਸੰਸਥਾ ਨੂੰ ਚਲਾਉਣ ਵਾਸਤੇ ਸਿਧਾਂਤ ਇਸਾਈ ਮੱਤ ਤੋਂ ਸੰਚਾਲਨ ਵਿਧੀ ਮਹਾਤਮਾ ਗਾਂਧੀ ਤੋਂ ਲਈ।

ਲੂਥਰ ਕਿੰਗ ਨੇ ਗਿਆਰਾਂ ਸਾਲਾਂ ਵਿੱਚ ਦੁਨੀਆ ਭਰ 'ਚ ਛੇ ਮਿਲੀਅਨ ਮੀਲ ਦਾ ਸਫਰ ਕਰਕੇ ਨੀਗਰੋ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕੀਤਾ। ਲੂਥਰ ਕਿੰਗ ਨੇ ਵੱਖ-ਵੱਖ ਦੇਸ਼ਾਂ ਵਿੱਚ ਤਕਰੀਬਨ 2500 ਲੈਕਚਰ ਦਿੱਤੇ। ਦੁਨੀਆ ਦੇ ਕਿਸੇ ਹਿੱਸੇ ਵਿੱਚ ਵੀ ਅਨਿਆਂ ਵਿਰੁੱਧ ਨਿਆਂ ਲੈਣ ਦਾ ਸੰਘਰਸ਼ ਹੁੰਦਾ ਤੇ ਲੂਥਰ ਉਥੇ ਪਹੁੰਚ ਜਾਂਦਾ ਸੀ। ਲੂਥਰ ਨੇ ਕਾਲੇ ਲੋਕਾਂ ਦੀ ਬਾਤ ਪਾਉਂਦੀਆਂ ਪੰਜ ਪੁਸਤਕਾਂ ਤੇ ਅਣਗਿਣਤ ਲੇਖ ਲਿਖੇ। ਇੱਕ ਵਾਰ ਬਰਮਿੰਘਮ ਵਿੱਚ ਕਾਲੇ ਲੋਕਾਂ ਦਾ ਬੜਾ ਜ਼ਬਰਦਸਤ ਸੰਘਰਸ਼ ਹੋਇਆ, ਜਿਸ ਦੀ ਅਗਵਾਈ ਲੂਥਰ ਨੇ ਕੀਤੀ ਸੀ। ਇਸ ਸੰਘਰਸ਼ ਨੇ ਦੁਨੀਆ ਭਰ ਦਾ ਧਿਆਨ ਆਪਣੇ ਵੱਲ ਖਿੱਚਿਆ। ਇਸ ਸੰਘਰਸ਼ ਨੇ ਲੂਥਰ ਕਿੰਗ ਨੂੰ ਕੌਮਾਂਤਰੀ ਪੱਧਰ ਦਾ ਹੀਰੋ ਬਣਾ ਦਿੱਤਾ।

ਲੂਥਰ ਕਿੰਗ ਨੇ ਆਪਣੇ ਚੇਤਨ ਦਿਮਾਗ ਨਾਲ ਨੀਗਰੋ ਕ੍ਰਾਂਤੀ ਦਾ ਮੈਨੀਫੈਸਟੋ ਭਾਵ ਐਲਾਨਨਾਮਾ ਲਿਖਿਆ। ਕਿੰਗ ਨੇ 1965 ਵਿੱਚ ਅਲਬਾਗਾ ਵਿਖੇ ਨੀਗਰੋ ਲੋਕਾਂ ਨੂੰ ਵੋਟਾਂ ਦਾ ਹੱਕ ਭਾਵ ਰਜਿਸਟ੍ਰੇਸ਼ਨ ਕਰਵਾਉਣ ਲਈ ਯੋਜਨਾਬੰਦ ਢੰਗ ਨਾਲ ਲਹਿਰ ਜਥੇਬੰਦ ਕੀਤੀ। ਇਸ ਸੰਘਰਸ਼ ਵਿੱਚ ਵਾਸ਼ਿੰਗਟਨ ਵਿਖੇ 250000 ਲੱਖ ਲੋਕਾਂ ਨੇ ਸ਼ਾਂਤਮਈ ਢੰਗ ਨਾਲ ਮਾਰਚ ਕੀਤਾ। ਲੋਕਾਂ ਨੂੰ ਸੰਬੋਧਨ ਕਰਦਿਆਂ ਲੂਥਰ ਨੇ ਕਿਹਾ ਕਿ ਨੀਗਰੋ ਲੋਕਾਂ ਨੂੰ ਵੋਟ ਦੇ ਅਧਿਕਾਰ ਦਿਵਾਉਣਾ ਮੇਰਾ ਸੁਪਨਾ ਹੈ, ਜੋ ਹਰ ਹਾਲਤ ਵਿੱਚ ਪੂਰਾ ਹੋਵੇਗਾ। ਲੂਥਰ ਨੇ ਮੌਕੇ ਦੇ ਪ੍ਰੈਜ਼ੀਡੈਂਟ ਜਾਹਨ ਐਫ ਕਨੇਡੀ ਨਾਲ ਗੱਲਬਾਤ ਕੀਤੀ ਤੇ ਨੀਗਰੋ ਲੋਕਾਂ ਦਾ ਪੱਖ ਰੱਖਿਆ । ਅਖੀਰ ਨੀਗਰੋ ਲੋਕਾਂ ਦੇ ਸੰਘਰਸ਼ ਨੂੰ ਬੂਰ ਪਿਆ ਤੇ ਵੋਟ ਦੇ ਅਧਿਕਾਰ ਮਿਲ ਗਏ।

ਲੂਥਰ ਕਿੰਗ ਨੂੰ ਹਕੂਮਤ ਨੇ ਵਾਰ-ਵਾਰ ਗ੍ਰਿਫਤਾਰ ਕਰ ਕੇ ਟਾਰਚਰ ਕੀਤਾ, ਪਰ ਉਹ ਅਡੋਲ ਰਹਿ ਕੇ ਨੀਗਰੋ ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰਦੇ ਰਹੇ। ਉਸ ਨੂੰ ਮੌਤ ਦੇ ਘਾਟ ਉਤਾਰਨ ਵਾਸਤੇ ਹਕੂਮਤ ਨੇ ਉਸ 'ਤੇ ਚਾਰ ਵਾਰ ਹਮਲੇ ਕਰਵਾਏ, ਪਰ ਉਹ ਸੁਚੇਤ ਹੋਣ ਕਰਕੇ ਬਚ ਜਾਂਦੇ ਰਹੇ। ਲੂਥਰ ਕਿੰਗ ਪੜ੍ਹਾਈ ਵਿੱਚ ਇੰਨਾ ਹੁਸ਼ਿਆਰ ਸੀ ਕਿ ਉਸ ਨੇ ਪੰਜ ਪੀ ਐੱਚ ਡੀ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਸਨ। ਲੂਥਰ ਕਿੰਗ ਨੂੰ ਟਾਈਮ ਮੈਗਜ਼ੀਨ ਨੇ ਸਰਵੋਤਮ ਮਨੁੱਖ ਹੋਣ ਦਾ ਖਿਤਾਬ ਦੇ ਕੇ ਸਨਮਾਨ ਬਖਸ਼ਿਆ ਸੀ।

ਲੂਥਰ ਕਿੰਗ ਨੇ 1958 ਵਿੱਚ ਰੋਡ ਟੂ ਫਰੀਡਮ ਕਿਤਾਬ ਲਿਖੀ। ਇਸ ਕਿਤਾਬ ਵਿਰੁੱਧ ਗੋਰੀ ਨਸਲ ਦੇ ਲੋਕਾਂ ਨੇ ਬੜਾ ਜ਼ਬਰਦਸਤ ਰੋਸ ਕੀਤਾ, ਕਿਉਂਕਿ ਇਸ ਕਿਤਾਬ ਵਿੱਚ ਨਸਲੀ ਵਿਤਕਰਾ ਖਤਮ ਕਰਕੇ ਮਨੁੱਖ ਦੀ ਬਰਾਬਰਤਾ ਦੇ ਵਿਚਾਰ ਸਨ। ਗੋਰਿਆਂ ਨੇ ਇੱਕ ਨੀਗਰੋ ਔਰਤ ਨੂੰ ਖਰੀਦਿਆ ਤੇ ਉਸ ਨੂੰ ਕਮਿਊਨਿਸਟ ਲੂਥਰ ਕਿੰਗ ਦਾ ਕਤਲ ਕਰਨ ਲਈ ਭੇਜਿਆ। ਇੱਕ ਪ੍ਰਦਰਸਨ ਵਿੱਚ ਉਸ ਔਰਤ ਨੇ ਲੂਥਰ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਉਸ ਦੀ ਜਾਨ ਤਾਂ ਬਚ ਗਈ, ਪਰ ਉਹ ਸਖਤ ਜ਼ਖਮੀ ਹੋ ਗਿਆ ।

ਲੂਥਰ ਕਿੰਗ ਨੇ ਵੀਅਤਨਾਮ ਦੀ ਜੰਗ ਵਿੱਚ ਵੀਅਤਨਾਮ ਦੀ ਹਮਾਇਤ ਕੀਤੀ ਤੇ ਅਮਰੀਕਾ ਦਾ ਵਿਰੋਧ ਇਸ ਕਰਕੇ ਕੀਤਾ ਕਿ ਹਰੇਕ ਕੌਮ ਨੂੰ ਆਪਣੀ ਆਜ਼ਾਦੀ ਦੀ ਲੜਾਈ ਲੜਨ ਦਾ ਹੱਕ ਹੈ। ਆਜ਼ਾਦ ਹੋਣ ਨਾਲ ਹੀ ਉਸ ਕੌਮ ਦੀ ਖੁਸ਼ਹਾਲੀ ਹੋ ਸਕਦੀ ਹੈ । ਵੀਅਤਨਾਮ ਦੇ ਲੋਕ ਵੀ ਆਜ਼ਾਦੀ ਦੀ ਲੜਾਈ ਲੜ ਰਹੇ ਸਨ।

ਲੂਥਰ ਕਿੰਗ ਉੱਤਰੀ ਅਮਰੀਕਾ ਦੇ ਦੇਸ਼ਾਂ ਦੀ ਆਜ਼ਾਦੀ ਦੇ ਅੰਦੋਲਨਾਂ ਦੀ ਵੀ ਹਮਾਇਤ ਕਰਦਾ ਸੀ। ਇਹ ਦੇਸ਼ ਅਮਰੀਕਾ ਦੇ ਪੈਰਾਂ ਥੱਲੇ ਹਨ ਤੇ ਅਮਰੀਕਾ ਸਦਾ ਹੀ ਉਨ੍ਹਾਂ ਨੂੰ ਪੈਰਾਂ ਥੱਲੇ ਰੱਖ ਕੇ ਉਨ੍ਹਾਂ ਦੀ ਲੁੱਟ ਬਰਕਰਾਰ ਰੱਖਣਾ ਚਾਹੁੰਦਾ ਹੈ। ਲੂਥਰ ਭਾਵੇਂ ਅਮਰੀਕਾ ਦਾ ਨਿਵਾਸੀ, ਪਰ ਉਸ ਨੂੰ ਅਮਰੀਕਾ ਦੀਆਂ ਲੋਕ ਵਿਰੋਧੀ ਨੀਤੀਆਂ ਪਸੰਦ ਨਹੀਂ ਸਨ। ਲੂਥਰ ਦੀ ਨੀਤੀ ਇਹ ਸੀ ਕਿ ਜਾਤ-ਨਸਲ ਦੇ ਭੇਦ-ਭਾਵ ਤੋਂ ਸਮਾਜ ਮੁਕਤ ਹੋਣਾ ਚਾਹੀਦਾ ਹੈ। ਇਸ ਸੋਚ ਦੀ ਪੂਰਤੀ ਵਾਸਤੇ ਲੂਥਰ ਆਖਰੀ ਸਾਹ ਤੱਕ ਸੰਘਰਸ਼ ਕਰਦਾ ਰਿਹਾ।

ਲੂਥਰ ਕਿੰਗ ਨੋਬਲ ਸ਼ਾਂਤੀ ਪੁਰਸਕਾਰ ਜਿੱਤਣ ਵਾਲਾ ਸਭ ਤੋਂ ਛੋਟੀ ਉਮਰ ਦਾ ਵਿਅਕਤੀ ਸੀ। ਉਸ ਵੇਲੇ ਉਸ ਦੀ ਉਮਰ ਸਿਰਫ 35 ਸਾਲ ਦੀ ਸੀ। ਜਿਹੜਾ ਪੁਰਸਕਾਰ ਜਿੱਤਣ 'ਤੇ ਲੂਥਰ ਨੂੰ 54123 ਡਾਲਰ ਪੈਸਾ ਮਿਲਿਆ, ਉਹ ਉਸ ਨੇ ਸਾਰੇ ਦਾ ਸਾਰਾ ਨਾਗਰਿਕ ਅਧਿਕਾਰ ਅੰਦੋਲਨ ਦੇ ਕਰਤਾਵਾਂ ਨੂੰ ਦੇ ਦਿੱਤਾ।

ਮਾਰਟਿਨ ਲੂਥਰ ਕਿੰਗ ਦੀ ਜਾਨ ਲੈਣ ਵਾਸਤੇ ਉਸ ਮਗਰ ਗੋਰੀ ਚਮੜੀ ਵਾਲੇ ਦਰਿੰਦੇ ਲੱਗੇ ਹੀ ਰਹਿੰਦੇ ਸਨ। ਅੰਤ ਇਨ੍ਹਾਂ ਦਰਿੰਦਿਆਂ ਨੇ 4 ਅਪ੍ਰੈਲ 1988 ਨੂੰ ਜਦੋਂ ਉਹ ਮੇਮਫਿਸ ਟੇਸਨਸੀਅ ਵਿੱਚ ਆਪਣੇ ਹੋਟਲ ਦੇ ਕਮਰੇ ਦੀ ਬਾਲਕੌਨੀ ਵਿੱਚ ਖੜਾ ਸੀ, ਕਤਲ ਕਰ ਦਿੱਤਾ। ਲੂਥਰ ਕਿੰਗ ਇਸ ਸ਼ਹਿਰ ਵਿੱਚ ਨੀਗਰੋ ਲੋਕਾਂ ਦੀ ਹੜਤਾਲ ਦੀ ਅਗਵਾਈ ਕਰਨ ਆਇਆ ਸੀ, ਪਰ ਉਸ ਮਹਾਨ ਮਨੁੱਖ ਨੂੰ ਗੋਰਿਆਂ ਨੇ ਮੌਤ ਦੇ ਘਾਟ ਉਤਾਰ ਦਿੱਤਾ। ਮਾਰਟਿਨ ਲੂਥਰ ਕਿੰਗ ਦੇ ਸ਼ਹੀਦੀ ਦਿਹਾੜੇ 'ਤੇ ਅਮਰੀਕਾ ਵਿੱਚ ਹਰ ਸਾਲ ਛੁੱਟੀ ਹੁੰਦੀ ਹੈ ਤੇ ਇਹ ਦਿਨ ਲੋਕ ਹੁੰਮ-ਹੁਮਾ ਕੇ ਮਨਾਉਂਦੇ ਹਨ।

**# ਜਨਰਲ ਸਕੱਤਰ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, 98760-78731**

# ਭਾਜਪਾ ਦੀ ਤਾਨਾਸ਼ਾਹ ਸਰਕਾਰ ਦੇਸ਼ ਦੇ ਸੰਵਿਧਾਨ ਤੇ ਲੋਕਤੰਤਰ ਨੂੰ ਖਤਮ ਕਰਨਾ ਚਾਹੁੰਦੀ : ਰਾਜਾ ਵੜਿੰਗ

- ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰਸ਼ਿਪ ਗਲਤ ਢੰਗ ਨਾਲ ਰੱਦ ਕੀਤੀ
- ਕਾਂਗਰਸ ਵੱਲੋਂ ਮੋਦੀ ਸਰਕਾਰ ਦੇ ਤਾਨਾਸ਼ਾਹੀ ਰਾਜ ਤੋਂ ਦੇਸ਼ ਨੂੰ ਬਚਾਉਣ ਲਈ ਸ਼ੁਰੂ ਕੀਤੀ ਲੜਾਈ : ਹਰੀਸ਼ ਚੌਧਰੀ



ਜਲਾਲਾਬਾਦ ਵਿਖੇ ਕਾਂਗਰਸ ਦੇ ਪੰਜਾਬ ਪ੍ਰਧਾਨ ਰਾਜਾ ਵੜਿੰਗ, ਇੰਚਾਰਜ ਹਰੀਸ਼ ਚੌਧਰੀ ਸੰਬੋਧਨ ਕਰਦੇ ਹੋਏ, ਸਮਾਗਮ 'ਚ ਮੌਜੂਦ ਲੀਡਰ ਤੇ ਵਰਕਰ।

**ਜਲਾਲਾਬਾਦ (ਸਤਨਾਮ ਸਿੰਘ, ਜੀਤ ਕੁਮਾਰ)**

ਆਲ ਇੰਡੀਆ ਕਾਂਗਰਸ ਦੇ ਆਗੂ ਰਾਹੁਲ ਗਾਂਧੀ ਦੀ ਲੋਕ ਸਭਾ ਵਿੱਚੋਂ ਮੈਂਬਰਸ਼ਿਪ ਰੱਦ ਕਰਨ 'ਤੇ ਕੇਂਦਰ ਦੀ ਸੱਤਾ 'ਤੇ ਬਿਰਾਜ਼ਮਾਨ ਮੋਦੀ ਸਰਕਾਰ ਖਿਲਾਫ ਸ਼ੁਰੂ ਕੀਤੇ ਸੰਘਰਸ਼ ਤਹਿਤ ਸਥਾਨਕ ਜਨਤਾ ਭਵਨ ਵਿਖੇ ਕਾਂਗਰਸ ਵਲੋਂ ਜ਼ਿਲ੍ਹਾ ਪੱਧਰੀ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ੍ਰੀ ਹਰੀਸ਼ ਚੌਧਰੀ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਿਸ਼ੇਸ਼ ਤੌਰ 'ਤੇ ਪੁੱਜੇ, ਜਦਕਿ ਸਾਬਕਾ ਐਮ.ਪੀ. ਸ਼ੇਰ ਸਿੰਘ ਘੁਬਾਇਆ, ਸਾਬਕਾ ਐਮ.ਪੀ. ਡਾ. ਮੋਹਨ ਸਿੰਘ ਫਲੀਆਂਵਾਲਾ, ਕਾਂਗਰਸ ਦੇ ਜ਼ਿਲ੍ਹਾ ਫਾਜ਼ਿਲਕਾ ਦੇ ਪ੍ਰਧਾਨ ਤੇ ਸਾਬਕਾ ਵਿਧਾਇਕ ਦਵਿੰਦਰ ਘੁਬਾਇਆ, ਪੰਜਾਬ ਕਾਂਗਰਸ ਓਬੀਸੀ ਵਿਭਾਗ ਦੇ ਚੇਅਰਮੈਨ ਰਾਜ ਬਖਸ਼ ਕੰਬੋਜ, ਸਪੋਕਸਮੈਨ ਰੂਬੀ ਗਿੱਲ, ਕੁਲਬੀਰ ਸਿੰਘ ਜੀਰਾ, ਕਾਂਗਰਸ ਦੇ ਬਲਾਕ ਦਿਹਾਂਤੀ ਪ੍ਰਧਾਨ ਸ਼ਿੰਦਰਪਾਲ ਮਹਾਲਮ, ਦਿਹਾਤੀ ਪ੍ਰਧਾਨ ਬੰਟੀ ਵਾਟਸ, ਦਰਸ਼ਨ ਲਾਲ ਵਾਟਸ, ਕੇਵਲ ਸੁਖੀਜਾ, ਸੋਨੂੰ ਅਮਸੀ, ਨੀਲਾ ਮਦਾਨ, ਸੋਨੂੰ ਦਰਗਨ, ਗੁਰਜੰਟ ਸਿੰਘ ਚਿਮਨੇਵਾਲਾ, ਬਿੱਟੂ ਚਿਮਨੇਵਾਲਾ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ, ਸੁਖਵੰਤ ਸਿੰਘ ਬਰਾੜ, ਬਲਵੀਰ ਚੰਦ ਸਾਬਕਾ ਸਰਪੰਚ, ਗਗਨਦੀਪ ਸਿੰਘ ਬੋਬੀ, ਰਜਿੰਦਰ ਕੌਰ ਬੱਲੂਆਣਾ, ਵਿੱਕੀ ਧਵਨ ਸਮੇਤ ਵੱਡੀ ਗਿਣਤੀ ਵਿੱਚ ਵੱਖ ਵੱਖ ਪਿੰਡਾਂ ਤੋਂ ਸਰਪੰਚ-ਪੰਚ ਤੇ ਕਾਂਗਰਸ ਪਾਰਟੀ ਦੇ ਸਰਗਰਮ ਵਰਕਰਾਂ ਨੇ ਭਾਗ ਲਿਆ।

ਇਸ ਮੌਕੇ ਸੰਬੋਧਨ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਕਿਹਾ ਕਿ ਇਸ ਸਮੇਂ ਦੇਸ਼ ਵਿਚ ਭਾਜਪਾ ਦੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਤਾਨਾਸ਼ਾਹੀ ਸਰਕਾਰ ਦਾ ਰਾਜ ਹੈ, ਜੋ ਦੇਸ਼ ਦੇ ਲੋਕਤੰਤਰ ਤੇ ਸੰਵਿਧਾਨ ਨੂੰ ਨੂੰ ਖਤਮ ਕਰਨਾ ਚਾਹੀਦਾ ਹੈ, ਪਰ ਲੋਕਤੰਤਰ ਬਚਾਉਣ ਲਈ ਕਾਂਗਰਸ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਸੱਚ ਦੀ ਲੜਾਈ ਲੜ ਰਹੇ ਨੇ ਅਤੇ ਪੂਰਾ ਦੇਸ਼ ਉਨ੍ਹਾਂ ਨਾਲ ਖੜਾ ਹੈ। ਜੇ ਕੋਈ ਸਰਕਾਰ ਦੇ ਕਾਰਨਾਮੇ ਉਜਾਗਰ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦੇ ਖਿਲਾਫ ਕਾਰਵਾਈ ਕਰਵਾਉਣ ਲਈ ਕੇਂਦਰੀ ਏਜੰਸੀਆ ਦੀ ਦੁਰਵਰਤੋਂ ਕੀਤੀ ਜਾਂਦੀ ਹੈ, ਜਿਸ ਤਹਿਤ ਹੀ ਪਹਿਲਾਂ ਰਾਹੁਲ ਗਾਂਧੀ ਨੂੰ ਗਲਤ ਤਰੀਕੇ ਨਾਲ 2 ਸਾਲ ਦੀ ਸਜ਼ਾ ਕੀਤੀ ਗਈ ਹੈ ਤੇ ਇਸ ਦੇ ਬਾਅਦ ਲੋਕ ਸਭਾ ਦੀ ਮੈਂਬਰੀ ਰੱਦ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਦੇਸ਼ ਵਿਚੋਂ ਲੋਕਤੰਤਰ ਤੇ ਸੰਵਿਧਾਨ ਨੂੰ ਬਚਾਉਣ ਲਈ ਕਾਂਗਰਸ ਹਾਈ ਕਮਾਨ ਦੇ ਨਿਰਦੇਸ਼ਾਂ ਤਹਿਤ ਅੰਦੋਲਨ ਸ਼ੁਰੂ ਕੀਤਾ ਜਾਵੇਗਾ, ਜਿਸ ਲਈ ਪਹਿਲਾਂ ਜ਼ਿਲ੍ਹਾ ਤੇ ਬਲਾਕ ਪੱਧਰ 'ਤੇ ਕਾਂਗਰਸ ਦੇ ਵਰਕਰਾਂ ਤੇ ਲੋਕਾਂ ਨੂੰ ਕੇਂਦਰ ਦੀਆਂ ਦੇਸ਼ ਵਿਰੋਧੀ ਨੀਤੀਆਂ ਬਾਰੇ ਜਾਗਰੂਕ ਕਰਕੇ ਦੇਸ਼ ਨੂੰ ਮੋਦੀ ਦੀ ਤਾਨਾਸ਼ਾਹੀ ਸਰਕਾਰ ਤੋਂ ਬਚਾਉਣ ਲਈ ਲਾਮਬੰਦ ਕੀਤਾ ਜਾ ਰਿਹਾ ਹੈ, ਜਿਸ ਦੇ ਬਾਅਦ ਕਾਂਗਰਸ ਪਾਰਟੀ ਵੱਲੋਂ ਹਰ ਸ਼ਹਿਰ ਤੇ ਪਿੰਡ ਵਿਚ ਵਾਰਡ ਪੱਧਰ 'ਤੇ ਇਹ ਲਾਮਬੰਦੀ ਕਰਨ ਦਾ ਸਿਲਸਿਲਾ ਚੱਲੇਗਾ। ਬੀਤੇ ਕੱਲ੍ਹ ਨਵਜੋਤ ਸਿੱਧੂ ਦੀ ਰਿਹਾਈ ਦੌਰਾਨ ਸਵਾਗਤ ਕਰਨ ਸਮੇਂ ਪੰਜਾਬ ਕਾਂਗਰਸ ਪ੍ਰਧਾਨ ਦੇ ਗੈਰ ਹਾਜ਼ਰ ਹੋਣ ਸਬੰਧੀ ਪੱਤਰਕਾਰਾਂ ਦੇ ਸਵਾਲ ਦੇ ਜਵਾਬ ਵਿੱਚ ਰਾਜਾ ਵੜਿੰਗ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਨਾਲ ਮੇਰਾ ਕੋਈ ਗਿਲਾ-ਸ਼ਿਕਵਾ ਨਹੀਂ ਹੈ, ਮੈਂ ਉਨ੍ਹਾਂ ਦਾ ਸਤਿਕਾਰ ਕਰਦਾ ਹੈ ਤੇ ਕਾਂਗਰਸ ਪਾਰਟੀ ਦੀ ਲੀਡਰਸ਼ਿਪ ਇਕਜੁੱਟ ਹੈ।

ਇਸ ਮੌਕੇ ਕਾਂਗਰਸ ਦੇ ਪੰਜਾਬ ਮਾਮਲਿਆ ਦੇ ਇੰਚਾਰਜ ਹਰੀਸ਼ ਚੌਧਰੀ ਨੇ ਸੰਬੋਧਨ ਕਰਦਿਆਂ ਕੇਂਦਰ ਦੀ ਸੱਤਾ 'ਤੇ ਬਿਰਾਜ਼ਮਾਨ ਮੋਦੀ ਸਰਕਾਰ ਤੋਂ ਦੇਸ਼ ਨੂੰ ਬਚਾਉਣ ਲਈ ਕਾਂਗਰਸ ਵਲੋਂ ਸ਼ੁਰੂ ਕੀਤੇ ਅੰਦੋਲਨ ਬਾਰੇ ਲਾਮਬੰਦ ਕੀਤਾ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ ਜਦੋਂ ਅਡਾਨੀ ਮਾਮਲੇ 'ਤੇ ਮੋਦੀ ਸਰਕਾਰ ਤੇ ਸਵਾਲ ਕੀਤੇ ਗਏ ਤਾਂ ਉਨ੍ਹਾਂ ਨੂੰ ਗਲਤ ਤਰੀਕੇ ਨਾਲ ਸੰਸਦ ਵਿੱਚੋਂ ਅਯੋਗ ਠਹਿਰਾ ਦਿੱਤਾ ਗਿਆ, ਪਰ ਕਾਂਗਰਸ ਪਾਰਟੀ ਦੇ ਆਗੂ ਰਾਹੁਲ ਗਾਂਧੀ ਮੋਦੀ ਸਰਕਾਰ ਦੀਆਂ ਗਲਤ ਨੀਤੀਆਂ 'ਤੇ ਸਵਾਲ ਚੁੱਕਦੇ ਰਹਿਣਗੇ। ਉਨ੍ਹਾਂ ਸਮੂਹ ਕਾਂਗਰਸ ਦੇ ਲੀਡਰਾਂ ਨੂੰ ਅਪੀਲ ਕੀਤੀ ਕਿ ਮੋਦੀ ਸਰਕਾਰ ਤੋਂ ਦੇਸ਼ ਨੂੰ ਬਚਾਉਣ ਲਈ ਲੋਕਾਂ ਤੱਕ ਪਹੁੰਚ ਕੀਤੀ ਜਾਵੇ। ਇਸ ਮੌਕੇ ਸਾਬਕਾ ਐਮ.ਪੀ. ਸ਼ੇਰ ਸਿੰਘ ਘੁਬਾਇਆ, ਰਾਜ ਬਖਸ਼ ਕੰਬੋਜ, ਰੂਬੀ ਗਿੱਲ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਵਲੋਂ ਮੋਦੀ ਸਰਕਾਰ ਦੇ ਖਿਲਾਫ ਸ਼ੁਰੂ ਲੜਾਈ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਉਧਰ, ਰਾਜਾ ਵੜਿੰਗ ਨੇ ਕਿਹਾ ਕਿ ਜਲਾਲਾਬਾਦ ਹਲਕੇ ਦੇ ਮਾਰਸਲ ਲੋਕ ਹਨ, ਇਸ ਲਈ ਜਲਦੀ ਹੀ ਜਲਾਲਾਬਾਦ ਤੋਂ ਲੋਕਲ ਲੀਡਰ ਨੂੰ ਹੀ ਕਾਂਗਰਸ ਹਾਈ ਕਮਾਨ ਵੱਲੋਂ ਵਾਂਗਡੋਰ ਸੌਂਪੀ ਜਾਵੇਗੀ ਤੇ ਕਾਂਗਰਸ ਨਾਲ ਚਟਾਨ ਵਾਂਗ ਖੜੇ ਕਾਂਗਰਸ ਦੇ ਵਰਕਰਾਂ ਤੇ ਲੀਡਰਾਂ ਨੂੰ ਪੂਰਾ ਮਾਨ ਸਨਮਾਨ ਮਿਲੇਗਾ।

# ਡਿਊਟੀ ਜਾ ਰਹੇ 11 ਅਧਿਆਪਕਾਂ ਨਾਲ ਫਿਰ ਵਾਪਰਿਆ ਹਾਦਸਾ, 3 ਗੰਭੀਰ ਜ਼ਖਮੀ

- ਸੜਕ 'ਤੇ ਡਿੱਗੇ ਸਫੈਦੇ ਨਾਲ ਟਕਰਾਈ ਟ੍ਰੈਕਸ
- ਵਿਧਾਇਕ ਗੋਲਡੀ ਨੇ ਹਸਪਤਾਲ 'ਚ ਪਹੁੰਚ ਕੇ ਜ਼ਖਮੀ ਅਧਿਆਪਕਾਂ ਦਾ ਹਾਲਚਾਲ ਜਾਣਿਆ





ਹਾਦਸਾਗ੍ਰਸਤ ਵਾਹਨ ਤੇ ਜ਼ਖਮੀਆਂ ਦਾ ਹਾਲਚਾਲ ਪੁੱਛਦੇ ਵਿਧਾਇਕ ਜਗਦੀਪ ਕੰਬੋਜ।

**ਜਲਾਲਾਬਾਦ (ਸਤਨਾਮ ਸਿੰਘ/ਜੀਤ ਕੁਮਾਰ)**

ਅੱਜ ਸਵੇਰੇ ਕਰੀਬ 6 ਵਜੇ ਜਲਾਲਾਬਾਦ-ਫਿਰੋਜ਼ਪੁਰ ਰੋਡ 'ਤੇ ਸਥਿਤ ਖੰਜੀ ਪੀਰ ਦੀ ਸਮਾਧ ਦੇ ਨਜ਼ਦੀਕ ਜਲਾਲਾਬਾਦ ਤੋਂ ਤਰਨਤਾਰਨ ਦੇ ਵਲਟੋਹਾ ਦੇ ਵੱਖ ਵੱਖ ਸਕੂਲਾਂ 'ਚ ਡਿਊਟੀ ਜਾ ਰਹੇ ਅਧਿਆਪਕਾਂ ਦੀ ਟ੍ਰੈਕਸ ਗੱਡੀ ਬੀਤੀ ਰਾਤ ਨੂੰ ਆਏ ਮੀਂਹ ਤੇ ਝੱਖੜ ਦੇ ਨਾਲ ਸੜਕ 'ਤੇ ਡਿੱਗੇ ਸਫੈਦੇ ਵਿੱਚ ਵੱਜਣ ਨਾਲ ਹਾਦਸਾ ਵਾਪਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਟ੍ਰੈਕਸ ਗੱਡੀ 'ਚ 11 ਦੇ ਕਰੀਬ ਅਧਿਆਪਕਾਂ ਸਵਾਰ ਸਨ ਤੇ ਵਾਪਰੇ ਇਸ ਹਾਦਸੇ 'ਚ 3 ਅਧਿਆਪਕਾਂ ਦੇ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ। ਜਦੋਂਕਿ ਦੂਜੇ ਅਧਿਆਪਕਾਂ ਨੂੰ ਵੀ ਮਾਮੂਲੀ ਸੱਟਾਂ ਲੱਗ ਗਈਆਂ। ਜ਼ਖਮੀ ਹੋਏ ਅਧਿਆਪਕਾਂ ਨੂੰ ਜਲਾਲਾਬਾਦ ਦੇ ਸਰਕਾਰੀ ਹਸਪਤਾਲ ਵਿਖੇ ਇਲਾਜ ਲਈ ਦਾਖਿਲ ਕਰਵਾਇਆ ਗਿਆ, ਜਿਨ੍ਹਾਂ ਨੂੰ ਇਥੋਂ ਦੇ ਡਾਕਟਰਾਂ ਵੱਲੋਂ ਮੁੱਢਲੀ ਡਾਕਟਰੀ ਸਹਾਇਤਾਂ ਦੇਣ ਉਪਰੰਤ ਫਰੀਦਕੋਟ ਮੈਡੀਕਲ ਕਾਲਜ ਲਈ ਰੈਫਰ ਕਰ ਦਿੱਤਾ ਗਿਆ।

ਇਸ ਹਾਦਸੇ 'ਚ ਜ਼ਖਮੀ ਹੋਈ ਅਧਿਆਪਕਾ ਨੀਲਮ ਗਹਿਲੇ ਵਾਲਾ, ਪਵਨ ਘੱਟਿਆਂ ਵਾਲੇ ਨੂੰ ਫਰੀਦਕੋਟ ਰੈਫਰ ਕੀਤਾ ਗਿਆ ਤੇ ਬਾਕੀ ਅਧਿਆਪਕ ਜ਼ੇਰੇ ਇਲਾਜ ਜਲਾਲਾਬਾਦ ਹਨ। ਜਲਾਲਾਬਾਦ ਦੇ ਸਰਕਾਰੀ ਹਸਪਤਾਲ ਵਿੱਚ ਅਧਿਆਪਕ ਰਜਨੀ ਬਾਲਾ ਪਾਲੀ ਵਾਲਾ, ਬਲਵਿੰਦਰ ਸਿੰਘ ਭੋਡੀਪੁਰਾ, ਡਰਾਈਵਰ ਸੁਖਦੇਵ ਸਿੰਘ ਕੱਟੀਆਂ ਵਾਲਾ ਤੋਂ ਇਲਾਵਾ ਬਾਕੀ ਜਿਨ੍ਹਾਂ ਅਧਿਆਪਕਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ, ਉਨ੍ਹਾਂ ਵਿੱਚ ਨਰਿੰਦਰ ਸਿੰਘ ਮਹਾਲਮ, ਨੀਰੂ ਕੰਬੋਜ ਸਵਾਹ ਵਾਲਾ, ਸਿਫਾਲੀ ਜਲਾਲਾਬਾਦ, ਲੇਖਕ ਰਾਜ ਪਾਲੀ ਵਾਲਾ, ਹਰਦੇਵ ਸਿੰਘ ਕਾਠਗੜ੍ਹ ਸ਼ਾਮਲ ਹਨ। ਉਧਰ, ਅੱਜ ਵਾਪਰੇ ਇਸ ਹਾਦਲੇ ਵਿੱਚ ਜ਼ਖਮੀ ਅਧਿਆਪਕ, ਜੋਕਿ ਸਰਕਾਰੀ ਹਸਪਤਾਲ ਜਲਾਲਾਬਾਦ ਵਿਖੇ ਦਾਖਲ ਹਨ, ਦਾ ਹਾਲਚਾਲ ਜਾਣ ਲਈ ਹਲਕਾ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਵੀ ਮੌਕੇ 'ਤੇ ਪੁੱਜੇ ਤੇ ਜ਼ਖਮੀ ਅਧਿਆਪਕਾਂ ਦਾ ਹਾਲ ਚਾਲ ਜਣਿਆ।

## ਕਾਤਰਾਂ

### ਬਿਲਡਿੰਗ ਠੇਕੇਦਾਰ ਐਸੋ. ਵੱਲੋਂ ਨਵੇਂ ਅਹੁਦੇਦਾਰਾਂ ਦਾ ਐਲਾਨ

**ਜਗਰਾਓਂ (ਅਮਿਤ ਖੰਨਾ)**-ਜਗਰਾਓਂ ਦੀ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੀ ਹੋਈ ਚੋਣ 'ਚ ਸਰਬਸੰਮਤੀ ਨਾਲ ਜਿੰਦਰ ਪਾਲ ਧੀਮਾਨ ਨੂੰ ਦੁਬਾਰਾ ਪ੍ਰਧਾਨ ਚੁਣਿਆ ਗਿਆ। ਸਥਾਨਕ ਗੁਰਦੁਆਰਾ ਰਾਮਗੜ੍ਹੀਆ ਵਿਖੇ ਮੀਟਿੰਗ ਸਮੇਂ ਪ੍ਰਧਾਨ ਜਿੰਦਰ ਪਾਲ ਧੀਮਾਨ ਨੇ ਜਸਪਾਲ ਸਿੰਘ ਪਾਲੀ ਨੂੰ ਜਨਰਲ ਸਕੱਤਰ, ਜਗਰੂਪ ਸਿੰਘ ਨੀਟਾ ਨੂੰ ਕੈਸ਼ੀਅਰ, ਅਮਰਜੀਤ ਸਿੰਘ ਘਟੌੜੇ ਤੇ ਮੰਗਲ ਸਿੰਘ ਸਿੱਧੂ ਨੂੰ ਸੀਨੀਅਰ ਮੀਤ ਪ੍ਰਧਾਨ ਤੇ ਬਹਾਦਰ ਸਿੰਘ ਨੂੰ ਮੀਤ ਪ੍ਰਧਾਨ ਬਣਾਏ ਜਾਣ ਦਾ ਐਲਾਨ ਕੀਤਾ। ਇਸ ਮੌਕੇ ਸਰਪ੍ਰਸਤ ਕਸ਼ਮੀਰੀ ਲਾਲ, ਗੁਰਮੇਲ ਸਿੰਘ ਢੁੱਡੀਕੇ ਤੇ ਪ੍ਰਿਤਪਾਲ ਸਿੰਘ ਮਣਕੂ, ਕਰਮ ਸਿੰਘ ਜਗਦੇ, ਪ੍ਰੀਤਮ ਸਿੰਘ ਗੈਦੂ, ਸੁਖਪਾਲ ਸਿੰਘ ਖਹਿਰਾ, ਹਰਿੰਦਰ ਪਾਲ ਸਿੰਘ ਕਾਲਾ, ਸੁਰਿੰਦਰ ਕਾਕਾ, ਮਨਦੀਪ ਮਨੀ, ਧਰਮ ਸਿੰਘ ਰਾਜੂ, ਨਿਰਮਲ ਨਿੰਮਾ, ਭੀਮ ਸਿੰਘ, ਤਰਲੋਚਨ ਸਿੰਘ, ਕਰਨੈਲ ਸਿੰਘ ਧੰਜਲ, ਹਰਦਿਆਲ ਸਿੰਘ, ਰਾਜਿੰਦਰ ਮਠਾੜੂ, ਹਰਜੀਤ ਸਿੰਘ, ਬਲਜੀਤ ਸਿੰਘ, ਸਤਨਾਮ ਸਿੰਘ, ਸੁਖਵਿੰਦਰ ਸੀਹਰਾ, ਪੱਪੂ ਯਾਦਵ, ਸੋਨੀ ਸਿੰਘ ਆਦਿ ਹਾਜ਼ਰ ਸਨ।

### ਸਰਕਾਰੀ ਬੱਸ 'ਚ ਡਰਾਈਵਰ ਦੀ ਲਟਕਦੀ ਲਾਸ਼ ਮਿਲੀ

**ਮਾਨਸਾ (ਮੁਨੀਸ਼ ਕੁਮਾਰ)**-ਬੀਤੀ ਐਤਵਾਰ ਦੀ ਰਾਤ ਬੱਸ ਅੱਡਾ ਸਰਦੂਲਗੜ੍ਹ 'ਚ ਖੜੀ ਪੀ.ਆਰ.ਟੀ.ਸੀ. ਦੀ ਬੱਸ 'ਚੋਂ ਡਰਾਈਵਰ ਦੀ ਲਟਕਦੀ ਲਾਸ਼ ਮਿਲੀ ਹੈ। ਥਾਣਾ ਮੁਖੀ ਸਰਦੂਲਗੜ੍ਹ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਕਮਲਪ੍ਰੀਤ ਸਿੰਘ ਵਾਸੀ ਖਿਆਲਾ ਕਲਾਂ, ਜੋ ਕਿ ਪੀ.ਆਰ.ਟੀ.ਸੀ. ਬਰਨਾਲਾ ਡਿੱਪੂ 'ਤੇ ਡੇਲੀਵੇਜ਼ 'ਤੇ ਡਰਾਈਵਰ ਸੀ, ਅੱਜ ਸਵੇਰੇ ਪਤਾ ਲੱਗਾ ਕਿ ਬੱਸ ਵਿੱਚ ਉਸ ਦੀ ਲਾਸ਼ ਲਟਕ ਰਹੀ ਹੈ। ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਰਦੂਲਗੜ੍ਹ ਭੇਜ ਦਿੱਤਾ ਹੈ। ਮ੍ਰਿਤਕ ਦੇ ਪਿਤਾ ਕੇਵਲ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਖਿਆਲਾ ਕਲਾਂ ਦੇ ਬਿਆਨਾਂ 'ਤੇ ਧਾਰਾ 306 ਅਧੀਨ ਮਾਮਲਾ ਦਰਜ ਕਰਕੇ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

### ਅੰਮ੍ਰਿਤਪਾਲ ਨੰਬਰਦਾਰ ਯੂਨੀਅਨ ਦੇ ਪ੍ਰਧਾਨ ਬਣੇ

**ਬਰੇਟਾ (ਰੀਤਵਾਲ)**-ਸਥਾਨਕ ਨੰਬਰਦਾਰ ਯੂਨੀਅਨ ਦੀ ਚੋਣ ਹੋਈ, ਜਿਸ ਵਿੱਚ ਅੰਮ੍ਰਿਤਪਾਲ ਸਿੰਘ ਕਿਸ਼ਨਗੜ੍ਹ ਪ੍ਰਧਾਨ, ਗਮਦੂਰ ਸਿੰਘ ਖਜ਼ਾਨਚੀ, ਗੁਰਸੇਵਕ ਸਿੰਘ ਜਰਨਲ ਸਕੱਤਰ, ਜੁਗਰਾਜ ਸਿੰਘ ਸੀਨੀਅਰ ਮੀਤ ਪ੍ਰਧਾਨ, ਕੇਵਲ ਸਿੰਘ ਮੀਤ ਪ੍ਰਧਾਨ, ਨਿਰਮਲ ਸਿੰਘ ਸੰਘਰੇੜੀ ਪ੍ਰੈੱਸ ਸਕੱਤਰ, ਜਸ ਭਾਵਾ ਸਲਾਹਕਾਰ, ਛੋਟਾ ਸਿੰਘ ਸਹਾਇਕ ਖਜ਼ਾਨਚੀ, ਕਮੇਟੀ ਮੈਂਬਰ ਮਿੱਠੂ ਸਿੰਘ, ਦਰਸ਼ਨ ਸਿੰਘ, ਰਾਮ ਖੁਡਾਲ, ਰਮਨਜੀਤ ਸਿੰਘ, ਬਲਦੇਵ ਸਿੰਘ, ਅਮਰੀਕ ਸਿੰਘ ਸਰਬਸੰਮਤੀ ਨਾਲ ਚੁਣੇ ਗਏ।

### ਮਾਤਾ ਸਾਹਿਬ ਕੌਰ ਖਾਲਸਾ ਕਾਲਜ ਵਿਖੇ ਸੇਵਮੁਕਤੀ ਸਮਾਗਮ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਸੁਹਿਰਦ ਪ੍ਰਬੰਧ ਅਗਵਾਈ ਵਾਲੀ ਸੰਸਥਾ ਮਾਤਾ ਸਾਹਿਬ ਕੌਰ ਖਾਲਸਾ ਕਾਲਜ ਤਲਵੰਡੀ ਭਾਈ ਵਿਖੇ ਚਮਕੌਰ ਸਿੰਘ ਦੀ ਸੇਵਾ ਮੁਕਤੀ ਉਪਰ ਵਿਸ਼ੇਸ ਸਮਾਗਮ ਕੀਤਾ ਗਿਆ।ਪ੍ਰਿੰਸੀਪਲ ਨੇ ਦੱਸਿਆ ਕਿ ਚਮਕੌਰ ਸਿੰਘ ਪਿਛਲੇ ਲੰਮੇ ਸਮੇਂ ਤੋਂ ਬਤੌਰ ਚੌਂਕੀਦਾਰ ਸੰਸਥਾ ਵਿਖੇ ਸੇਵਾ ਨਿਭਾਅ ਰਹੇ ਸਨ ਤੇ ਮਾਰਚ ਮਹੀਨੇ ਵਿੱਚ ਉਨ੍ਹਾਂ ਦਾ ਸੇਵਾਕਾਲ ਸਮਾਪਤ ਹੋ ਗਿਆ ਸੀ।ਇਸ ਸਬੰਧੀ ਸੰਸਥਾ ਵੱਲੋਂ ਉਨ੍ਹਾਂ ਦੇ ਸਨਮਾਨ ਲਈ ਇੱਕ ਸਮਾਗਮ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਨੂੰ ਇੱਕ ਸਨਮਾਨ ਚਿੰਨ੍ਹ ਦੇ ਕੇ ਪ੍ਰਿੰਸੀਪਲ ਤੇ ਸਟਾਫ ਵੱਲੋਂ ਉਨ੍ਹਾਂ ਪ੍ਰਤੀ ਆਪਣੇ ਸਨੇਹ ਦਾ ਪ੍ਰਗਟਾਵਾ ਕੀਤਾ ਗਿਆ ਤੇ ਉਨ੍ਹਾਂ ਦੇ ਆਉਣ ਵਾਲੇ ਸਮੇਂ ਲਈ ਚੜ੍ਹਦੀ ਕਲਾ ਤੇ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।ਇਸ ਮੌਕੇ ਜਥੇਦਾਰ ਸਤਪਾਲ ਸਿੰਘ ਤਲਵੰਡੀ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਉਚੇਚੇ ਤੌਰ 'ਤੇ ਹਾਜ਼ਰ ਸਨ।

# ਬੇਮੌਸਮੀ ਬਾਰਿਸ਼ ਨੇ ਕਣਕ ਦੀ ਫਸਲ ਕੀਤੀ ਬੁਰੀ ਤਰ੍ਹਾਂ ਤਬਾਹ, ਕਿਸਾਨ ਚਿੰਤਤ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਪੰਜਾਬ ਵਿਚ ਲਗਾਤਾਰ ਹੋ ਰਹੀ ਬੇਮੌਸਮੀ ਬਾਰਿਸ਼ ਨਾਲ ਕਿਸਾਨਾਂ ਦੀ ਚਿੰਤਾ ਹੋਰ ਵੱਧ ਗਈ ਹੈ, ਕਿਉਂਕਿ ਬੀਤੇ ਦੋ ਦਿਨਾਂ ਤੋਂ ਫਿਰੋਜ਼ਪੁਰ ਤੇ ਆਸ ਪਾਸ ਦੇ ਪਿੰਡਾਂ ਵਿੱਚ ਭਾਰੀ ਬਾਰਿਸ਼ ਹੋਣ ਕਰਕੇ ਕਣਕ, ਸਰ੍ਹੋਂ, ਸਬਜ਼ੀਆਂ ਤੇ ਹਰੇ ਚਾਰੇ ਸਮੇਤ ਕਈ ਫਸਲਾਂ ਵਿੱਚ ਵੱਡੇ ਪੱਧਰ 'ਤੇ ਪਾਣੀ ਖੜਾ ਹੋ ਗਿਆ ਹੈ, ਜਿਸ ਨਾਲ ਫ਼ਸਲਾਂ ਦਾ ਕਾਫੀ ਨੁਕਸਾਨ ਹੋ ਰਿਹਾ ਹੈ। ਇਸ ਬੇਮੌਸਮੀ ਬਾਰਿਸ਼ ਨਾਲ ਕਣਕ ਦੀ ਫਸਲ ਪੂਰੀ ਤਰ੍ਹਾਂ ਇਲਾਕੇ ਵਿੱਚ ਤਬਾਹ ਹੋ ਗਈ ਹੈ, ਜਿਸ ਨਾਲ ਕਿਸਾਨ ਚਿੰਤਤ ਹਨ। ਇਸੇ ਤਰ੍ਹਾਂ ਪੂਰੇ ਜ਼ਿਲ੍ਹੇ ਤੇ ਪੰਜਾਬ ਵਿੱਚ ਭਾਰੀ ਬਾਰਿਸ਼ ਤੇ ਗੜੇਮਾਰੀ ਹੋ ਰਹੀ ਹੈ।ਜ਼ਿਆਦਾ ਪਾਣੀ ਫਸਲਾਂ ਵਿੱਚ ਖੜਾ ਹੋਣ ਕਰਕੇ ਤਬਾਹ ਹੋ ਗਈਆਂ ਹਨ ਤੇ ਕਣਕ ਦੀ ਫਸਲ ਪੂਰੀ ਤਰ੍ਹਾਂ ਵਿੱਛ ਗਈ ਹੈ।ਕਿਸਾਨ ਪਹਿਲਾਂ ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਹਨ।ਇਸ ਕੁਦਰਤ ਦੀ ਮਾਰ ਨਾਲ ਕਿਸਾਨਾਂ ਮਜ਼ਦੂਰਾਂ ਦਾ ਗੁਜ਼ਾਰਾ ਔਖਾ ਹੋ ਜਾਵੇਗਾ ਤੇ ਕਰਜ਼ੇ ਦਾ ਬੋਝ ਹੋਰ ਵਧੇਗਾ।ਪ੍ਰਭਾਵਿਤ ਹੋਈ ਕਣਕ ਦੀ ਫਸਲ ਦੇ ਕਿਸਾਨ ਆਗੂਆਂ ਨੇ ਪੰਜਾਬ ਦੀ ਮਾਨ ਸਰਕਾਰ 'ਤੇ ਤੰਜ ਕੱਸਦਿਆਂ ਕਿਹਾ ਕਿ ਜਦੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਕਿਸਾਨਾਂ ਨੂੰ ਆਪਣੇ ਪ੍ਰਚਾਰ ਵਿੱਚ ਕਹਿੰਦੇ ਸਨ ਕਿ ਜੇ ਆਉਣ ਵਾਲੇ ਸਮੇਂ ਵਿੱਚ ਕੁਦਰਤ ਦੀ ਮਾਰ ਨਾਲ ਪੰਜਾਬ ਵਿੱਚ ਕਿਸਾਨਾਂ ਦੀਆਂ ਫਸਲਾਂ ਤਬਾਹ ਹੋਣਗੀਆਂ ਤਾਂ ਦਿੱਲੀ ਸਰਕਾਰ ਦੀ ਤਰਜ਼ 'ਤੇ 35 ਹਜ਼ਾਰ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ, ਪਰ ਹੁਣ ਮਾਨ ਆਪਣੇ ਵਾਅਦੇ ਤੋਂ ਮੁਨਕਰ ਹੋ ਕੇ 15 ਹਜ਼ਾਰ ਮੁਆਵਜ਼ੇ ਦਾ ਐਲਾਨ ਕਰ ਰਹੇ ਹਨ।ਉਹਦੇ ਵਿੱਚ ਵੀ ਕਈ ਤਰ੍ਹਾਂ ਦੇ ਛਾਨਣੇ ਲਾ ਕੇ ਦੇਣ ਦੀ ਗੱਲ ਕਹਿ ਰਹੇ ਹਨ। ਉਨ੍ਹਾਂ ਆਖਿਆ ਕਿ ਬਗੈਰ ਗਿਰਦਾਵਰੀ ਦੇ ਪੰਜਾਬ ਦੇ ਕਿਸਾਨਾਂ ਨੂੰ ਪੰਜਾਹ ਹਜ਼ਾਰ ਮੁਆਵਜ਼ਾ ਦਿੱਤਾ ਜਾਵੇ, ਜੇ ਨਹੀਂ ਤਾਂ ਵਾਅਦੇ ਮੁਤਾਬਕ ਪੈਂਤੀ ਹਜ਼ਾਰ ਪ੍ਰਤੀ ਏਕੜ ਦੇ ਹਿਸਾਬ ਨਾਲ ਦਿੱਲੀ ਦੀ ਤਰਜ਼ 'ਤੇ ਦਿੱਤਾ ਜਾਵੇ, ਕਿਸਾਨਾਂ ਦੇ ਕਰਜੇ ਮੁਆਫ਼ ਕੀਤੇ ਜਾਣ, ਅਬਾਦਕਾਰ ਕਿਸਾਨਾਂ ਨੂੰ ਪੱਕੇ ਮਾਲਕੀ ਹੱਕ ਦਿੱਤੇ ਜਾਣ।

# ਸਵਾਮੀ ਬ੍ਰਹਮਾ ਨੰਦ ਗਿਰੀ ਦਾ ਬ੍ਰਾਹਮਣ ਸਭਾ ਵੱਲੋਂ ਸਨਮਾਨ

**ਪੰਜਾਬ ਦੀ ਸ਼ਾਂਤੀ ਲਈ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲੇਗਾ ਹਿੰਦੂ ਤਖਤ : ਗਿਰੀ**



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਕੁਝ ਦਿਨ ਪਹਿਲਾਂ ਹਿੰਦੂ ਤਖਤ ਦੇ ਮੁਖੀ ਪੰਚਾਨੰਦ ਗਿਰੀ ਆਪਣਾ ਪੰਜ ਭੌਤਿਕ ਸਰੀਰ ਤਿਆਗ ਕੇ ਬ੍ਰਹਮਲੀਨ ਹੋ ਗਏ ਸਨ, ਉਨ੍ਹਾਂ ਦੀ ਜਗ੍ਹਾ 'ਤੇ ਸੁਆਮੀ ਬ੍ਰਹਮਾਨੰਦ ਗਿਰੀ ਜੀ ਨੂੰ ਹਿੰਦੂ ਤਖਤ (ਮਾਤਾ ਕਾਲੀ ਦੇਵੀ ਮੰਦਰ ਪਟਿਆਲਾ) ਦਾ ਨਵਾਂ ਮੁਖੀ ਥਾਪਿਆ ਗਿਆ ਸੀ, ਉਹ ਅੱਜ ਵਿਸ਼ੇਸ਼ ਤੌਰ 'ਤੇ ਬ੍ਰਹਮ ਸਭਾ ਸਮਾਣਾ ਪਹੁੰਚੇ, ਜਿੱਥੇ ਬ੍ਰਾਹਮਣ ਸਭਾ ਸਮਾਣਾ ਦੇ ਪ੍ਰਧਾਨ ਧਰਮਪਾਲ ਜੋਸ਼ੀ ਦੀ ਅਗਵਾਈ ਵਿੱਚ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਉਨ੍ਹਾ ਕਿਹਾ ਕਿ ਹਿੰਦੂ ਤਖਤ ਪੰਜਾਬ ਦੀ ਸ਼ਾਂਤੀ ਲਈ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲੇਗਾ ਤੇ ਪੰਜਾਬ ਦੀ ਸ਼ਾਂਤੀ ਨੂੰ ਕਿਸੇ ਵੀ ਕੀਮਤ 'ਤੇ ਭੰਗ ਨਹੀਂ ਹੋਣ ਦਿੱਤਾ ਜਾਵੇਗਾ ਤੇ ਨਾਲ ਹੀ ਉਨ੍ਹਾਂ ਨੇ ਬ੍ਰਾਹਮਣ ਸਭਾ ਸਮਾਣਾ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਬ੍ਰਾਹਮਣ ਸਭਾ ਪ੍ਰਸੰਸਾਯੋਗ ਕੰਮ ਕਰ ਰਹੀ ਹੈ। ਉਨ੍ਹਾਂ ਵੱਲੋਂ ਭਗਵਾਨ ਪਰਸ਼ੂ ਰਾਮ ਜੈਅੰਤੀ ਨੂੰ ਵਿਆਪਕ ਪੱਧਰ 'ਤੇ ਮਨਾਉਣ ਦਾ ਐਲਾਨ ਵੀ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਪਹੁੰਚੀ ਸੰਤ ਮੰਡਲੀ ਤੋਂ ਇਲਾਵਾ ਨਰੇਸ਼ ਸ਼ਰਮਾ (ਕੈਸ਼ੀਅਰ), ਬਲਦੇਵ ਰਾਮ ਮਵੀਂ, ਪ੍ਰਦੀਪ ਸ਼ਰਮਾ ਕੌਂਸਲਰ, ਜਗਦੀਸ਼ ਸ਼ਾਸਤਰੀ, ਅਸ਼ੋਕ ਮੋਦਗਿੱਲ, ਗੁਰਪਿਆਰ ਸ਼ਰਮਾ, ਵਰਿੰਦਰ ਪਾਠਕ, ਪ੍ਰਦੀਪ ਸ਼ਰਮਾ, ਨਰਿੰਦਰ ਫੋਰਮੈਨ, ਪ੍ਰਸ਼ੋਤਮ ਕੌਸ਼ਿਕ, ਸੁਭਾਸ਼ ਪਾਠਕ, ਚੈਨ ਰਾਮ, ਸੁਭਾਸ਼ ਟੋਡਰਪੁਰ, ਰਜਿੰਦਰ ਸ਼ਰਮਾ ਸਵੀਟਸ, ਰਜਨੀਸ਼ ਸ਼ਰਮਾ, ਹਰਮੇਸ਼ ਟੋਡਰਪੁਰ, ਸ਼ੰਕਰਦੇਵ ਸ਼ਰਮਾ, ਕਮਲ ਜੀਤ, ਦਰਸ਼ਨ ਸ਼ਰਮਾ, ਧਰਮ ਪਾਲ ਕੁਲਾਰਾਂ, ਬਲਦੇਵ ਰਾਮ, ਨਰੇਸ਼ ਸ਼ਰਮਾ, ਗੁਰਪਰਸ਼ਾਦ ਸ਼ਰਮਾ, ਵਰਿੰਦਰ ਪਾਠਕ ਤੇ ਧਰਮ ਪਾਲ ਕੁਲਾਰਾਂ ਆਦਿ ਸਮੇਤ ਵੱਡੀ ਗਿਣਤੀ 'ਚ ਪਤਵੰਤੇ ਹਾਜ਼ਰ ਸਨ।

# ਰਮੇਸ਼ ਕਾਲੜਾ ਨੇ ਅਕਾਊਂਟੈਂਟ ਦਾ ਚਾਰਜ ਸੰਭਾਲਿਆ



**ਮੱਖੂ (ਰਛਪਾਲ ਸਿੰਘ ਸੰਧੂ)**-ਮਾਰਕਿਟ ਕਮੇਟੀ ਮੱਖੂ ਦੇ ਮੰਡੀ ਸੁਪਰਵਾਈਜ਼ਰ ਰਮੇਸ਼ ਕਾਲੜਾ ਨੂੰ ਪੰਜਾਬ ਮੰਡੀ ਬੋਰਡ ਵੱਲੋਂ ਤਰੱਕੀ ਦਿੰਦਿਆਂ ਦਫਤਰ ਮਾਰਕਿਟ ਕਮੇਟੀ ਮੱਖੂ ਵਿਖੇ ਅਕਾਊਂਟੈਂਟ ਨਿਯੁਕਤ ਕਰਨ 'ਤੇ ਰਮੇਸ਼ ਕਾਲੜਾ ਨੇ ਅਕਾਊਂਟੈਂਟ ਦਾ ਚਾਰਜ ਸੰਭਾਲਿਆ। ਰਮੇਸ਼ ਕਾਲੜਾ ਦੇ ਅਕਾਊਂਟੈਂਟ ਦਾ ਚਾਰਜ ਸੰਭਾਲਣ ਮੌਕੇ ਦਫਤਰ ਮਾਰਕਿਟ ਕਮੇਟੀ ਮੱਖੂ ਦੇ ਮੰਡੀ ਸੁਪਰਵਾਈਜ਼ਰ ਸੁਦੇਸ਼ ਕੁਮਾਰੀ, ਰਿਟਾਇਰ ਅਕਾਊਂਟੈਂਟ ਨਛੱਤਰ ਸਿੰਘ ਤੇ ਰਿਟਾਇਰ ਮੰਡੀ ਸੁਪਰਵਾਈਜ਼ਰ ਅਸ਼ੋਕ ਮੋਗਾ ਨੇ ਨਵਨਿਯੁਕਤ ਅਕਾਊਂਟੈਂਟ ਰਮੇਸ਼ ਕਾਲੜਾ ਦਾ ਸਵਾਗਤ ਕੀਤਾ ਤੇ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਅਕਾਊਂਟੈਂਟ ਰਮੇਸ਼ ਕਾਲੜਾ ਵੱਲੋਂ ਚਾਰਜ ਸੰਭਾਲਣ ਤੋਂ ਬਾਅਦ ਕਿਹਾ ਕਿ ਦਫਤਰ ਮਾਰਕਿਟ ਕਮੇਟੀ ਮੱਖੂ ਵਿਖੇ ਆੜ੍ਹਤੀਆਂ, ਕਿਸਾਨਾਂ ਤੇ ਮਜ਼ਦੂਰਾਂ ਨੂੰ ਦਫਤਰੀ ਕੰਮ ਕਰਵਾਉਣ ਲਈ ਕਿਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ ਤੇ ਦਫਤਰ ਮਾਰਕਿਟ ਕਮੇਟੀ ਮੱਖੂ ਵਿਖੇ ਹਰੇਕ ਵਿਅਕਤੀ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ।

ਇਸ ਮੌਕੇ ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਵਿਜੇ ਕਾਲੜਾ, ਮਾਰਕਿਟ ਕਮੇਟੀ ਮੱਖੂ ਦੇ ਸਾਬਕਾ ਚੇਅਰਮੈਨ ਦਰਸ਼ਨ ਕੁਮਾਰ ਅਹੂਜਾ, ਨਗਰ ਪੰਚਾਇਤ ਮੱਖੂ ਦੇ ਸਾਬਕਾ ਪ੍ਰਧਾਨ ਮਹਿੰਦਰ ਮਦਾਨ, ਵਰਿੰਦਰ ਠੁਕਰਾਲ, ਆੜ੍ਹਤੀਆ ਐਸੋਸੀਏਸ਼ਨ ਮੱਖੂ ਦੇ ਪ੍ਰਧਾਨ ਰਜੀਵ ਠੁਕਰਾਲ ਲੱਕੀ, ਮਹਿੰਦਰ ਸਿੰਘ ਸੰਘੇੜਾ, ਬਲਵਿੰਦਰ ਠੁਕਰਾਲ, ਰਜਿੰਦਰ ਖੁਰਾਣਾ, ਰਜੇਸ਼ ਗਾਂਧੀ ਮਿੰਟਾ, ਪ੍ਰਦੀਪ ਕੱਕੜ, ਰਿਸ਼ੂ ਖੁਰਾਣਾ, ਮਨਮੋਹਨ ਗਰੋਵਰ, ਸੁਰਿੰਦਰ ਅਹੂਜਾ, ਸੰਜੀਵ ਠੁਕਰਾਲ ਲੱਕੀ, ਗਗਨ ਮੋਗਾ, ਵਿੱਕੀ ਗਰੋਵਰ, ਬੱਬਲੂ ਗਰੋਵਰ, ਵਿਕਰਮ ਅਹੂਜਾ ਵਿੱਕੀ, ਪ੍ਰਮਜੀਤ ਸਿੰਘ ਜੱਗੇਵਾਲਾ, ਦਲਜੀਤ ਸਿੰਘ ਜੱਗੇਵਾਲਾ, ਨਰਿੰਦਰ ਠੁਕਰਾਲ, ਰਜਿੰਦਰ ਠੁਕਰਾਲ, ਅਸ਼ੋਕ ਠੁਕਰਾਲ, ਲਵਿਸ਼ ਕਾਲੜਾ ਮੈਨੇਜਰ ਕੋਟਕ ਬੈਂਕ ਆਦਿ ਵੱਲੋਂ ਰਮੇਸ਼ ਕਾਲੜਾ ਨੂੰ ਮਾਰਕਿਟ ਕਮੇਟੀ ਮੱਖੂ ਦਾ ਅਕਾਊਂਟੈਂਟ ਬਣਨ 'ਤੇ ਵਧਾਈਆਂ ਦਿੱਤੀਆਂ।

# ਜ਼ਖਮੀ ਨੌਜਵਾਨ ਦੇ ਇਲਾਜ ਲਈ ਆਰਥਕ ਸਹਾਇਤਾ ਦਿੱਤੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਨੇੜਲੇ ਪਿੰਡ ਚੁਹਾਨਕੇ ਕਲਾਂ ਵਿਖੇ ਗੁਰਦੁਆਰਾ ਸਾਹਿਬ ਬਾਰ ਪੱਤੀ ਦੇ ਪ੍ਰਧਾਨ ਗਿਆਨੀ ਕੁਲਦੀਪ ਸਿੰਘ ਚੁਹਾਨਕੇ ਕਲਾਂ ਵੱਲੋਂ ਪਿਛਲੇ ਸਮੇਂ ਸੜਕ ਹਾਦਸੇ 'ਚ ਜ਼ਖਮੀ ਹੋਏ ਕਿਸਾਨ ਪਰਿਵਾਰ ਦੇ ਨੌਜਵਾਨ ਪ੍ਰਭਜੀਤ ਸਿੰਘ ਪੁੱਤਰ ਰਾਮ ਸਿੰਘ ਵਾਸੀ ਚੁਹਾਨਕੇ ਕਲਾਂ ਦੇ ਪਰਿਵਾਰਕ ਮੈਂਬਰਾਂ ਨੂੰ ਨੌਜਵਾਨ ਦੇ ਇਲਾਜ ਲਈ 10,000 ਰੁਪਏ ਦੀ ਸਹਾਇਤਾ ਭੇਟ ਕੀਤੀ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗਿਆਨੀ ਕੁਲਦੀਪ ਸਿੰਘ ਚੁਹਾਨਕੇ ਕਲਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਰ ਪਿੰਡ ਅੰਦਰ ਪਾਠ ਕਰਨ ਦੀ ਸੇਵਾ ਲਗਾਤਾਰ ਕਰਦਾ ਆ ਰਿਹਾ ਹਾਂ, ਜੋ ਵੀ ਪਾਠ ਦੀ ਭੇਟਾ ਇਕੱਠੀ ਹੁੰਦੀ ਹੈ, ਉਸ ਨੂੰ ਮੇਰੇ ਵੱਲੋਂ ਮਨੁੱਖਤਾ ਦੀ ਭਲਾਈ ਲਈ ਲੋੜਵੰਦ ਪਰਿਵਾਰਾਂ ਦੀ ਮਦਦ ਲਈ ਵਰਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਲੋੜਵੰਦ ਪਰਿਵਾਰਾਂ ਦੀ ਮਦਦ ਕਰਨ ਲਈ ਇਲਾਕੇ ਅੰਦਰ ਹੋਰਨਾਂ ਪਿੰਡਾਂ ਵਿੱਚ ਵੀ ਇਹ ਮੁਹਿੰਮ ਜਾਰੀ ਰੱਖੀ ਜਾਵੇਗੀ। ਉਨ੍ਹਾ ਕਿਹਾ ਕਿ ਮੇਰੇ ਪਿੰਡ ਦੇ ਨੌਜਵਾਨ ਪ੍ਰਭਜੀਤ ਸਿੰਘ ਪੁੱਤਰ ਰਾਮ ਸਿੰਘ, ਜੋ ਪਿਛਲੇ ਸਮੇਂ ਇੱਕ ਸੜਕ ਹਾਦਸੇ ਵਿੱਚ ਜ਼ਖਮੀ ਹੋਇਆ ਸੀ, ਉਸ ਦੇ ਇਲਾਜ ਲਈ ਮੇਰੇ ਵੱਲੋਂ ਅੱਜ 10,000 ਰੁਪਏ ਦੀ ਸਹਾਇਤਾ ਪਰਿਵਾਰਕ ਮੈਂਬਰਾਂ ਨੂੰ ਭੇਟ ਕੀਤੀ ਗਈ। ਇਸ ਮੌਕੇ ਜ਼ਖਮੀ ਨੌਜਵਾਨ ਦੇ ਪਿਤਾ ਰਾਮ ਸਿੰਘ ਨੇ ਪ੍ਰਭਜੀਤ ਸਿੰਘ ਦੇ ਇਲਾਜ ਲਈ ਸਮਾਜ ਸੇਵੀ ਪਰਮਜੀਤ ਕੌਰ ਫਰੀਦਕੋਟ ਨੇ 1 ਲੱਖ, ਕੁੰਦਨ ਸਿੰਘ ਕੈਨੇਡੀਅਨ ਚੋਹਾਨਕੇ ਕਲਾਂ ਨੇ 1 ਲੱਖ ਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗਿਆਨੀ ਕੁਲਦੀਪ ਸਿੰਘ ਵੱਲੋਂ 10 ਹਜ਼ਾਰ ਰੁਪਏ ਸਹਾਇਤਾ ਦੇਣ ਬਦਲੇ ਧੰਨਵਾਦ ਕੀਤਾ। ਇਸ ਮੌਕੇ ਮਾਤਾ ਅਮਨਦੀਪ ਕੌਰ, ਮੱਖਣ ਸਿੰਘ ਤੇ ਗੁਰਜੰਟ ਸਿੰਘ ਵੀ ਹਾਜ਼ਰ ਸਨ।

# ਨਵੇਂ ਸੈਸ਼ਨ ਦੀਆਂ ਕਿਤਾਬਾਂ ਲਈ ਮੋਦੀਖਾਨਾ 'ਚ ਲੱਗਾ 'ਬੁੱਕ ਐਕਸਚੇਂਜ ਮੇਲਾ'

- ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਦਾ ਉਪਰਾਲਾ ਪ੍ਰਸ਼ੰਸਾਯੋਗ : ਖਾਲਸਾ



**ਫਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜ਼ਾ)**-ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਦੇ ਚੀਫ ਪੈਟਰਨ ਕੁਲਤਾਰ ਸਿੰਘ ਸੰਧਵਾਂ ਤੇ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਲੱਬ ਦੇ ਚੇਅਰਮੈਨ ਪੱਪੂ ਲਹੌਰੀਆ ਤੇ ਉਪ ਚੇਅਰਮੈਨ ਸੁਰਿੰਦਰ ਸਿੰਘ ਸਦਿਉੜਾ ਦੀ ਅਗਵਾਈ ਵਿੱਚ ਅਨੇਕਾਂ ਅਹੁਦੇਦਾਰਾਂ ਤੇ ਮੈਂਬਰਾਂ ਨੇ ਆਪੋ ਆਪਣੇ ਘਰਾਂ ਤੋਂ ਬੱਚਿਆਂ ਦੀਆਂ ਪੁਸਤਕਾਂ, ਵਰਦੀਆਂ ਤੇ ਹੋਰ ਸਾਮਾਨ ਗੁਰੂ ਨਾਨਕ ਮੋਦੀਖਾਨਾ ਵਿਖੇ ਲਿਜਾ ਕੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਹਿਯੋਗ ਨਾਲ ਕਿਤਾਬਾਂ ਦੀ ਤਬਦੀਲੀ ਦੇ ਮਕਸਦ ਨਾਲ "ਬੁੱਕ ਐਕਸਚੇਂਜ ਮੇਲਾ" ਲਾਇਆ, ਜਿਸ ਵਿੱਚੋਂ ਲਗਭਗ 200 ਪਰਿਵਾਰਾਂ ਨੂੰ ਫਾਇਦਾ ਮਿਲਿਆ। ਜ਼ਿਕਰਯੋਗ ਹੈ ਕਿ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਸਥਾਨਕ ਸਿੱਖਾਂਵਾਲਾ ਰੋਡ 'ਤੇ ਸਥਿਤ ਜ਼ੋਨਲ ਦਫਤਰ 'ਚ ਚਲਾਏ ਜਾ ਰਹੇ ਗੁਰੂ ਨਾਨਕ ਮੋਦੀਖਾਨਾ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜ ਜਾਰੀ ਹਨ। ਹਰਪ੍ਰੀਤ ਸਿੰਘ ਖਾਲਸਾ ਨੇ ਦੱਸਿਆ ਕਿ ਇੱਥੋਂ 24 ਹਜ਼ਾਰ ਤੋਂ ਜ਼ਿਆਦਾ ਲੋੜਵੰਦ ਪਰਿਵਾਰ ਵੱਖੋ ਵੱਖਰੇ ਢੰਗ ਦੀ ਆਪੋ ਆਪਣੀ ਜ਼ਰੂਰਤ ਪੂਰੀ ਕਰ ਚੁੱਕੇ ਹਨ। ਉਨ੍ਹਾਂ ਗੁੱਡ ਮੌਰਨਿੰਗ ਕਲੱਬ ਦੀ ਟੀਮ 'ਚ ਸ਼ਾਮਲ ਸਰਪ੍ਰਸਤ ਗੁਰਿੰਦਰ ਸਿੰਘ ਮਹਿੰਦੀਰੱਤਾ, ਜਨਰਲ ਸਕੱਤਰ ਪ੍ਰੋ. ਐੱਚ. ਐੱਸ. ਪਦਮ, ਖਜ਼ਾਨਚੀ ਜਸਕਰਨ ਸਿੰਘ ਭੱਟੀ, ਆਡਿਟ ਅਫਸਰ ਗੁਰਦੀਪ ਸਿੰਘ ਮੈਨੇਜਰ ਸਮੇਤ ਸਮੁੱਚੀ ਟੀਮ ਨੂੰ ਜੀ ਆਇਆਂ ਆਖਦਿਆਂ ਦੱਸਿਆ ਕਿ ਪਿਛਲੇ ਸਾਲ ਕਲਾਸ ਪੂਰੀ ਕਰਨ ਵਾਲੇ ਵਿਦਿਆਰਥੀ-ਵਿਦਿਆਰਥਣਾਂ ਆਪਣੇ ਮਾਪਿਆਂ ਸਮੇਤ ਆਏ ਤੇ ਪੁਰਾਣੇ ਸਾਲ ਦੀਆਂ ਕਿਤਾਬਾਂ ਤੇ ਵਰਦੀਆਂ ਜਾਂ ਹੋਰ ਸਾਮਾਨ ਦੇ ਕੇ ਨਵੇਂ ਸਾਲ ਵਰਤੋਂ ਵਿੱਚ ਆਉਣ ਵਾਲੀਆਂ ਕਿਤਾਬਾਂ ਤੇ ਹੋਰ ਸਾਮਾਨ ਪ੍ਰਾਪਤ ਕਰਕੇ ਬਹੁਤ ਖੁਸ਼ ਹੋਏ। ਸਟੱਡੀ ਸਰਕਲ ਦੇ ਸੇਵਾਦਾਰਾਂ ਨਵਨੀਤ ਸਿੰਘ, ਸਤਨਾਮ ਸਿੰਘ, ਮਲਕੀਤ ਸਿੰਘ, ਲਖਵਿੰਦਰ ਸਿੰਘ, ਪ੍ਰਭਜੋਤ ਸਿੰਘ ਤੇ ਬਸੰਤ ਸਿੰਘ ਆਦਿ ਨੇ ਦੱਸਿਆ ਕਿ ਉਕਤ "ਬੁੱਕ ਐਕਸਚੇਂਜ ਮੇਲਾ" ਭਵਿੱਖ 'ਚ ਵੀ ਜਾਰੀ ਰਹੇਗਾ ਤੇ ਕੋਈ ਵੀ ਸੱਜਣ ਰੋਜ਼ਾਨਾ ਸ਼ਾਮ ਨੂੰ 3:30 ਵਜੇ ਤੋਂ 6:30 ਵਜੇ ਤੱਕ ਸੰਸਥਾ ਵਿੱਚ ਸੰਪਰਕ ਕਰ ਸਕਦਾ ਹੈ। ਕਲੱਬ ਦੇ ਪ੍ਰੈੱਸ ਸਕੱਤਰ ਗੁਰਮੀਤ ਸਿੰਘ ਮੀਤਾ ਮੁਤਾਬਿਕ ਸਹਾਇਕ ਖਜ਼ਾਨਚੀ ਸੁਰਿੰਦਰ ਸਿੰਘ ਛਿੰਦਾ ਰਾਮਗੜ੍ਹੀਆ ਤੇ ਇੰਜੀ. ਇੰਦਰਜੀਤ ਸਿੰਘ ਨਿਆਮੀਵਾਲਾ ਸਮੇਤ ਉੱਥੇ ਹਾਜ਼ਰ ਹੋਰ ਅਹੁਦੇਦਾਰਾਂ ਤੇ ਮੈਂਬਰਾਂ ਨੇ ਵਿਸ਼ਵਾਸ ਦਿਵਾਇਆ ਕਿ ਭਵਿੱਖ 'ਚ ਵੀ ਗੁੱਡ ਮੌਰਨਿੰਗ ਵੈਲਫੇਅਰ ਕਲੱਬ ਦਾ ਸਹਿਯੋਗ ਮਿਲਦਾ ਰਹੇਗਾ। ਉਨ੍ਹਾਂ ਦੱਸਿਆ ਕਿ ਕੁਝ ਕੁ ਮੈਂਬਰਾਂ ਨੇ ਕਿਤਾਬਾਂ ਤੇ ਹੋਰ ਸਾਮਾਨ ਜਮ੍ਹਾਂ ਕਰਵਾਉਣ ਦੇ ਨਾਲ ਨਾਲ ਨਗਦ ਰਾਸ਼ੀ ਵੀ ਦਸਵੰਧ ਦੇ ਤੌਰ 'ਤੇ ਜਮ੍ਹਾਂ ਕਰਵਾਈ।

# ਚਿੱਟੇ ਲਈ ਨੌਜਵਾਨ ਕਰਦੈ ਟੂਟੀਆਂ ਦੀ ਚੋਰੀ

**ਸ਼ਹਿਰ ਵਾਸੀਆਂ ਨੇ ਮੁੱਖ ਮੰਤਰੀ ਤੋਂ ਕੀਤੀ ਚਿੱਟੇ ਦੀ ਵਿਕਰੀ ਰੋਕਣ ਦੀ ਮੰਗ**



ਚੋਰੀਆਂ ਕਰਨ ਵਾਲਾ ਕਾਬੂ ਕੀਤਾ ਨੌਜਵਾਨ।

**ਮਲੋਟ (ਗੁਰਮੀਤ ਸਿੰਘ ਮੱਕੜ)**-ਪੁਲਸ ਵੱਲੋਂ ਸਮੇਂ ਸਮੇਂ 'ਤੇ ਚਿੱਟੇ ਦੀ ਬਰਾਮਦਗੀ ਕੀਤੀ ਜਾਂਦੀ ਹੈ, ਪ੍ਰੰਤੂ ਆਪਣੇ ਗੁਆਂਢ ਵਿਚ ਵਿੱਕ ਰਹੇ ਚਿੱਟੇ ਦੀ ਵਿਕਰੀ ਰੋਕਣ ਵਿੱਚ ਪੁਲਸ ਅਸਫ਼ਲ ਰਹੀ ਹੈ, ਜਿਨ੍ਹਾਂ ਹੱਥਾਂ ਵਿੱਚ ਕਿਤਾਬਾਂ ਹੋਣੀਆਂ ਚਾਹੀਦੀਆਂ ਸੀ, ਉਹ ਹੁਣ ਚਿੱਟੇ ਦੀ ਲਤ ਵਿੱਚ ਲੱਗ ਗਏ ਹਨ, ਜਿਸ ਦੀ ਤਾਜ਼ਾ ਮਿਸਾਲ ਬੀਤੀ ਸ਼ਾਮ ਸਥਾਨਕ ਮੱਕੜ ਕਲੋਨੀ ਦੇ ਇੱਕ ਘਰ ਵਿੱਚ ਸ਼ਾਮ 6 ਵਜੇ ਦੇ ਕਰੀਬ ਇੱਕ ਨੌਜਵਾਨ ਵੱਲੋਂ ਘਰ ਦਾ ਗੇਟ ਟੱਪ ਕੇ ਉੱਥੇ ਲੱਗੀਆਂ ਟੂਟੀਆਂ ਤੇ ਵਾਸ਼ਵੇਸ਼ਨ ਉਤਾਰ ਲਿਆ ਤੇ ਜਦੋਂ ਉਹ ਭੱਜਣ ਲੱਗਾ ਤਾਂ ਉਸ ਨੂੰ ਕਲੋਨੀ ਵਾਸੀਆਂ ਨੇ ਕਾਬੂ ਕਰ ਲਿਆ। ਉਸ ਨਾਲ ਪੁੱਛ-ਗਿੱਛ ਕਰਨ 'ਤੇ ਉਸ ਨੇ ਦੱਸਿਆ ਕਿ ਹਰ ਰੋਜ਼ ਇੱਕ ਚਿੱਟੇ ਦੀ ਪੁੜੀ ਥਾਣਾ ਸਿਟੀ ਤੋਂ ਕੁੱਝ ਮੀਟਰ ਦੀ ਦੂਰੀ ਪੁੱਲ ਥੱਲੇ ਖੜੇ ਨੌਜਵਾਨਾਂ ਤੋਂ 500 ਰੁਪਏ ਦੀ ਲੈਂਦਾ ਹੈ ਤੇ ਜਿਸ ਦੀ ਪੂਰਤੀ ਲਈ ਉਹ ਚੋਰੀਆਂ ਕਰਦਾ ਹੈ। ਉਸ ਨੇ ਦੱਸਿਆ ਕਿ ਉਹ ਗਿੱਦੜਬਾਹਾ ਦਾ ਰਹਿਣ ਵਾਲਾ ਹੈ ਤੇ ਚਿੱਟੇ ਲੈਣ ਲਈ ਮਲੋਟ ਆਉਂਦਾ ਹੈ ਅਤੇ ਘਰਾਂ ਵਿੱਚ ਚੋਰੀਆਂ ਕਰਦਾ ਹੈ, ਜਿਸ ਤੋਂ ਬਾਅਦ ਕਲੋਨੀ ਵਾਸੀਆਂ ਵੱਲੋਂ ਉਸ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ, ਪ੍ਰੰਤੂ ਕਲੋਨੀ ਵਾਸੀਆਂ ਨੂੰ ਸ਼ੱਕ ਸੀ ਕਿ ਪੁਲਸ ਉਸ ਨੂੰ ਸਵੇਰੇ ਰਿਹਾਅ ਕਰ ਦੇਵੇਂਗੀ ਅਤੇ ਉਹ ਫ਼ਿਰ ਤੋਂ ਚੋਰੀਆਂ ਕਰਨ ਲੱਗ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਸਬੰਧੀ ਪੁਲਿਸ ਦੇ ਅਧਿਕਾਰੀਆਂ ਦੇ ਕਈ ਵਾਰ ਧਿਆਨ ਵਿੱਚ ਲਿਆਂਦਾ ਜਾ ਚੁੱਕਾ ਹੈ ਕਿ ਪੁੱਲ ਦੇ ਥੱਲੇ ਚਿੱਟੇ ਦੀ ਵਿਕਰੀ ਬੇਰੋਕ ਹੋ ਰਹੀ ਹੈ। ਸ਼ਹਿਰ ਵਾਸੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਹੈ ਕਿ ਉਹ ਅਜਿਹੇ ਚੋਰੀਆਂ ਕਰਦੇ ਨੌਜਵਾਨਾਂ ਨੂੰ ਸਮਾਜਸੇਵੀਆਂ ਦੇ ਸਹਿਯੋਗ ਨਾਲ ਪੜ੍ਹਨ ਲਿਖਣ ਤੇ ਰੋਜ਼ਗਾਰ ਦਾ ਪ੍ਰਬੰਧ ਕਰਨ ਅਤੇ ਚਿੱਟੇ ਦੀ ਵਿੱਕਰੀ ਰੋਕਣ ਲਈ ਕਾਰਗਰ ਕਦਮ ਚੁੱਕਣ।

# ਬਾਬਾ ਮੋਨੀ ਜੀ ਡਿਗਰੀ ਕਾਲਜ ਦਾ ਨਤੀਜਾ ਸੌ ਫੀਸਦੀ ਰਿਹਾ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਗਏ ਬੀ. ਏ ਭਾਗ-ਦੂਜਾ (ਸਮੈਸਟਰ-ਚੌਥਾ) ਦੇ ਨਤੀਜੇ 'ਚੋਂ ਬਾਬਾ ਮੋਨੀ ਜੀ ਡਿਗਰੀ ਕਾਲਜ ਲਹਿਰਾ ਮੁਹੱਬਤ ਦਾ ਨਤੀਜਾ ਸੌ ਫੀਸਦੀ ਰਿਹਾ। ਕਾਲਜ ਵਿੱਚੋਂ ਰਾਜਵੀਰ ਕੌਰ ਪੁੱਤਰੀ ਸਤਪਾਲ ਸਿੰਘ 'ਮਹਿਰਾਜ' ਤੇ ਸਿਮਰਜੀਤ ਕੌਰ ਪੁੱਤਰੀ ਗੁਰਚਰਨ ਸਿੰਘ 'ਭਾਈਰੂਪਾ' ਨੇ ਬਰਾਬਰ-ਬਰਾਬਰ ਅੰਕਾਂ ਨਾਲ ਪਹਿਲਾ, ਹੁਸਨਪ੍ਰੀਤ ਕੌਰ ਪੁੱਤਰੀ ਗੁਰਦੀਪ ਸਿੰਘ 'ਲਹਿਰਾ ਖਾਨਾ' ਨੇ ਦੂਜਾ ਤੇ ਬੇਅੰਤ ਕੌਰ ਪੁੱਤਰੀ ਨਿਰਮਲਜੀਤ ਸਿੰਘ 'ਗੰਗਾ' ਨੇ ਤੀਜਾ ਸਥਾਨ ਹਾਸਲ ਕਰਕੇ ਕਾਲਜ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਬਾਕੀ ਸਾਰੀਆਂ ਵਿਦਿਆਰਥਣਾਂ ਨੇ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾਂ ਤੇ ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਨੇ ਵਿਦਿਆਰਥੀਆਂ ਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਪ੍ਰੋ. ਅਮਨਿੰਦਰ ਕੌਰ, ਐਜੂਕੇਸ਼ਨ ਵਿਭਾਗ ਦੇ ਪ੍ਰਿੰਸੀਪਲ ਮੁਕੇਸ਼ ਕੁਮਾਰ ਸਾਹੂ ਤੇ ਵਾਈਸ ਪ੍ਰਿੰਸੀਪਲ ਦਿਨੇਸ਼ ਕੁਮਾਰ ਨੇ ਵਧਾਈ ਦਿੰਦਿਆਂ ਵਿਦਿਆਰਥਣਾਂ ਨੂੰ ਹੋਰ ਵਧੇਰੇ ਮਿਹਨਤ ਕਰਕੇ ਤਰੱਕੀਆਂ ਹਾਸਲ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਪ੍ਰੋ. ਲਖਵੀਰ ਕੌਰ, ਪ੍ਰੋ. ਹਰਮਨਪ੍ਰੀਤ ਕੌਰ, ਪ੍ਰੋ. ਵਰਦੀਪ ਕੌਰ, ਪ੍ਰੋ. ਰਮਨਦੀਪ ਕੌਰ, ਪ੍ਰੋ. ਪ੍ਰਦੀਪ ਕੌਰ, ਪ੍ਰੋ. ਰਣਜੀਤ ਕੌਰ, ਪ੍ਰੋ. ਵਰਿੰਦਰ ਸਿੰਘ, ਪ੍ਰੋ. ਰੁਪਿੰਦਰ ਸਿੰਘ, ਪ੍ਰੋ. ਮੋਨਿਕਾ ਗਰਗ, ਪ੍ਰੋ. ਦਲਜੀਤ ਕੌਰ, ਪ੍ਰੋ. ਗੁਰਪ੍ਰੀਤ ਕੌਰ (ਕੰਪਿਊਟਰ) ਤੇ ਪ੍ਰੋ. ਬਲਜੀਤ ਸਿੰਘ ਆਦਿ ਸਟਾਫ ਮੈਂਬਰ ਹਾਜ਼ਰ ਸਨ।

# ਮੋਦੀ ਦੇ ਤਾਨਾਸ਼ਾਹੀ ਰਵੱਈਏ ਨੂੰ ਕਾਂਗਰਸ ਹਰ ਜਨ ਤੱਕ ਲੈ ਕੇ ਜਾਵੇਗੀ : ਰਾਜਾ ਗਿੱਲ



**ਸਮਰਾਲਾ (ਸੁਰਜੀਤ ਸਿੰਘ)**

ਮੋਦੀ ਸਰਕਾਰ ਵੱਲੋਂ ਕਾਂਗਰਸ ਦੇ ਸਾਬਕਾ ਪ੍ਰਧਾਨ ਤੇ ਸੰਸਦ ਮੈਂਬਰ ਰਾਹੁਲ ਗਾਂਧੀ ਦੀ ਸੰਸਦ ਦੀ ਮੈਂਬਰਸ਼ਿਪ ਰੱਦ ਕੀਤੇ ਜਾਣ 'ਤੇ ਜਿੱਥੇ ਕਾਂਗਰਸ ਪਾਰਟੀ ਸਦਮੇ ਵਿੱਚ ਹੈ, ਉੱਥੇ ਪਾਰਟੀ ਦੇ ਵੱਡੇ ਲੀਡਰ ਤੋਂ ਲੈ ਕੇ ਛੋਟੇ ਵਰਕਰ ਤੱਕ ਭਾਰੀ ਰੋਸ ਪਾਇਆ ਜਾ ਰਿਹਾ ਹੈ। ਕੇਂਦਰ ਦੀ ਭਾਜਪਾ ਸਰਕਾਰ ਦੀ ਇਸ ਕਥਿਤ ਧੱਕੇਸ਼ਾਹੀ ਵਿਰੁੱਧ ਕਾਂਗਰਸ ਦਾ ਹਰ ਵਰਕਰ ਗੁੱਸੇ ਵਿੱਚ ਹੈ। ਇਸ ਮਸਲੇ ਨੂੰ ਲੈ ਕੇ ਕਾਂਗਰਸ ਪਾਰਟੀ ਜਿੱਥੇ ਰਾਸ਼ਟਰੀ ਪੱਧਰ 'ਤੇ ਪੂਰੇ ਐਕਸ਼ਨ ਮੂਡ ਵਿੱਚ ਹੈ, ਉੱਥੇ ਪਾਰਟੀ ਹਾਈ ਕਮਾਂਡ ਵੱਲੋਂ ਸਾਰੇ ਦੇਸ਼ ਵਿੱਚ ਰੋਸ ਵਿਖਾਵੇ ਕਰਨ ਦਾ ਫੈਸਲਾ ਕੀਤਾ ਹੋਇਆ ਹੈ। ਪੰਜਾਬ ਦੀ ਕਾਂਗਰਸ ਹਾਈ ਕਮਾਂਡ ਵੱਲੋਂ ਇਸ ਧੱਕੇਸ਼ਾਹੀ ਨੂੰ ਪਿੰਡ, ਸ਼ਹਿਰ, ਗਲੀ, ਮੁਹੱਲੇ ਤੇ ਬੂਥ ਲੈਵਲ ਤੱਕ ਲਿਜਾਣ ਦਾ ਫੈਸਲਾ ਕੀਤਾ ਹੈ, ਜਿਸ ਤਰ੍ਹਾਂ ਵੋਟਾਂ ਸਮੇਂ ਲੀਡਰ ਘਰ ਘਰ ਵੋਟਾਂ ਮੰਗਣ ਜਾਂਦੇ ਹਨ, ਠੀਕ ਉਸੇ ਤਰ੍ਹਾਂ ਪਾਰਟੀ ਹਾਈ ਕਮਾਂਡ ਦੇ ਫੈਸਲੇ ਦੀ ਪਾਲਣਾ ਵਿੱਚ ਇਸ ਮਸਲੇ ਨੂੰ ਕਾਂਗਰਸ ਪਾਰਟੀ ਲੋਕਾਂ ਤੱਕ ਲੈ ਕੇ ਜਾਵੇਗੀ। ਇਸੇ ਸਿਲਸਿਲੇ ਦੀ ਕੜੀ ਵਿੱਚ ਕਾਂਗਰਸ ਪਾਰਟੀ ਨੇ ਇੱਥੇ ਸੰਘੂ ਪੈਲੇਸ ਵਿੱਚ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਅਗਵਾਈ ਵਿੱਚ ਇੱਕ ਹੰਗਾਮੀ ਮੀਟਿੰਗ ਕਰਕੇ ਇਹ ਪ੍ਰੋਗਰਾਮ ਤੈਅ ਕੀਤਾ ਹੈ। ਰੁਪਿੰਦਰ ਸਿੰਘ ਰਾਜਾ ਗਿੱਲ ਨੇ 'ਨਵਾਂ ਜ਼ਮਾਨਾ' ਨਾਲ ਗੱਲ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੂੰ ਜਦੋਂ ਕਦੇ ਵੀ ਆਪਣੀ ਆਲੋਚਨਾ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਤੰਗ ਪ੍ਰੇਸ਼ਾਨ ਕਰਨ ਲਈ ਅਜਿਹੇ ਹੱਥਕੰਡੇ ਵਰਤਦੀ ਹੈ, ਜਿਸ ਤੋਂ ਉਸ ਦੀ ਮਨਸ਼ਾ ਸੱਚ ਦੀ ਆਵਾਜ਼ ਨੂੰ ਦਬਾਉਣਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਕੋਈ ਵਿਰੋਧੀ ਪਾਰਟੀ ਦਾ ਆਗੂ ਮੋਦੀ ਸਰਕਾਰ ਨੂੰ ਸਵਾਲ ਕਰਦਾ ਹੈ ਤਾਂ ਉਹ ਉਸ ਨੂੰ ਪੂਰੀ ਸਾਜ਼ਿਸ਼ ਤਹਿਤ ਵੱਖ ਵੱਖ ਜਾਂਚ ਏਜੰਸੀਆਂ ਤੇ ਸੰਵਿਧਾਨਕ ਸੰਸਥਾਵਾਂ ਦਾ ਅਣਅਧਿਕਾਰਤ ਇਸਤੇਮਾਲ ਕਰਕੇ ਉਸ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰਦੀ ਹੈ, ਪਰ ਰਾਹੁਲ ਗਾਂਧੀ ਦੇ ਕੇਸ ਵਿੱਚ ਭਾਜਪਾ ਅਜਿਹਾ ਕਰਨ ਵਿੱਚ ਨਾਕਾਮ ਰਹੀ ਤੇ ਰਾਹੁਲ ਗਾਂਧੀ ਦੀ ਅਵਾਜ਼ ਨੂੰ ਦਬਾਇਆ ਨਹੀਂ ਜਾ ਸਕਿਆ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ ਸੰਸਦ ਦੇ ਪਟਲ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਵਾਲ ਕੀਤਾ ਕਿ ਗੌਤਮ ਅਡਾਨੀ ਕੋਲ 20 ਹਜ਼ਾਰ ਕਰੋੜ ਵਿਦੇਸ਼ੀ ਧਨ ਕਿਸ ਦਾ ਹੈ? ਕੀ ਇਹ ਸਿਆਸੀ ਪੈਸਾ ਹੈ? ਰਾਹੁਲ ਗਾਂਧੀ ਨੇ ਆਪਣੇ ਭਾਸ਼ਣ ਦੌਰਾਨ ਮੋਦੀ ਤੇ ਅਡਾਨੀ ਦੇ ਆਪਸੀ ਸਬੰਧਾਂ ਬਾਰੇ ਵੀ ਸੰਸਦ ਵਿੱਚ ਸਵਾਲ ਖੜੇ ਕੀਤੇ। ਰਾਜਾ ਗਿੱਲ ਨੇ ਕਿਹਾ ਕਿ ਰਾਹੁਲ ਗਾਂਧੀ ਦੇ ਉਸ ਸੰਬੋਧਨ ਤੋਂ ਬਾਅਦ 9 ਦਿਨਾਂ ਦੇ ਅੰਦਰ ਅੰਦਰ ਇੱਕ ਝੂਠੀ ਸ਼ਿਕਾਇਤ ਦੇ ਅਧਾਰ 'ਤੇ ਇਹ ਬਵਾਲ ਖੜ੍ਹਾ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਅਜ਼ਾਦ ਭਾਰਤ ਵਿੱਚ ਅਜਿਹਾ ਪਹਿਲੀ ਵਾਰ ਹੋਇਆ ਕਿ ਕਿਸੇ ਮਾਣਹਾਨੀ ਦੇ ਕੇਸ ਵਿੱਚ ਦੋ ਸਾਲ ਦੀ ਸਜ਼ਾ ਸੁਣਾਈ ਗਈ ਹੋਵੇ। ਉਨ੍ਹਾਂ ਕਿਹਾ ਕਿ ਸਿਤਮਜ਼ਰੀਫੀ ਤਾਂ ਇਹ ਕਿ 24 ਮਾਰਚ ਨੂੰ 24 ਘੰਟਿਆਂ ਦੇ ਅੰਦਰ ਅੰਦਰ ਲੋਕ ਸਭਾ ਸਕੱਤਰੇਤ ਨੇ ਰਾਹੁਲ ਗਾਂਧੀ ਨੂੰ ਬਤੌਰ ਲੋਕ ਸਭਾ ਮੈਂਬਰ ਅਯੋਗ ਕਰਾਰ ਦੇ ਕੇ ਉਨ੍ਹਾਂ ਦੀ ਮੈਂਬਰਸ਼ਿਪ ਰੱਦ ਕਰ ਦਿੱਤੀ। ਰਾਜਾ ਗਿੱਲ ਨੇ ਕਿਹਾ ਕਿ ਰਾਹੁਲ ਗਾਂਧੀ ਇੱਕ ਅਜਿਹਾ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਵਾਣਿਤ ਆਗੂ ਹੈ, ਜੋ ਕਿਸੇ ਵੀ ਜ਼ੁਲਮ ਖਿਲਾਫ ਚੱਟਾਨ ਵਾਂਗ ਖੜ ਕੇ ਮੁਕਾਬਲਾ ਕਰੇਗਾ। ਉਹਨਾਂ ਕਿਹਾ ਕਿ ਭਾਜਪਾ ਇਹ ਸਾਰਾ ਡਰਾਮਾ ਮੋਦੀ ਨੂੰ ਬਚਾਉਣ ਦੀ ਕਵਾਇਦ ਹੈ। ਉਨ੍ਹਾਂ ਕਿਹਾ ਕਿ ਹੁਣ ਕਾਂਗਰਸ ਪਾਰਟੀ ਦੇ ਸਾਰੇ ਵਰਕਰ ਆਮ ਜਨਤਾ ਨੂੰ ਲਾਮਬੰਦ ਕਰਕੇ ਮੋਦੀ ਸਰਕਾਰ ਦੀ ਤਾਨਾਸ਼ਾਹੀ ਵਿਰੁੱਧ ਇੱਕ ਵੱਡਾ ਸੰਘਰਸ਼ ਵਿੱਢਣ ਲਈ ਤਿਆਰ-ਬਰ-ਤਿਆਰ ਹੈ ਤੇ ਪੂਰੀ ਨਿੱਡਰਤਾ ਨਾਲ ਇਸ ਤਾਨਾਸ਼ਾਹੀ ਦਾ ਮੁਕਾਬਲਾ ਕਰੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਂਗਰਸ ਪਾਰਟੀ ਦੇ ਆਗੂ ਰੁਪਿੰਦਰ ਸਿੰਘ ਰਾਜਾ ਗਿੱਲ ਹਲਕਾ ਇੰਚਾਰਜ, ਜਤਿੰਦਰ ਸਿੰਘ ਜੋਗਾ, ਅਜਮੇਰ ਸਿੰਘ ਪੂਰਬਾ ਚੇਅਰਮੈਨ ਬਲਾਕ ਸੰਮਤੀ, ਐਡਵੋਕੇਟ ਜਸਪ੍ਰੀਤ ਸਿੰਘ ਕਲਾਲ ਮਾਜਰਾ, ਸੰਨੀ ਦੂਆ ਸ਼ਹਿਰੀ ਪ੍ਰਧਾਨ, ਅਮਰ ਨਾਥ ਟਾਂਗਰਾ, ਮਾਸਟਰ ਤਰਸੇਮ ਸ਼ਰਮਾ ਤੇ ਰਿੰਕੂ ਥਾਪਰ ਆਦਿ ਹਾਜ਼ਰ ਸਨ।

# ਡਾ. ਖਿਲਜੀ ਨੂੰ ਕਾਂਗਰਸ ਓ ਬੀ ਸੀ ਸੈੱਲ ਦੇ ਜ਼ਿਲ੍ਹਾ ਚੇਅਰਮੈਨ ਬਣਨ 'ਤੇ ਦਿੱਤੀ ਮੁਬਾਰਕਬਾਦ



**ਜੈਤੋ (ਸਤੀਸ਼ ਕੁਮਾਰ ਭੀਰੀ)**-ਆਲ ਇੰਡੀਆ ਕਾਂਗਰਸ ਪਾਰਟੀ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ, ਸ੍ਰੀਮਤੀ ਸੋਨੀਆਂ ਗਾਂਧੀ, ਰਾਹੁਲ ਗਾਂਧੀ, ਪਿਰੰਕਾਂ ਗਾਂਧੀ, ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਰਾਜ ਬਖਸ਼ ਚੇਅਰਮੈਨ ਓ.ਬੀ.ਸੀ. ਸੈੱਲ ਪੰਜਾਬ ਦੇ ਵੱਲੋਂ ਓ.ਬੀ.ਸੀ. ਸੈੱਲ ਦੇ ਨਵੇਂ ਜ਼ਿਲ੍ਹਾ ਚੇਅਰਮੈਨਾਂ ਦੀ ਨਿਯੁਕਤੀ ਲਿਸਟ ਜਾਰੀ ਕੀਤੀ ਗਈ ਹੈ। ਇਸ ਲਿਸਟ ਵਿੱਚ ਡਾ. ਮੁਹੰਮਦ ਸਲੀਮ ਖਿਲਜੀ ਜੈਤੋ ਨੂੰ ਓ.ਬੀ.ਸੀ. ਸੈੱਲ ਜ਼ਿਲ੍ਹਾ ਫ਼ਰੀਦਕੋਟ ਦੇ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਮੈਂਬਰ ਪਾਰਲੀਮੈਂਟ ਜਨਾਬ ਮੁਹੰਮਦ ਸਦੀਕ, ਨਵਦੀਪ ਸਿੰਘ ਬੱਬੂ ਬਰਾੜ ਪ੍ਰਧਾਨ ਜ਼ਿਲ੍ਹਾ ਕਾਂਗਰਸ ਫ਼ਰੀਦਕੋਟ, ਦਰਸ਼ਨ ਸਿੰਘ ਢਿੱਲਵਾਂ ਮੁੱਖ ਸੇਵਾਦਾਰ ਹਲਕਾ ਜੈਤੋ, ਦਰਸ਼ਨ ਸਿੰਘ ਸਹੋਤਾ ਸਾਬਕਾ ਜ਼ਿਲ੍ਹਾ ਪ੍ਰਧਾਨ ਤੇ ਮੈਂਬਰ ਪੀ.ਪੀ.ਸੀ.ਸੀ ਪੰਜਾਬ, ਸਿਕੰਦਰ ਸਿੰਘ ਮੜਾਕ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਜੈਤੋ, ਪਵਨ ਗੋਇਲ ਸਾਬਕਾ ਕਾਰਜਕਾਰੀ ਪ੍ਰਧਾਨ ਪੰਜਾਬ, ਸੀਨੀਅਰ ਕਾਂਗਰਸੀ ਆਗੂ ਸੂਰਜ ਭਾਰਦਵਾਜ ਜੈਤੋ, ਸੰਜੀਵ ਭਾਰਦਵਾਜ ਰਾਜਾ, ਬੀਬਾ ਜਾਵੇਦ ਅਖਤਰ, ਰਾਜਦੀਪ ਸਿੰਘ ਔਲਖ ਸਾਬਕਾ ਪ੍ਰਧਾਨ ਟਰੱਕ ਯੂਨੀਅਨ ਜੈਤੋ, ਰਮਨਦੀਪ ਕੌਰ ਸਰਪੰਚ ਵਾੜਾ ਭਾਈ ਕਾ, ਜਤਿੰਦਰ ਬਾਂਸਲ ਜੀਤੂ ਕੋਆਰਡੀਨੇਟਰ ਵਿਧਾਨ ਸਭਾ ਹਲਕਾ ਭੁੱਚੋ, ਪ੍ਰਮਿੰਦਰ ਸਿੰਘ ਇੰਚਾਰਜ ਯੂਥ ਕਾਂਗਰਸ ਫ਼ਰੀਦਕੋਟ, ਪ੍ਰਭਜੀਤ ਸਿੰਘ ਬਰਾੜ ਬਲਾਕ ਪ੍ਰਧਾਨ ਜੈਤੋ, ਭਗਤ ਸਿੰਘ ਚਹਿਲ ਮੈਂਬਰ ਬਲਾਕ ਸੰਮਤੀ, ਡਾ. ਮੁਹੰਮਦ ਰੂਪ ਖਾਨ, ਖੁਸ਼ਦੀਪ ਮਿੱਤਲ, ਡਾ. ਸ਼ਾਮ ਸਿੰਘ ਵਾੜਾ ਭਾਈ ਕਾ, ਮੁਹੰਮਦ ਯਾਸੀਨ ਪੰਚ ਡੇਲਿਆਂਵਾਲੀ ਮੁਹੰਮਦ ਅਕਬਰ ਕਬੱਡੀ ਕੋਚ ਝੱਖੜਵਾਲਾ, ਮਿੱਠੂ ਸ਼ਾਹ ਪ੍ਰਧਾਨ ਮੁਸਲਮਾਨ ਭਾਈਚਾਰਾ, ਪ੍ਰਧਾਨ ਦਿਲਾਵਰ ਹੁਸੈਨ ਮੁਸਲਮਾਨ ਵੈੱਲਫੇਅਰ ਸੋਸਾਇਟੀ ਫਰੀਦਕੋਟ, ਡਾਕਟਰ ਗਾਜੀ ਉਜੈਰ ਕੋਟਕਪੂਰਾ, ਸਾਬਰ ਖਾਨ ਸਮੇਤ ਸਮੂਹ ਮੁਸਲਮਾਨ ਭਾਈਚਾਰੇ ਤੇ ਹੋਰ ਵੱਡੀ ਗਿਣਤੀ 'ਚ ਸਰਪੰਚ, ਪੰਚ, ਪ੍ਰਧਾਨ, ਕਾਂਗਰਸੀ ਆਗੂ ਤੇ ਵਰਕਰਾਂ ਵੱਲੋਂ ਡਾ. ਮੁਹੰਮਦ ਸਲੀਮ ਨੂੰ ਓ.ਬੀ.ਸੀ. ਸੈੱਲ ਜ਼ਿਲ੍ਹਾ ਫ਼ਰੀਦਕੋਟ ਦੇ ਚੇਅਰਮੈਨ ਨਿਯੁਕਤ ਕੀਤੇ ਜਾਣ 'ਤੇ ਮੁਬਾਰਕਬਾਦ ਦਿੱਤੀ। ਇਸ ਮੌਕੇ ਡਾ. ਮੁਹੰਮਦ ਸਲੀਮ ਖਿਲਜੀ ਨੇ ਆਪਣੀ ਇਸ ਨਿਯੁਕਤੀ ਲਈ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਮੈਂਬਰ ਪਾਰਲੀਮੈਂਟ ਜਨਾਬ ਮੁਹੰਮਦ ਸਦੀਕ, ਰਾਜ ਬਖਸ਼ ਚੇਅਰਮੈਨ ਪੰਜਾਬ ਸਮੇਤ ਸਮੂਹ ਪਾਰਟੀ ਆਗੂਆਂ ਤੇ ਵਰਕਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਤੇ ਓ.ਬੀ.ਸੀ. ਸੈੱਲ ਦੇ ਹਰ ਵਿਅਕਤੀ ਲਈ ਤਨਦੇਹੀ ਨਾਲ ਸੇਵਾ ਨਿਭਾਉਣਗੇ।

# ਮੁੱਢਲੇ ਅਧਿਕਾਰਾਂ ਤੇ ਸੰਵਿਧਾਨ ਦੀ ਰਾਖੀ ਲਈ ਹਰ ਕੁਰਬਾਨੀ ਦੇਵਾਂਗੇ : ਲਿਬਰੇਸ਼ਨ

## ਸੂਚਨਾ ਮੰਗਣ 'ਤੇ ਕੇਜਰੀਵਾਲ ਨੂੰ ਕੀਤੇ ਜੁਰਮਾਨੇ ਤੇ ਮੋਦੀ ਖਿਲਾਫ ਪੋਸਟਰ ਲਾਉਣ ਬਦਲੇ ਪੁਲਸ ਕੇਸਾਂ ਤੇ ਗ੍ਰਿਫ਼ਤਾਰੀਆਂ ਦੀ ਸਖ਼ਤ ਨਿੰਦਾ

**ਮਾਨਸਾ (ਆਤਮਾ ਸਿੰਘ ਪਮਾਰ)**-ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਨੇ ਦੇਸ਼ ਦੀ ਨਿਆਂ ਪਾਲਿਕਾ ਨੂੰ ਸਵਾਲ ਕੀਤਾ ਹੈ ਕਿ ਆਖਰ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਵਿੱਦਿਅਕ ਯੋਗਤਾ ਬਾਰੇ ਆਰ ਟੀ ਆਈ ਐਕਟ ਤਹਿਤ ਜਾਣਕਾਰੀ ਮੰਗਣ ਵਿੱਚ ਅਜਿਹਾ ਕਿਹੜਾ ਕੌਮੀ ਭੇਤ ਲੀਕ ਹੋ ਰਿਹਾ ਹੈ ਜਾਂ ਇਸ ਨਾਲ ਦੇਸ਼ ਦੀ ਸੁਰੱਖਿਆ ਨੂੰ ਕਿਹੜਾ ਖਤਰਾ ਖੜਾ ਹੋ ਰਿਹਾ ਹੈ ਕਿ ਗੁਜਰਾਤ ਹਾਈ ਕੋਰਟ ਨਾ ਸਿਰਫ ਗੁਜਰਾਤ ਯੂਨੀਵਰਸਿਟੀ ਦੀ ਅਪੀਲ ਉਤੇ ਬੀਤੇ ਦਿਨ ਫੈਸਲਾ ਸੁਣਾਉਂਦਿਆਂ ਮੰਗੀ ਜਾਣਕਾਰੀ ਮੁਹੱਈਆ ਕਰਵਾਉਣ ਲਈ ਸੱਤ ਸਾਲ ਪਹਿਲਾਂ ਦਿੱਤੇ ਕੇਂਦਰੀ ਸੂਚਨਾ ਕਮਿਸ਼ਨ ਦੇ ਹੁਕਮਾਂ ਨੂੰ ਹੀ ਰੱਦ ਕਰ ਦਿੰਦੀ ਹੈ, ਬਲਕਿ ਇਹ ਜਾਣਕਾਰੀ ਮੰਗਣ ਬਦਲੇ ਸ੍ਰੀ ਅਰਵਿੰਦ ਕੇਜਰੀਵਾਲ ਨੂੰ ਪੰਝੀ ਹਜ਼ਾਰ ਰੁਪਏ ਜੁਰਮਾਨਾ ਵੀ ਠੋਕ ਦਿੰਦੀ ਹੈ। ਇਸ ਇੱਕਪਾਸੜ ਫੈਸਲੇ ਤੋਂ ਜ਼ਾਹਰ ਹੈ ਕਿ ਸਾਡੀ ਨਿਆਂ ਪਾਲਿਕਾ ਹੁਣ ਤੇਜ਼ੀ ਨਾਲ ਅਪਣਾ ਨਿਰਪੱਖ ਕਿਰਦਾਰ ਗੁਆ ਰਹੀ ਹੈ। ਬਿਆਨ ਅਨੁਸਾਰ ਦਿੱਲੀ ਵਿੱਚ ਲੱਗੇ ਪੋਸਟਰ "ਕੀ ਦੇਸ ਦੇ ਪ੍ਰਧਾਨ ਮੰਤਰੀ ਪੜ੍ਹੇ ਲਿਖੇ ਹੋਣੇ ਚਾਹੀਦੇ ਨੇ?" ਤੇ ਆਮ ਆਦਮੀ ਪਾਰਟੀ ਵੱਲੋਂ ਆਰੰਭੀ ਦੇਸ਼ ਪੱਧਰੀ ਮੁਹਿੰਮ ਦੇ ਪੋਸਟਰ "ਮੋਦੀ ਹਟਾਓ, ਦੇਸ਼ ਬਚਾਓ" ਦੇ ਮੁਕਾਬਲੇ ਕੇਂਦਰ ਸਰਕਾਰ ਤੇ ਕੁਝ ਸੂਬਾ ਸਰਕਾਰਾਂ ਵੱਲੋਂ ਪ੍ਰਸ਼ਾਸਨ ਰਾਹੀਂ ਪੋਸਟਰ ਪਾੜੋ ਮੁਹਿੰਮ ਚਲਵਾਉਣ, ਕੇਸ ਦਰਜ ਕਰਨ ਤੇ ਗ੍ਰਿਫ਼ਤਾਰੀਆਂ ਕਰਨ ਦੀ ਵੀ ਸਖਤ ਨਿੰਦਾ ਕੀਤੀ ਗਈ ਹੈ।

ਲਿਬਰੇਸ਼ਨ ਦੀ ਪੰਜਾਬ ਸੂਬਾ ਕਮੇਟੀ ਵੱਲੋਂ ਜਾਰੀ ਇਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਹਰ ਪੱਧਰ ਦੀ ਚੋਣ ਲੜਨ ਮੌਕੇ ਹਰ ਉਮੀਦਵਾਰ ਨੂੰ ਅਪਣੇ ਤੇ ਆਪਣੇ ਪਰਿਵਾਰ ਬਾਰੇ ਸਮੁੱਚੀ ਚੱਲ ਅਚੱਲ ਜਾਇਦਾਦ, ਲੈਣਦਾਰੀਆਂ, ਦੇਣਦਾਰੀਆਂ, ਬੈਂਕ ਖਾਤਿਆਂ, ਪੁਲਸ ਕੇਸਾਂ ਤੇ ਵਿੱਦਿਅਕ ਯੋਗਤਾ ਆਦਿ ਬਾਰੇ ਜੋ ਤਸਦੀਕਸ਼ੁਦਾ ਹਲਫੀਆ ਦੇਣਾ ਪੈਂਦਾ ਹੈ, ਚੋਣ ਕਮਿਸ਼ਨ ਵੱਲੋਂ ਉਸ ਨੂੰ ਜਨਤਕ ਕੀਤਾ ਜਾਂਦਾ ਹੈ, ਤਾਂ ਜੋ ਦੇਸ਼ ਦਾ ਕੋਈ ਵੀ ਵੋਟਰ ਉਸ ਦੀ ਪੜਤਾਲ ਕਰ ਸਕੇ ਤੇ ਕੋਈ ਤੱਥ ਗਲਤ ਹੋਣ ਦੀ ਸੂਰਤ ਵਿੱਚ ਉਸ ਨੂੰ ਚੁਣੌਤੀ ਦਿੱਤੀ ਜਾ ਸਕੇ। ਇਸ ਲਈ ਜੇਕਰ ਲੋਕ ਸਭਾ ਚੋਣਾਂ ਵਿੱਚ ਇਕ ਉਮੀਦਵਾਰ ਵਜੋਂ ਸ੍ਰੀ ਨਰਿੰਦਰ ਮੋਦੀ ਵੱਲੋਂ ਚੋਣ ਲੜਨ ਸਮੇਂ ਦਿੱਤੇ ਹਲਫਨਾਮੇ ਵਿੱਚ ਦਰਜ ਕੀਤੀ ਅਪਣੀ ਵਿੱਦਿਅਕ ਯੋਗਤਾ ਦੀ ਪੁਸ਼ਟੀ ਕਰਨ ਲਈ ਦੇਸ਼ ਦੇ ਇਕ ਨਾਗਰਿਕ ਤੇ ਵੋਟਰ ਵਜੋਂ ਆਰ ਟੀ ਆਈ ਐਕਟ ਤਹਿਤ ਸੂਚਨਾ ਮੰਗਣ ਬਦਲੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ ਜਾਂ ਸਿਆਸੀ ਪ੍ਰਚਾਰ ਮੁਹਿੰਮ ਤਹਿਤ ਸੱਭਿਅਕ ਭਾਸ਼ਾ ਵਿੱਚ ਕੋਈ ਪੋਸਟਰ ਪੈਂਫਲਿਟ ਲਾਉਣ ਵਾਲਿਆਂ ਖਿਲਾਫ ਪੁਲਸ ਕੇਸ ਦਰਜ ਕਰਕੇ ਗ੍ਰਿਫ਼ਤਾਰੀਆਂ ਹੋ ਰਹੀਆਂ ਹਨ, ਤਾਂ ਦੇਸ਼ ਦੇ ਜਾਗਰੂਕ ਲੋਕਾਂ ਵੱਲੋਂ ਇਹ ਸੁਆਲ ਲਾਜ਼ਮੀ ਪੁੱਛਿਆ ਜਾਣਾ ਚਾਹੀਦਾ ਹੈ ਕਿ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਕਹਾਉਣ ਵਾਲੇ ਭਾਰਤ ਵਿੱਚ ਅੱਜ ਲੋਕਤੰਤਰ ਬਚਿਆ ਹੀ ਕਿੱਥੇ ਹੈ? ਇਸ ਸਥਿਤੀ ਵਿੱਚ, ਜੇਕਰ ਕੈਂਬਰਿਜ 'ਚ ਬੋਲਦੇ ਹੋਏ ਰਾਹੁਲ ਗਾਂਧੀ ਜਦੋਂ ਭਾਰਤ ਵਿੱਚ ਜਮਹੂਰੀਅਤ ਨੂੰ ਦਰਪੇਸ਼ ਸੰਕਟ ਤੇ ਖਤਰਿਆਂ ਦੀ ਗੱਲ ਕਰਦਾ ਹੈ, ਤਾਂ ਉਸ ਵਿੱਚ ਗਲਤ ਕੀ ਸੀ ਤੇ ਸੱਤਾਧਾਰੀ ਬੀ ਜੇ ਪੀ ਸੰਸਦ 'ਚ ਉਸ ਤੋਂ ਕਿਹੜੇ ਕੌਮੀ ਅਪਮਾਨ ਤੇ ਗਲਤੀ ਦੀ ਮਾਫੀ ਮੰਗਵਾਉਣ ਲਈ ਹੰਗਾਮਾ ਕਰ ਰਹੀ ਹੈ?

ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦਾ ਕਹਿਣਾ ਹੈ ਕਿ ਆਜ਼ਾਦੀ ਤੇ ਮੁੱਢਲੇ ਨਾਗਰਿਕ ਅਧਿਕਾਰ ਸਾਨੂੰ ਕਿਸੇ ਨੇ ਖੈਰਾਤ ਵਿੱਚ ਨਹੀਂ ਦਿੱਤੇ, ਇਨ੍ਹਾਂ ਨੂੰ ਹਾਸਲ ਕਰਨ ਲਈ ਦੇਸ਼ ਦੀ ਆਮ ਜਨਤਾ ਨੇ ਬਰਤਾਨਵੀ ਸਾਮਰਾਜ ਖਿਲਾਫ 90 ਸਾਲ ਲੰਬੀ ਖੂਨ ਡੋਲ੍ਹਵੀਂ ਲੜਾਈ ਲੜੀ ਹੈ ਤੇ ਅਥਾਹ ਕੁਰਬਾਨੀਆਂ ਦਿੱਤੀਆਂ ਹਨ, ਇਸ ਲਈ ਚਾਹੇ ਹੁਣ ਵੀ ਕਿੰਨੀਆਂ ਹੋਰ ਕੁਰਬਾਨੀਆਂ ਕਰਨੀਆਂ ਪੈਣ ਅਸੀਂ ਆਪਣੇ ਲਿਖਣ, ਬੋਲਣ ਤੇ ਵਿਚਾਰ ਪ੍ਰਗਟਾਵੇ ਦੇ ਅਧਿਕਾਰ, ਅਸਹਿਮਤੀ ਤੇ ਆਲੋਚਨਾ ਦੇ ਹੱਕ ਅਤੇ ਸੰਵਿਧਾਨ ਦੀ ਹਰ ਹਾਲਤ ਵਿੱਚ ਰਾਖੀ ਕਰਾਂਗੇ।

# ਛਾਪਾ ਵਿਖੇ ਬੱਬਾ ਬਾਜਵਾ ਦੀ ਯਾਦ 'ਚ ਖ਼ੂਨਦਾਨ ਕੈਂਪ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਫਾਈ ਸੇਵਾ ਕਲੱਬ ਵੱਲੋਂ ਨਗਰ ਪੰਚਾਇਤ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਚੌਥਾ ਖ਼ੂਨਦਾਨ ਕੈਂਪ ਲਾਇਆ ਗਿਆ। ਇਸ ਖ਼ੂਨਦਾਨ ਕੈਂਪ ਵਿੱਚ ਡੀ ਐੱਮ ਸੀ ਹਸਪਤਾਲ ਲੁਧਿਆਣਾ ਦੇ ਬਲੱਡ ਬੈਂਕ ਦੀ ਟੀਮ ਨੂੰ ਖ਼ੂਨਦਾਨੀਆਂ ਵੱਲੋਂ 80 ਯੂਨਿਟ ਖ਼ੂਨ ਦਾਨ ਕੀਤਾ ਗਿਆ। ਇਸ ਮੌਕੇ ਕਲੱਬ ਵੱਲੋਂ ਵਾਤਾਵਰਨ ਦੀ ਸ਼ੁੱਧਤਾ ਲਈ ਬੂਟਿਆਂ ਦਾ ਲੰਗਰ ਵੀ ਲਾਇਆ ਗਿਆ। ਕੈਂਪ 'ਚ ਖ਼ੂਨਦਾਨੀ ਨੌਜਵਾਨਾਂ ਦਾ ਹੌਸਲਾ ਵਧਾਉਣ ਆਏ ਸਮਾਜ ਸੇਵੀ ਭਾਰਤ ਨਰੇਸ਼, ਵਰਿੰਦਰ ਸਿੰਘ ਵਿੱਕੀ ਨੇ ਕਿਹਾ ਕਿ ਖ਼ੂਨ ਦਾਨ ਇਕ ਮਹਾਂ ਦਾਨ ਹੈ, ਜਿਸ ਨਾਲ ਲੋੜਵੰਦ ਲੋਕਾਂ ਦੀਆਂ ਕੀਮਤੀ ਜ਼ਿੰਦੜੀਆਂ ਬਚਾਈਆਂ ਜਾ ਸਕਦੀਆਂ ਹਨ, ਉਹ ਅੱਗੇ ਨੂੰ ਵੀ ਅਜਿਹੇ ਖ਼ੂਨਦਾਨ ਕੈਂਪ ਲਗਾਉਣ ਲਈ ਹਰ ਤਰ੍ਹਾਂ ਨਾਲ ਸਹਿਯੋਗ ਕਰਦੇ ਰਹਿਣਗੇ।

ਇਸ ਸਮੇਂ ਖ਼ੂਨਦਾਨੀਆਂ, ਦਾਨੀ ਸੱਜਣਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਉਜਾਜਰ ਸਿੰਘ ਦਿਉਲ, ਸੰਤੋਖ ਸਿੰਘ, ਗੁਰਦੀਪ ਸਿੰਘ ਦੀਪਾ, ਹਰਪ੍ਰੀਤ ਸਿੰਘ ਪੀਤਾ, ਜਸਵੰਤ ਸਿੰਘ ਸੋਹੀ, ਗੁਰਦੀਪ ਸਿੰਘ ਬਾਬਾ, ਜਗਜੀਤ ਸਿੰਘ ਤਤਲਾ, ਮੁਸਤਾਕ ਮੁਹੰਮਦ, ਚੰਦ ਸਿੰਘ ਤੱਤਲਾ, ਜੱਗਾ ਸਿੰਘ ਛਾਪਾ, ਭਾਈ ਗੁਰਬਚਨ ਸਿੰਘ ਆਦਿ ਹਾਜ਼ਰ ਸਨ।

# ਪ੍ਰੈੱਸ ਕਲੱਬ ਮਾਛੀਵਾੜਾ ਦੇ ਸਰਪ੍ਰਸਤ ਪੱਤਰਕਾਰ ਸੁਖਵੰਤ ਗਿੱਲ ਦਾ ਦਿਹਾਂਤ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪ੍ਰੈੱਸ ਕਲੱਬ ਮਾਛੀਵਾੜਾ ਦੇ ਸਰਪ੍ਰਸਤ ਤੇ ਪੱਤਰਕਾਰ ਸੁਖਵੰਤ ਸਿੰਘ ਗਿੱਲ ਦਾ ਦਿਹਾਂਤ ਹੋ ਗਿਆ, ਜਿਨ੍ਹਾਂ ਦੀ ਅਚਨਚੇਤ ਮੌਤ ਕਾਰਨ ਇਲਾਕੇ ਵਿੱਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਸੁਖਵੰਤ ਸਿੰਘ ਗਿੱਲ ਪਿਛਲੇ ਕੁਝ ਦਿਨਾਂ ਤੋਂ ਬੀਮਾਰ ਚੱਲ ਰਹੇ ਸਨ ਤੇ ਇਲਾਜ ਲਈ ਹਸਪਤਾਲ ਦਾਖਲ ਸਨ, ਪਰ ਡਾਕਟਰਾਂ ਤੇ ਪਰਿਵਾਰ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਵੀ ਉਨ੍ਹਾਂ ਦੀ ਜਾਨ ਨਾ ਬਚ ਸਕੀ। ਸੁਖਵੰਤ ਸਿੰਘ ਗਿੱਲ ਦਾ ਅੰਤਿਮ ਸਸਕਾਰ ਮਾਛੀਵਾੜਾ ਦੇ ਸਮਸ਼ਾਨ ਘਾਟ ਵਿਖੇ ਕਰ ਦਿੱਤਾ ਗਿਆ, ਜਿੱਥੇ ਉਨ੍ਹਾਂ ਦੇ ਸਪੁੱਤਰ ਤਨਵੀਰ ਸਿੰਘ, ਕਰਨਵੀਰ ਸਿੰਘ ਤੇ ਉਨ੍ਹਾਂ ਦੇ ਜੀਜਾ ਸੇਵਾਮੁਕਤ ਡੀਐੱਸਪੀ ਕੁਲਵੰਤ ਸਿੰਘ ਲਹਿਰਾ ਨਾਲ ਇਲਾਕੇ ਦੀਆਂ ਸਮਾਜ ਸੇਵੀ, ਧਾਰਮਿਕ ਤੇ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਵੀ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਲਈ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ, ਹਲਕਾ ਸਮਰਾਲਾ ਤੋਂ ਕਾਂਗਰਸ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਹਲਕਾ ਸਮਰਾਲਾ ਤੋਂ ਅਕਾਲੀ ਦਲ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ, ਹਲਕਾ ਸਾਹਨੇਵਾਲ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ

### ਸਿਆਸੀ, ਸਮਾਜ ਸੇਵੀ ਤੇ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ

ਵਿਕਰਮ ਸਿੰਘ ਬਾਜਵਾ, ਗੁਰਦੁਆਰਾ ਕ੍ਰਿਪਾਨ ਭੇਟ ਸਾਹਿਬ ਦੇ ਮੁੱਖ ਸੇਵਾਦਾਰ ਜਥੇਦਾਰ ਸਰਵਣ ਸਿੰਘ, ਸਾਬਕਾ ਚੇਅਰਮੈਨ ਸ਼ਕਤੀ ਆਨੰਦ, ਜ਼ਿਲਾ ਉਪ ਪ੍ਰਧਾਨ ਕਸਤੂਰੀ ਲਾਲ ਮਿੰਟੂ, ਆੜ੍ਹਤੀ ਐਸੋ. ਦੇ ਪ੍ਰਧਾਨ ਤੇਜਿੰਦਰ ਸਿੰਘ ਕੂੰਨਰ, ਹਰਜਿੰਦਰ ਸਿੰਘ ਖੇੜਾ, ਸਾਬਕਾ ਪ੍ਰਧਾਨ ਉਜਾਗਰ ਸਿੰਘ ਬੈਨੀਪਾਲ, ਸਾਬਕਾ ਪ੍ਰਧਾਨ ਦਰਸ਼ਨ ਕੁੰਦਰਾ, ਸਾਬਕਾ ਚੇਅਰਮੈਨ ਰਾਜਵੰਤ ਸਿੰਘ ਕੂੰਨਰ, ਸੋਹਣ ਲਾਲ ਸ਼ੇਰਪੁਰੀ, ਜੇ.ਪੀ. ਸਿੰਘ ਮੱਕੜ, ਸ਼ੈਲਰ ਐਸੋ. ਦੇ ਪ੍ਰਧਾਨ ਰੁਪਿੰਦਰ ਸਿੰਘ ਬੈਨੀਪਾਲ, ਅਕਾਲੀ ਆਗੂ ਹਰਜਤਿੰਦਰ ਸਿੰਘ ਬਾਜਵਾ, ਡਾ. ਦੀਪ ਆਨੰਦ, ਡਾ. ਹਨੀ ਆਨੰਦ, ਜਥੇਦਾਰ ਮਨਮੋਹਣ ਸਿੰਘ ਖੇੜਾ, ਸਰਪੰਚ ਛਿੰਦਰਪਾਲ ਹਿਯਾਤਪੁਰ, ਰਾਜੇਸ਼ ਬਿੱਟੂ, ਸੁਖਵਿੰਦਰ ਸਿੰਘ ਗਿੱਲ, ਪ੍ਰਵੀਨ ਮੱਕੜ, ਜਗਮੀਤ ਮੱਕੜ, ਨਗਿੰਦਰ ਮੱਕੜ, ਰਾਣਾ ਵਲਭੱਦਰ ਸਿੰਘ, ਭੁਪਿੰਦਰ ਸਿੰਘ ਕਾਹਲੋਂ, ਜਗਦੀਸ਼ ਰਾਠੌਰ, ਜਸਦੇਵ ਬਿੱਟੂ ਆਦਿ ਮੌਜੂਦ ਸਨ। ਇਸ ਤੋਂ ਇਲਾਵਾ ਮਾਛੀਵਾੜਾ, ਸਮਰਾਲਾ, ਕੁਹਾੜਾ ਦੇ ਸਮੂਹ ਪੱਤਰਕਾਰਾਂ ਵੱਲੋਂ ਵੀ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

## ਕਾਤਰਾਂ

### ਸਾਹਿਤ ਸਭਾ ਜ਼ੀਰਾ ਦੀ ਮੀਟਿੰਗ



**ਜ਼ੀਰਾ (ਨਰਿੰਦਰਾ ਅਨੇਜਾ)**-ਸਾਹਿਤ ਸਭਾ ਜ਼ੀਰਾ ਮਹੀਨਾਵਾਰ ਦੀ ਵਿਸ਼ੇਸ਼ ਮੀਟਿੰਗ ਜੀਵਨ ਮੱਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਮੀਤ ਪ੍ਰਧਾਨ ਲੈਕਚਰਾਰ ਨਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਵੱਖ ਵੱਖ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ, ਜਿਸ ਵਿੱਚ ਕਾਲਾ ਬੇਰੀਵਾਲਾ, ਹਰੀ ਦਾਸ ਚੌਹਾਨ, ਸ਼ੁਭਮ ਚੌਹਾਨ, ਜਗਜੀਤ ਸਿੰਘ ਝਤਰਾ, ਗੁਰਸੇਵਕ ਸਿੰਘ, ਬਲਜੀਤ ਬਾਦਸ਼ਾਹ, ਦਲਜੀਤ ਸਿੰਘ, ਪਿੱਪਲ ਸਿੰਘ ਜ਼ੀਰਾ, ਜਗਜੀਤ ਸਿੰਘ ਝਤਰਾ, ਸੁਖਬੀਰ ਮੁਹੱਬਤ, ਸਤਿਪਾਲ ਖੁੱਲਰ, ਅਮਰਜੀਤ ਸਨੇਰਵੀਂ, ਹਰਦੀਪ ਸਿੰਘ ਸ਼ੇਰਗਿੱਲ ਐਡਵੋਕੇਟ, ਹਰਚਰਨ ਸਿੰਘ ਚੋਹਲਾ, ਪਰਮਜੀਤ ਵਿਦਿਆਰਥੀ, ਵਿਵੇਕ ਕੋਟ ਈਸੇ ਖਾਂ, ਪਵਨ ਕੁਮਾਰ ਕੋਟ ਈਸੇ ਖ਼ਾਂ ਆਦਿ ਹਾਜ਼ਰ ਹੋਏ। ਇਸ ਮੌਕੇ ਰਚਨਾਵਾਂ ਦੇ ਦੌਰ ਵਿੱਚ ਵੱਖ-ਵੱਖ ਸਾਹਿਤਕਾਰਾਂ ਗ਼ਜ਼ਲਾਂ, ਵਿਅੰਗ, ਕਵਿਤਾਵਾਂ, ਗੀਤ, ਵਿਚਾਰ ਸੁਣਾਏ। ਇਸ ਮੌਕੇ ਰਚਨਾਵਾਂ 'ਤੇ ਭਖਵੀ ਤੇ ਉਸਾਰੂ ਬਹਿਸ ਕੀਤੀ ਗਈ।

### ਸ੍ਰੀ ਸਾਲਾਸਰ ਧਾਮ ਲਈ ਬੱਸ ਰਵਾਨਾ

**ਬਾਘਾ ਪੁਰਾਣਾ (ਮਨੀ ਸਿਗਲਾ)**-ਸ੍ਰੀ ਬਾਲਾ ਜੀ ਬੱਸ ਸੇਵਾ ਮੰਡਲ ਬਾਘਾ ਪੁਰਾਣਾ ਵੱਲੋਂ 22ਵੀਂ ਬੱਸ ਯਾਤਰਾ ਸ੍ਰੀ ਸਾਲਾਸਰ ਧਾਮ, ਸ੍ਰੀ ਖਾਟੂ ਸ਼ਾਮ, ਸ੍ਰੀ ਇੱਛਾਪੂਰਨ ਮੰਦਿਰ ਲਈ ਭਗਤਾਂ ਦੀ ਇਕ ਬੱਸ ਕਾਲੇ ਕੇ ਰੋਡ ਸ੍ਰੀ ਦੁਰਗਾ ਮੰਦਿਰ ਤੋਂ ਰਵਾਨਾ ਕੀਤੀ ਗਈ, ਜਿਸ ਨੂੰ ਹਰੀ ਝੰਡੀ ਦੇਣ ਦੀ ਰਸਮ ਗੌਰਵ ਖੁਰਾਣਾ ਦੀ ਟੀਮ ਵੱਲੋਂ ਦਿੱਤੀ ਗਈ। ਇਸ ਮੌਕੇ ਸੁਰਿੰਦਰ ਬਾਂਸਲ, ਯੋਗੇਸ਼ ਬਾਂਸਲ ਯੋਗੀ, ਰਾਜ ਦਵਿੰਦਰ ਕਟਾਰੀਆ, ਦਲੀਪ ਕੁਮਾਰ, ਚੰਦਰ ਬਾਂਸਲ, ਨਰੇਸ਼ ਕੁਮਾਰ ਮੰਗਾ, ਸਚਿਨ ਸਿੰਗਲਾ, ਰਮੇਸ਼ ਕੁਮਾਰ ਟੋਨੀ, ਕਰਮਵੀਰ ਕਟਾਰੀਆ, ਅਨਮੋਲ ਠੁਕਰਾਲ ਨੇ ਦੱਸਿਆ ਕਿ ਹਰ ਮਹੀਨੇ ਦੀ ਤਰ੍ਹਾਂ ਬੱਸ ਨੂੰ ਸ੍ਰੀ ਸਾਲਾਸਰ ਧਾਮ, ਸ੍ਰੀ ਖਾਟੂ ਸ਼ਾਮ ਦੇ ਦਰਸ਼ਨ ਲਈ ਰਵਾਨਾ ਕੀਤੀ ਜਾਂਦਾ ਹੈ।

### ਯੂ ਕੇ ਇੰਟਰਨੈਸ਼ਨਲ ਸਕੂਲ 'ਚ ਸੁਖਮਨੀ ਸਾਹਿਬ ਦੇ ਭੋਗ ਪਾਏ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਇਲਾਕੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਵਿੱਚ ਬੱਚਿਆਂ ਦੇ ਸ਼ਾਨਦਾਰ ਨਤੀਜੇ ਤੇ ਨਵੇਂ ਸੈਸ਼ਨ (2023) ਦੀ ਸ਼ੁਰੂਆਤ ਵਿੱਚ ਅੱਜ ਸਤਿਗੁਰ ਜੀ ਦਾ ਓਟ ਆਸਰਾ ਲੈਂਦਿਆਂ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਦੇ ਦੌਰਾਨ ਅਧਿਆਪਕਾਂ ਅਤੇ ਬੱਚਿਆਂ ਵੱਲੋਂ ਮਨ ਲਗਾ ਕੇ ਗੁਰਬਾਣੀ ਦਾ ਸਰਵਣ ਕੀਤਾ ਗਿਆ।

ਇਸ ਮੌਕੇ ਪ੍ਰਿੰਸੀਪਲ ਮੈਡਮ ਡਾ. ਰਾਜਵਿੰਦਰ ਕੌਰ ਨੇ ਪਿਛਲੇ ਸੈਸ਼ਨ ਦੇ ਦੌਰਾਨ ਪਹਿਲੇ, ਦੂਜੇ, ਤੀਸਰੇ ਨੰਬਰ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਉਨ੍ਹਾਂ ਪਹਿਲੇ, ਦੂਸਰੇ ਤੇ ਤੀਸਰੇ ਨੰਬਰ 'ਤੇ ਆਉਣ ਵਾਲੇ ਤੇ ਬਾਕੀ ਵਿਦਿਆਰਥੀਆਂ ਨੂੰ ਹੋਰ ਵੀ ਮਿਹਨਤ ਕਰਨ ਲਈ ਪ੍ਰੇਰਿਆ। ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਬਹੁਤ-ਬਹੁਤ ਵਧਾਈ ਦਿੱਤੀ।

ਉਨ੍ਹਾਂ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਪ੍ਰਮਾਤਮਾ ਸਾਰੇ ਹੀ ਬੱਚਿਆਂ ਨੂੰ ਸੁਮੱਤ ਬਖਸ਼ਣ ਤੇ ਬੱਚਿਆਂ ਦੀ ਕੀਤੀ ਮਿਹਨਤ ਨੂੰ ਸਫਲ ਕਰਨ। ਇਸ ਖੁਸ਼ੀ ਦੇ ਮੌਕੇ 'ਤੇ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸਕੂਲ ਦੇ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਤੇ ਸਮੂਹ ਸਟਾਫ ਦੇ ਮੈਂਬਰ ਸ਼ਾਮਲ ਸਨ।

# ਮਾਤਾ ਗੁਜਰੀ ਜੀ ਭਲਾਈ ਕੇਂਦਰ ਨੇ 200 ਲੋੜਵੰਦ ਪਰਵਾਰਾਂ ਨੂੰ ਮਹੀਨਾਵਾਰ ਰਾਸ਼ਨ ਦੇ ਕਾਰਡ ਵੰਡੇ



**ਬੁਢਲਾਡਾ/ਬਰੇਟਾ (ਅਸ਼ੋਕ ਲਾਕੜਾ/ਗੋਬਿੰਦ ਸ਼ਰਮਾ)**
ਸਥਾਨਕ ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਵੱਲੋਂ ਇੱਕ ਮਹਾਨ ਭਲਾਈ ਕਾਰਜ ਕਰਦੇ ਹੋਏ 200 ਲੋੜਵੰਦ ਵਿਧਵਾ ਤੇ ਅੰਗਹੀਣ ਪਰਵਾਰਾਂ ਨੂੰ ਮਹੀਨਾਵਾਰ ਰਾਸ਼ਨ ਕਾਰਡ ਦੇਣ ਦੀ ਸ਼ੁਰੂਆਤ ਕਾਰਸੇਵਾ ਵਾਲੇ ਬਾਬਾ ਦਰਸ਼ਨ ਸਿੰਘ ਰਾਹੀਂ ਸੰਸਥਾ ਦੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਕੀਤੀ ਗਈ। ਸੰਸਥਾ ਆਗੂ ਕੁਲਦੀਪ ਸਿੰਘ ਅਨੇਜਾ ਤੇ ਚਰਨਜੀਤ ਸਿੰਘ ਝਲਬੂਟੀ ਨੇ ਦੱਸਿਆ ਕਿ ਬਹੁਤ ਹੀ ਲੋੜਵੰਦ ਇਨ੍ਹਾਂ 200 ਪਰਵਾਰਾਂ ਨੂੰ ਮਹੀਨਾਵਾਰ 500 ਰੁਪਏ ਦਾ ਰਾਸ਼ਨ, ਪੜ੍ਹਦੇ ਬੱਚਿਆਂ ਨੂੰ ਕਾਪੀਆਂ, ਕਿਤਾਬਾਂ ਤੇ ਮੈਡੀਕਲ ਸਹੂਲਤ ਦਿੱਤੀ ਜਾਂਦੀ ਹੈ।

ਪਰਵਾਰ ਮਿੱਥੀ ਦੁਕਾਨ 'ਤੇ ਜਾ ਕੇ ਆਪਣੀ ਇੱਛਾ ਅਨੁਸਾਰ 500 ਰੁਪਏ ਦਾ ਰਾਸ਼ਨ ਘਰ ਲੈ ਜਾਂਦਾ ਹੈ। ਸੰਸਥਾ ਆਗੂ ਕੁਲਵਿੰਦਰ ਸਿੰਘ ਤੇ ਜਸਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਇਸ ਤੋਂ ਇਲਾਵਾ ਸੰਸਥਾ ਵੱਲੋਂ ਹਰ ਸਾਲ ਮਹਿਲਾ ਦਿਵਸ ਮੌਕੇ 11 ਅਨਾਥ ਬੱਚੀਆਂ ਦੇ ਵਿਆਹ ਕੀਤੇ ਜਾਂਦੇ ਹਨ। ਲੋੜਵੰਦਾਂ ਦੇ ਮਕਾਨਾਂ ਦੀ ਮੁਰੰਮਤ ਤੇ ਇਲਾਜ ਲਈ ਮਦਦ ਕਰਨ ਸਮੇਤ ਅਨੇਕਾਂ ਲੋਕ ਭਲਾਈ ਕਾਰਜ ਕੀਤੇ ਜਾਂਦੇ ਹਨ। ਸੰਸਥਾ ਮੁਖੀ ਮਾਸਟਰ ਕੁਲਵੰਤ ਸਿੰਘ ਨੇ ਪਹੁੰਚੇ ਸਮੂਹ ਮੈਂਬਰਾਂ ਤੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਡਾਕਟਰ ਬਲਦੇਵ ਕੱਕੜ, ਗੁਰਤੇਜ ਸਿੰਘ ਕੈਂਥ, ਡਾਕਟਰ ਬਲਵਿੰਦਰ ਸਿੰਘ, ਸ਼ਿਵ ਮਿੱਤਲ, ਰਾਮਦੇਵ ਸ਼ਰਮਾ, ਅਮਨਪ੍ਰੀਤ ਸਿੰਘ ਅਨੇਜਾ, ਸੁਰਜੀਤ ਸਿੰਘ ਟੀਟਾ, ਮਨਜਿੰਦਰ ਸਿੰਘ ਬੱਤਰਾ, ਮਿਸਤਰੀ ਮਿੱਠੂ ਸਿੰਘ, ਮਿਸਤਰੀ ਜਰਨੈਲ ਸਿੰਘ, ਦਵਿੰਦਰਪਾਲ ਸਿੰਘ ਲਾਲਾ, ਸੋਹਣ ਸਿੰਘ, ਗੁਰਚਰਨ ਸਿੰਘ ਮਲਹੋਤਰਾ, ਜਗਮੋਹਣ ਸਿੰਘ, ਨਰੇਸ਼ ਕੁਮਾਰ ਬੰਸੀ, ਬਲਬੀਰ ਸਿੰਘ ਬੱਤਰਾ, ਨੱਥਾ ਸਿੰਘ, ਮਹਿੰਦਰਪਾਲ ਸਿੰਘ, ਡਾਕਟਰ ਮਹਿੰਦਰ ਸਿੰਘ, ਰਜਿੰਦਰ ਵਰਮਾ ਮੋਨੀ, ਇੰਦਰਜੀਤ ਸਿੰਘ, ਹੰਸ ਰਾਜ ਸਰਪੰਚ, ਗੁਰਪ੍ਰੀਤ ਸਿੰਘ, ਗੋਪਾਲ ਸਿੰਘ, ਜਸ਼ਨ ਆਦਿ ਹਾਜ਼ਰ ਸਨ।

# ਮੈਰਾਥਨ 'ਚ ਸ਼ਹਿਰ ਦੀਆਂ ਪ੍ਰਮੁੱਖ ਹਸਤੀਆਂ ਹੋਈਆਂ ਸ਼ਾਮਲ

### ਵਿਧਾਇਕਾ ਨੀਨਾ ਮਿੱਤਲ ਨੇ ਮੈਰਾਥਨ ਨੂੰ ਦਿੱਤੀ ਹਰੀ ਝੰਡੀ



**ਰਾਜਪੁਰਾ (ਰਮੇਸ਼ ਕਟਾਰੀਆ)**-ਬੀਤੇ ਦਿਨ ਆਈ ਟੀ ਆਈ ਚੌਕ ਰਾਜਪੁਰਾ ਤੋਂ ਛੇ ਕਿਲੋਮੀਟਰ ਦੀ ਮੈਰਾਥਨ ਦੌੜ ਕਰਵਾਈ ਗਈ, ਜਿਸ ਵਿੱਚ 800 ਤੋਂ ਵੱਧ ਦੌੜਾਕਾਂ ਨੇ ਭਾਗ ਲਿਆ। ਇਨ੍ਹਾਂ ਵਿੱਚ ਸ਼ਹਿਰ ਦੀਆਂ ਪ੍ਰਮੁੱਖ ਹਸਤੀਆਂ ਵੀ ਸ਼ਾਮਲ ਸਨ। ਇਸ ਮੌਕੇ ਸਵਾਮੀ ਵਿਵੇਕਾਨੰਦ ਗਰੁੱਪ ਦੇ ਚੇਅਰਮੈਨ ਸ੍ਰੀ ਅਸ਼ਵਨੀ ਗਰਗ ਤੇ ਪ੍ਰੈਜ਼ੀਡੈਂਟ ਸ੍ਰੀ ਅਸ਼ੋਕ ਗਰਗ ਨੇ ਕਿਹਾ ਕਿ ਅਸੀਂ ਸ੍ਰੀਮਤੀ ਨੀਨਾ ਮਿੱਤਲ, ਐੱਮ.ਐੱਲ.ਏ. ਰਾਜਪੁਰਾ ਦੇ ਧੰਨਵਾਦੀ ਹਾਂ ਕਿ ਉਹ ਦੌੜ ਦਾ ਹਿੱਸਾ ਬਣੇ ਤੇ ਹਰ ਉਮਰ ਵਰਗ ਨੂੰ ਤੰਦਰੁਸਤ ਰਹਿਣ ਤੇ ਇੱਕ ਸਿਹਤਮੰਦ ਜੀਵਨ ਜਿਉਣ ਲਈ ਉਤਸ਼ਾਹਤ ਕਰਨ ਲਈ ਸਾਡਾ ਸਹਿਯੋਗ ਦਿੱਤਾ। ਬਹੁਤ ਸਾਰੇ ਪ੍ਰਤੀਯੋਗੀਆਂ ਨੇ ਮੈਰਾਥਨ ਵਿੱਚ ਹਿੱਸਾ ਲੈਣ ਲਈ ਰਜਿਸਟ੍ਰੇਸ਼ਨ ਕਰਵਾਈ ਹੈ।

ਇਸ ਦਿਨ ਦਾ ਮੁੱਖ ਆਕਰਸ਼ਣ ਜਸਕਰਨ ਸਿੰਘ ਸਰਾਓਂ (ਏਸ਼ੀਅਨ ਗੇਮਜ਼ ਰੋਇੰਗ, ਨੈਸ਼ਨਲ ਇੰਟਰਨੈਸ਼ਨਲ ਪਲੇਅਰ), ਸਵਰਨ ਸਿੰਘ ਵਿਰਕ (ਅਰਜੁਨ ਐਵਾਰਡੀ, ਓਲੰਪਿਕ ਲੰਡਨ ਗੋਲਡ ਮੈਡਲਿਸਟ), ਗੁਰਮਨ ਮਾਨ (ਸੇਲੀਬ੍ਰਿਟੀ ਗੈਸਟ ਗੈਸਟ ਫੇਮ ਜੁੱਤੀ ਮੁਲਤਾਨ ਦੀ), ਪੈਰੀ ਗਰੋਵਰ, ਰਾਜਨ ਚੌਧਰੀ (ਚੌਧਰੀ ਪ੍ਰਿੰਟਰਜ਼) ਸਨ। ਅੰਤ ਵਿੱਚ ਸ੍ਰੀਮਤੀ ਨੀਨਾ ਮਿੱਤਲ ਐੱਮ.ਐੱਲ.ਏ. ਰਾਜਪੁਰਾ ਮੁੱਖ ਮਹਿਮਾਨ ਵਜੋਂ, ਪ੍ਰਬੰਧਕੀ ਮੈਂਬਰ ਸ੍ਰੀ ਅਸ਼ਵਨੀ ਗਰਗ (ਚੇਅਰਮੈਨ ਐੱਸ.ਵੀ.ਜੀ.ਓ.ਆਈ.), ਸ੍ਰੀ ਅਸ਼ੋਕ ਗਰਗ (ਪ੍ਰਧਾਨ ਐੱਸ.ਵੀ.ਆਈ.ਈ.ਟੀ.), ਸ੍ਰੀ ਵਿਸ਼ਾਲ ਗਰਗ (ਡਾਇਰੈਕਟਰ ਸਕੱਤਰ), ਸ੍ਰੀ ਸਾਹਿਲ ਗਰਗ (ਪ੍ਰੋਜੈਕਟ ਡਾਇਰੈਕਟਰ ਏ.ਆਈ.ਐੱਸ.) ਤੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸਾਲਿਨੀ ਖੁੱਲਰ ਨੇ ਜੇਤੂਆਂ ਨੂੰ ਮੈਡਲ, ਤੋਹਫੇ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ।

### ਪਾਕਿ ਜਾਣ ਵਾਲੇ ਯਾਤਰੂ ਗੁਰੂ ਦੇ ਲੰਗਰਾਂ ਲਈ ਰਾਸ਼ਨ ਲੈ ਕੇ ਜਾਣ : ਭੁੱਲਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਸ਼ਵ ਭਾਈ ਮਰਦਾਨਾ ਕੀਰਤਨ ਦਰਬਾਰ ਸੁਸਾਇਟੀ ਨੇ ਵਿਸਾਖੀ ਮੌਕੇ ਜਥਿਆਂ ਨਾਲ ਪਾਕਿਸਤਾਨ ਜਾਣ ਵਾਲੇ ਯਾਤਰੂਆਂ ਨੂੰ ਆਪਣੇ ਨਾਲ ਗੁਰੂ ਦੇ ਲੰਗਰਾਂ ਲਈ ਆਟਾ, ਦਾਲਾਂ, ਚਾਵਲ, ਸਬਜ਼ੀਆਂ ਆਦਿ ਰਸਦਾਂ ਲੈ ਕੇ ਜਾਣ ਦੀ ਅਪੀਲ ਕੀਤੀ ਹੈ ਤਾਂ ਜੋ ਪਾਕਿਸਤਾਨ ਵਿੱਚ ਮਹਿੰਗਾਈ ਦੇ ਚੱਲ ਰਹੇ ਅਤਿ ਨਾਜ਼ੁਕ ਦੌਰ ਵਿੱਚ ਲੰਗਰਾਂ ਨੂੰ ਅਤੁੱਟ ਚਲਾਇਆ ਜਾ ਸਕੇ। ਵਿਸ਼ਵ ਭਾਈ ਮਰਦਾਨਾ ਸੁਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਭੁੱਲਰ ਨੇ ਦੱਸਿਆ ਕਿ ਵਿਸਾਖੀ ਮੌਕੇ ਪਾਕਿਸਤਾਨ ਜਾਣ ਵਾਲਾ ਜਥਾ 9 ਅਪ੍ਰੈਲ ਨੂੰ ਰਵਾਨਾ ਹੋਵੇਗਾ ਤੇ 18 ਅਪ੍ਰੈਲ ਨੂੰ ਵਾਪਸ ਪਰਤੇਗਾ। ਉਨ੍ਹਾਂ ਦੱਸਿਆ ਕਿ ਸੁਸਾਇਟੀ ਪਹਿਲਾਂ ਜੱਥੇ ਵਿੱਚ 10 ਹਜ਼ਾਰ ਗਲਾਸ, 5 ਹਜ਼ਾਰ ਥਾਲ਼, 5 ਕੜਾਹੇ, 7 ਤਾਂਬੇ ਦੀਆਂ ਦੇਗਾਂ, 20 ਵੱਡੇ ਪਤੀਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 10 ਪੀੜੇ, ਦਰੀਆਂ ਤੇ ਹੋਰ ਸਾਮਾਨ ਭੇਟ ਕਰ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਆਟਾ, ਦਾਲ, ਚਾਵਲ, ਸਬਜ਼ੀਆਂ ਆਦਿ ਦੀ ਕਮੀ ਕਾਰਨ ਗੁਰੂ ਦੇ ਲੰਗਰ ਅਤੁੱਟ ਚਲਾਉਣ ਲਈ ਸੰਗਤਾਂ ਦੇ ਸਹਿਯੋਗ ਦੀ ਵੱਡੀ ਲੋੜ ਹੈ। ਉਨ੍ਹਾਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਵੀ ਗੁਰੂ ਦੇ ਲੰਗਰਾਂ ਲਈ ਵੱਧ ਤੋਂ ਵੱਧ ਯੋਗਦਾਨ ਪਾਉਣ ਦੀ ਅਪੀਲ ਕੀਤੀ।

# ਰਾਮ ਬਾਗ 'ਚ ਦਾਨੀ ਪੁਰਸ਼ ਵੱਲੋਂ ਲਵਾ ਕੇ ਦਿੱਤਾ ਸਬਮਰਸੀਬਲ ਪੰਪ ਚਾਲੂ



ਰਾਮ ਬਾਗ 'ਚ ਲੱਗੇ ਸਬਮਰਸੀਬਲ ਪੰਪ ਨੂੰ ਚਾਲੂ ਕਰਦੇ ਹੋਏ ਰਾਮ ਬਾਗ ਕਮੇਟੀ ਦੇ ਅਹੁਦੇਦਾਰ ਤੇ ਮੈਂਬਰਜ਼।

**ਤਪਾ ਮੰਡੀ (ਅਰੁਣ ਗੋਇਲ)**
ਸਥਾਨਕ ਰਾਮ ਬਾਗ 'ਚ ਮੰਡੀ ਨਿਵਾਸੀਆਂ ਦੇ ਸਹਿਯੋਗ ਨਾਲ ਲੱਖਾਂ ਰੁਪੈ ਦੀ ਲਾਗਤ ਨਾਲ ਸ਼ੈੱਡ ਬਣਾਉਣ ਲਈ ਹੇਮ ਰਾਜ ਸੰਟੀ ਮੌੜ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ, ਜਿਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਮੀਟਿੰਗ ਦੀ ਕਾਰਵਾਈ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਰਾਮ ਬਾਗ 'ਚ ਸਸਕਾਰ ਸਮੇਂ ਨਾਲ ਆਏ ਵਿਅਕਤੀਆਂ ਦੇ ਬੈਠਣ ਲਈ ਮੁਸ਼ਕਲ ਨੂੰ ਦੇਖਦਿਆਂ ਸ਼ੈੱਡ ਬਣਾਉਣ ਦਾ ਫੈਸਲਾ ਲਿਆ ਗਿਆ ਹੈ। ਇਸ ਤੋਂ ਪਹਿਲਾਂ ਕਮੇਟੀ ਵੱਲੋਂ ਸਸਕਾਰ ਸਮੇਂ ਗਰਮੀ-ਸਰਦੀ 'ਚ ਬਿਨਾਂ ਕਿਸੇ ਭੇਦਭਾਵ ਤੋਂ ਮੁਫਤ ਵਿਸਲਰੀ ਪਾਣੀ ਦਿੱਤਾ ਜਾਂਦਾ ਹੈ। ਮੰਡੀ ਨਿਵਾਸੀਆਂ ਦੇ ਮਿਲ ਰਹੇ ਸਹਿਯੋਗ ਸਦਕਾ ਹੀ ਰਾਮ ਬਾਗ 'ਚ ਇੰਟਰਲਾਕਿੰਗ ਟਾਈਲਾਂ ਦਾ ਫਰਸ਼ ਲਗਾਇਆ ਗਿਆ ਹੈ ਤੋਂ ਇਲਾਵਾ ਮੰਡੀ ਦੇ ਦਾਨੀ ਪੁਰਸ਼ ਵੱਲੋਂ ਇੱਕ ਸਬਮਰਸੀਬਲ ਪੰਪ ਨੂੰ ਲਵਾ ਕੇ ਦਿੱਤਾ ਹੈ, ਜਿਸ ਦਾ ਅੱਜ ਰਾਮ ਬਾਗ ਕਮੇਟੀ ਵੱਲੋਂ ਬਟਨ ਦਬਾ ਕੇ ਚਾਲੂ ਕੀਤਾ ਗਿਆ। ਸ਼ੈੱਡ ਦੇ ਨਿਰਮਾਣ ਲਈ ਰਾਧਾ ਐਂਡ ਸੰਨਜ਼ ਚੰਡੀਗੜ੍ਹ ਨੇ 51 ਹਜ਼ਾਰ ਰੁਪੈ ਤੇ ਆਸਾ ਰਾਮ ਮੋਦੀ ਰਾਮ ਤਾਜੋਕੇ ਵਾਲੇ (ਪਾਨੀਪਤ) ਦੇ ਪਰਿਵਾਰ ਨੇ 1 ਲੱਖ 1 ਹਜ਼ਾਰ ਰੁਪੈ ਦਾਨ ਵਜੋਂ ਦਿੱਤਾ ਗਿਆ। ਰਾਮ ਬਾਗ ਕਮੇਟੀ ਨੇ ਦੋਵਾਂ ਪਰਿਵਾਰਾਂ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਹੰਸ ਰਾਜ ਢਿੱਲਵਾਂ, ਹੇਮ ਰਾਜ ਭੂਤ, ਦੀਵਾਨ ਚੰਦ ਮੌੜ, ਸਿਵਜੀ ਰਾਮ ਧੌਲਾ, ਜਗਦੀਸ਼ ਰਾਏ ਘੁੰਨਸ, ਰਾਜ ਕੁਮਾਰ ਮੌੜ, ਸ਼ਾਮ ਲਾਲ ਗਰਗ, ਰਘੂਨਾਥ ਮਿੱਤਲ, ਮਨੋਜ ਸਿੰਗਲਾ, ਡਾ. ਬਾਲ ਚੰਦ ਬਾਂਸਲ, ਅਸ਼ੋਕ ਕੁਮਾਰ ਮਿੱਤਲ, ਕੇਵਲ ਕ੍ਰਿਸ਼ਨ ਮਿੱਤਲ ਆਦਿ ਮੈਂਬਰ ਹਾਜ਼ਰ ਸਨ।

## ਚੈੱਕ ਬਾਊਂਸ ਮਾਮਲੇ 'ਚ ਲੜਕੀ ਬਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੀ ਅਦਾਲਤ ਵੱਲੋਂ ਚੈੱਕ ਬਾਊਂਸ ਦੇ ਮਾਮਲੇ ਵਿੱਚ ਭੁਗਤੀਆਂ ਗਵਾਹੀਆਂ ਨੂੰ ਦੇਖਦੇ ਹੋਏ ਜੁਰਮ ਸਾਬਿਤ ਨਾ ਹੋਣ 'ਤੇ ਇੱਕ ਲੜਕੀ ਨੂੰ ਬਰੀ ਕੀਤਾ ਹੈ। ਮਿਲੀ ਜਾਣਕਾਰੀ ਅਨੁਸਾਰ ਦਾਇਰ ਮਾਮਲੇ ਵਿੱਚ ਪੰਜਾਬ ਗ੍ਰਾਮੀਣ ਬੈਂਕ ਨੇ ਮੈਨੇਜਰ ਰਾਹੀਂ ਦੱਸਿਆ ਕਿ ਮੁਲਜ਼ਮਾਂ ਨੇ ਬੈਂਕ ਪਾਸੋਂ 199000 ਰੁਪਏ ਦਾ ਕਰਜ਼ਾ ਲਿਆ ਸੀ, ਜਿਸ ਦੇ ਬਦਲੇ ਵਿੱਚ ਵਿਆਜ ਪਾ ਕੇ 225000 ਰੁਪਏ ਦਾ ਚੈੱਕ ਜਾਰੀ ਕਰ ਦਿੱਤਾ। ਚੈੱਕ ਲਗਾਉਣ ਉਪਰੰਤ ਚੈੱਕ ਬਾਊਂਸ ਹੋ ਗਿਆ, ਜਿਸ ਸਬੰਧੀ ਦਾਇਰ ਮਾਮਲੇ ਵਿੱਚ ਬਚਾਅ ਧਿਰ ਦੇ ਵਕੀਲ ਵੱਲੋਂ ਅਦਾਲਤ ਸਾਹਮਣੇ ਜਾਰੀ ਚੈੱਕ ਦੀ ਰਕਮ ਬਾਬਤ ਖ਼ੁਲਾਸਾ ਕੀਤਾ ਗਿਆ। ਦੋਵਾਂ ਧਿਰਾਂ ਦੀ ਬਹਿਸ ਸੁਣਨ ਉਪਰੰਤ ਜੁਡੀਸ਼ੀਅਲ ਮੈਜਿਸਟਰੇਟ ਫ਼ਸਟ ਕਲਾਸ ਮੈਡਮ ਨਵਜੀਤ ਪਾਲ ਕੌਰ ਦੀ ਅਦਾਲਤ ਨੇ ਨਾਮਜ਼ਦ ਸਰਬਜੀਤ ਕੌਰ ਪੁੱਤਰੀ ਹਰਬੰਸ ਸਿੰਘ ਵਾਸੀ ਘੱਲ ਖ਼ੁਰਦ ਨੂੰ ਚੈੱਕ ਬਾਊਂਸ ਦੇ ਦੋਸ਼ਾਂ ਵਿੱਚ ਮੁਕਤ ਕਰਦੇ ਹੋਏ ਬਰੀ ਕਰਨ ਦਾ ਹੁਕਮ ਦਿੱਤਾ।

# ਸ੍ਰੀ ਖਾਟੂ ਸ਼ਾਮ ਦੇ ਦਰਸ਼ਨ ਲਈ ਬੱਸ ਰਵਾਨਾ

ਬਾਘਾ ਪੁਰਾਣਾ (ਮਨੀ ਸਿਗਲਾ)-ਸ੍ਰੀ ਸ਼ਿਵ ਮੰਦਿਰ ਕਮੇਟੀ ਦੇ ਪ੍ਰਧਾਨ ਬਲਵਿੰਦਰ ਗਰਗ ਦੀ ਅਗਵਾਈ ਦੇ ਵਿੱਚ ਬਾਘਾ ਪੁਰਾਣਾ ਤੋਂ ਇੱਕ ਭਗਤਾਂ ਦੀ ਬੱਸ ਨੂੰ ਸ੍ਰੀ ਸਾਲਾਸਰ ਧਾਮ, ਸ੍ਰੀ ਖਾਟੂ ਸ਼ਾਮ, ਸ੍ਰੀ ਇੱਛਾਪੂਰਨ ਮੰਦਰ ਦੇ ਦਰਸ਼ਨਾਂ ਲਈ ਰਵਾਨਾ ਕੀਤਾ ਗਿਆ। ਇਸ ਮੌਕੇ ਹਰੀ ਝੰਡੀ ਦੇਣ ਦੀ ਰਸਮ ਸ੍ਰੀ ਰਾਮਲੀਲ੍ਹਾ ਉਤਸਵ ਕਮੇਟੀ ਦੇ ਪ੍ਰਧਾਨ ਰੋਸ਼ਨ ਲਾਲ ਰੋਸ਼ੀ ਤੇ ਅਸ਼ਵਨੀ ਸ਼ਰਮਾ ਵੱਲੋਂ ਕੀਤੀ ਗਈ। ਇਸ ਮੌਕੇ ਮਨੋਜ ਕੁਮਾਰ, ਰਾਮਾ ਬਾਬਾ ਨੇ ਦੱਸਿਆ ਕਿ ਭਗਤਾਂ ਲਈ ਖਾਣੇ, ਚਾਹ, ਪਾਣੀ ਤੇ ਬੱਚਿਆਂ ਲਈ ਦੁੱਧ ਦਾ ਪੂਰਾ ਪ੍ਰੰਬਧ ਕੀਤਾ ਗਿਆ।


## ਉਤਰ ਰੇਲਵੇ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ | G20

**ਭੰਡਾਰ ਦੀ ਸਪਲਾਈ ਲਈ ਨਿਵਿਦਾ ਮੰਗ**

**ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ**

ਟੈਂਡਰ ਨੋਟਿਸ ਨੰ.:-01/2023-2024/ਸ਼ੁਧੀਪੱਤਰ ਮਿਤੀ 03.04.2023

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਪ੍ਰਮੁੱਖ ਸਮਗਰੀ ਪ੍ਰਬੰਧਕ/ ਉਤਰ ਰੇਲਵੇ /ਭੰਡਾਰ ਡਿਪੋ/ਯੰਤਰਿਕ ਕਾਰਖਾਨਾ/ ਅੰਮ੍ਰਿਤਸਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

| ਲ. ਨੰ. | ਨਿਵਿਦਾ ਨੰ. | ਮਾਲ ਦਾ ਵੇਰਵਾ | ਮਾਤਰਾ | ਨਿਵਿਦਾ ਖੁਲਣ ਦੀ ਮਿਤੀ |
|---|---|---|---|---|
| 1. | 62235025 | Slack Adjuster complete for BOXNHL wagon, type IRSA-750 to RDSO DRG NO: WD-93061-S-01 ALT-1, Item no 01 to 48. RDSO Spec no. 19-ABR-07 Amendment no. 3 of Sept 2016. | 465 Nos | 26/04/2023 |
| ਸ਼ੁਧੀਪੱਤਰ | | Special Condition of TPI is attached with the NIT | | |

**ਨਿਵਿਦਾ ਸ਼ਰਤਾਂ:-** IREPS ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। ਸਾਰੇ ਇੱਛੁਕ ਵਿਕ੍ਰੇਤਾਵਾਂ ਨੂੰ ਈ-ਨਿਵਿਦਾ ਵਿਚ ਭਾਗ ਲੈਣ ਅਤੇ ਰਜਿਸਟਰੇਸ਼ਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਏਜੰਸੀ ਤੋਂ ਕਲਾਸ-III ਡਿਜਿਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੈ) ਕਰਨਾ ਹੋਵੇਗਾ। ਹੱਥ ਨਾਲ ਲਿਖੇ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ।

1006/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਮਾਤਾ ਸੁਰਜੀਤ ਕੌਰ ਨੂੰ ਅੰਤਮ ਅਰਦਾਸ ਮੌਕੇ ਵੱਖ-ਵੱਖ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀ





**ਛਾਜਲੀ (ਪੱਤਰ ਪ੍ਰੇਰਕ)**-ਉੱਘੇ ਪੱਤਰਕਾਰ ਜਸਵੀਰ ਲਾਡੀ ਦੀ ਮਾਤਾ ਸੁਰਜੀਤ ਕੌਰ ਬੀਤੇ ਦਿਨੀਂ ਇਸ ਫਾਨੀ ਦੁਨੀਆ ਤੋਂ ਸੰਖੇਪ ਬਿਮਾਰੀ ਕਾਰਨ ਅਲਵਿਦਾ ਆਖ ਗਏ ਸਨ, ਜਿਨ੍ਹਾਂ ਦੀ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸੰਗਤਸਰ ਸਾਹਿਬ ਵਿਖੇ ਹੋਈ। ਉਨ੍ਹਾਂ ਦੀ ਅੰਤਿਮ ਅਰਦਾਸ ਤੇ ਲੋਕ ਸੰਗੀਤ ਮੰਡਲੀ ਛਾਜਲੀ ਦੇ ਸਮੂਹ ਕਲਾਕਾਰ ਨੇ ਸ਼ਮੂਲੀਅਤ ਕੀਤੀ ਤੇ ਇਸ ਤੋਂ ਇਲਾਵਾ ਸਤਨਾਮ ਸਿੰਘ ਨੰਬਰਦਾਰ, ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਦੇ ਅਹੁਦੇਦਾਰਾਂ ਤੋਂ ਸ਼ੋਕ ਪੱਤਰ ਲਿਖ ਕੇ ਭੇਜਿਆ ਗਿਆ। ਲਾਭ ਸਿੰਘ ਛਾਜਲਾ, ਵੱਡਾ ਡੇਰਾ ਛਾਜਲੀ ਦੇ ਮਹੰਤ ਅਮ੍ਰਿਤ ਬਣ, ਮੀਡੀਆ ਸੈਂਟਰ ਛਾਜਲੀ ਪੱਤਰਕਾਰ ਕੁਲਦੀਪ ਸ਼ਰਮਾ, ਹਰਬੰਸ ਛਾਜਲੀ ਪੱਤਰਕਾਰ, ਸਰਪੰਚ ਇੰਦਰਜੀਤ ਸਿੰਘ ਬਾਵਾ ਧਾਲੀਵਾਲ, ਹਰਵਿੰਦਰ ਸਿੰਘ ਮੰਡੇਰ ਆਪ ਆਗੂ, ਗੁਰਮੀਤ ਸਿੰਘ ਜੌਹਲ ਮੀਡੀਆ ਇੰਚਾਰਜ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਅਜਾਦ ਪ੍ਰੈੱਸ ਕਲੱਬ ਦਿੜ੍ਹਬਾ, ਡੀ. ਏ. ਸਕੂਲ ਲਹਿਰਾਗਾਗਾ ਵੱਲੋਂ ਸ਼ੋਕ ਸਮਾਚਾਰ ਪੱਤਰ ਭੇਜ ਕੇ ਦੁੱਖ ਪ੍ਰਗਟ ਕੀਤਾ, ਅਨੁਰੋਧ ਕੌਸ਼ਲ ਪੰਜਾਬ ਹਰਿਆਣਾ ਹਾਈਕੋਰਟ ਦੇ ਵਕੀਲ ਸੋਕ ਸਮਾਚਾਰ ਪੱਤਰ ਭੇਜ ਕੇ ਦੁੱਖ ਪ੍ਰਗਟ ਕੀਤਾ, ਮਾਸਟਰ ਜਸਵਿੰਦਰ ਸਿੰਘ, ਲਿਬਰੇਸ਼ਨ ਆਗੂ ਕਾਮਰੇਡ ਗੋਬਿੰਦ ਸਿੰਘ ਛਾਜਲੀ, ਭਾਰਤ ਭੂਸ਼ਣ ਵਿੱਕੂ ਸੁਨਾਮ, ਜਥੇਦਾਰ ਭਰਭੂਰ ਸਿੰਘ, ਪੱਤਰਕਾਰ ਜਗਦੀਸ਼ ਪਾਪੜਾ, ਐਡਵੋਕੇਟ ਸੰਪੂਰਨ ਸਿੰਘ ਛਾਜਲੀ, ਗੁਰਸੇਵ ਛਾਜਲੀ, ਲੋਕ ਸੰਗੀਤ ਮੰਡਲੀ ਛਾਜਲੀ ਵੱਲੋਂ ਸਾਬਕਾ ਪ੍ਰਿੰਸੀਪਲ ਦੇਸ਼ ਰਾਜ ਛਾਜਲੀ, ਕਾਂਗਰਸ ਦੇ ਬਲਾਕ ਪ੍ਰਧਾਨ ਗੁਰਮੇਲ ਸਿੰਘ ਪੂਨੀਆ, ਇੰਜੀਨੀਅਰ ਦਵਿੰਦਰ ਸਿੰਘ ਸੁਨਾਮ, ਜਗਦੇਵ ਸਿੰਘ ਗਾਗਾ, ਹਾਕਮ ਸਿੰਘ ਮਠਾੜੂ, ਕਾਮਰੇਡ ਲਛਮਣ ਸਿੰਘ ਅਲੀਸ਼ੇਰ, ਨਾਮਦੇਵ ਭੁਟਾਲ, ਨੰਬਰਦਾਰ ਰਣ ਸਿੰਘ ਮਹਿਲਾਂ, ਮਹਿੰਦਰ ਸਿੰਘ (ਐੱਲ. ਆਈ. ਸੀ.) ਨੇ ਅੰਤਿਮ ਅਰਦਾਸ ਮੌਕੇ ਸ਼ਮੂਲੀਅਤ ਕਰਕੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ। ਮਾਸਟਰ ਦੇਸ ਰਾਜ ਨੇ ਪਹੁੰਚੀਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ।

## ਅੱਖਾਂ ਦਾ ਮੁਫਤ ਕੈਂਪ ਭਲਕੇ

**ਦੋਰਾਹਾ (ਹਰਮਿੰਦਰ ਸੇਠ)**-ਦਸਮੇਸ਼ ਚੈਰੀਟੇਬਲ ਹਸਪਤਾਲ ਦੋਰਾਹਾ ਵਿਖੇ ਸਪੋਰਟ ਕਿੰਗ ਪ੍ਰਾਈਵੇਟ ਇੰਡੀਆ ਲਿਮਟਿਡ ਦੇ ਸਹਿਯੋਗ ਨਾਲ ਹਸਪਤਾਲ ਦੇ ਪ੍ਰਬੰਧਕਾਂ ਤੇ ਸਟਾਫ ਵੱਲੋਂ ਅੱਖਾਂ ਦਾ ਮੁਫਤ ਮੈਡੀਕਲ ਕੈਂਪ 5 ਅਪ੍ਰੈਲ ਨੂੰ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹਸਪਤਾਲ ਦੇ ਮੁੱਖ ਪ੍ਰਬੰਧਕ ਤੇ ਸਮਾਜ ਸੇਵੀ ਇੰਦਰਜੀਤ ਸਿੰਘ (ਕਾਲਾ ਪ੍ਰਧਾਨ), ਦਲਜੀਤ ਸਿੰਘ ਤੇ ਰਜਿੰਦਰ ਸਿੰਘ ਸੇਠੀ ਨੇ ਦੱਸਿਆ ਕਿ ਕੈਂਪ ਵਿੱਚ ਲੋੜਵੰਦ ਮਰੀਜ਼ਾਂ ਦਾ ਮੁਫਤ ਅੱਖਾਂ ਦਾ ਅਪ੍ਰੇਸ਼ਨ ਕੀਤਾ ਜਾਵੇਗਾ। ਮਰੀਜ਼ਾਂ ਨੂੰ ਐਨਕਾਂ ਤੇ ਦਵਾਈਆਂ ਵੀ ਮੁਫਤ ਦਿੱਤੀਆਂ ਜਾਣਗੀਆਂ। ਇਸ ਮੌਕੇ ਭੁਪਿੰਦਰ ਸਿੰਘ ਓਬਰਾਏ, ਰਵਿੰਦਰ ਸਿੰਘ ਸਾਹ, ਜਸਵੀਰ ਸਿੰਘ ਸਾਹ, ਫੁਲਦੀਪ ਸਿੰਘ ਜੱਗੀ, ਹਰਸੇਵਕ ਸਿੰਘ, ਪ੍ਰਿਤਪਾਲ ਸਿੰਘ ਸਾਹ, ਗੁਰਚਰਨ ਸਿੰਘ, ਤਰਲੋਚਨ ਸਿੰਘ, ਆਗਿਆਪਾਲ ਸਿੰਘ, ਤੇਜਵੀਰ ਸਿੰਘ, ਈਸਵਰ ਸਿੰਘ, ਹਰਭਜਨ ਸਿੰਘ, ਬਿਨਵੰਤ ਸਿੰਘ, ਜਸਪਾਲ ਸਿੰਘ, ਮਲਵਿੰਦਰ ਸਿੰਘ ਹੈਪੀ ਹਾਜ਼ਰ ਸਨ।


## ਉਤਰ ਰੇਲਵੇ

G20 | ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਸੂਚਨਾ**

ਸੀਨੀਅਰ ਮੰਡਲ ਵਾਣਿਜ ਪ੍ਰਬੰਧਕ ਉਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਫਿਰੋਜਪੁਰ ਮੰਡਲ ਦੇ ਸਾਰੇ ਰੇਲਵੇ ਸਟੇਸ਼ਨਾਂ ਉਤੇ **ਵਨ ਸਟੇਸ਼ਨ ਵਨ ਪ੍ਰੋਡਕਟ** ਯੋਜਨਾ ਦੇ ਤਹਿਤ ਸਟਾਲ/ਕਿਯੋਸਕ ਸਥਾਪਿਤ ਕਰਨ ਦੇ ਲਈ ਦਰਖਾਸਤ ਦੀ ਮੰਗ ਕਰਦਾ ਹੈ। OSOP ਸਟਾਲਸ **ਮਿਤੀ 09.04.2023** ਤੋਂ ਸ਼ੁਰੂ ਹੋਣਗੇ। ਨਿਯਮ ਅਤੇ ਸ਼ਰਤਾਂ ਇਸ ਪ੍ਰਕਾਰ ਹਨ: 1. ਸਟਾਲ/ਕਿਯੋਸਕ ਸਥਾਪਿਤ ਕਰਨ ਦੀ ਅਵਧੀ 15 ਦਿਨ ਹੋਵੇਗੀ। 2. ਆਵੇਦਕਾਂ ਦੁਆਰਾ ਜਮ੍ਹਾ ਕੀਤੇ ਜਾਣ ਵਾਲੇ ਟੋਕਨ ਸ਼ੁਲਕ ਦਾ ਵੇਰਵਾ ਹੇਠਾਂ ਅਨੁਸਾਰ ਹੈ:

| ਲ. ਨੰ. | ਸ਼੍ਰੇਣੀ | 15 ਦਿਨਾਂ ਦੇ ਲਈ ਕੁਲ ਟੋਕਨ ਸ਼ੁਲਕ (ਰੁ. ਵਿਚ) |
|---|---|---|
| 1. | ਐਨਐਸਜੀ-1 ਤੋਂ ਐਨਐਸਜੀ-4 ਸਟੇਸ਼ਨਾਂ ਦੇ ਲਈ | 1000/- |
| 2. | ਐਨਐਸਜੀ-5 ਤੋਂ ਐਨਐਸਜੀ-6 ਸਟੇਸ਼ਨਾਂ ਦੇ ਲਈ | 500/- |

ਉਪਰੋਕਤ ਸਾਰੇ ਸ਼ੁਲਕ ਜੀਐਸਟੀ ਸਮੇਤ ਹਨ। 3. ਪ੍ਰਦਸ਼ਿਤ/ਵੇਚੇ ਜਾਣ ਵਾਲੇ ਉਤਪਾਦ ਹੇਠਾਂ ਅਨੁਸਾਰ ਹਨ: (i) ਹਸਤਸ਼ਿਲਪ/ਕਲਾਕ੍ਰਿਤੀਆਂ (ii) ਕਪੜਾ ਅਤੇ ਹਥਕਰਘਾ (iii) ਪਾਰੰਪਰਿਕ ਵਸਤਰ (iv) ਸਥਾਨਕ ਕ੍ਰਿਸ਼ੀ ਉਤਪਾਦ/ਪ੍ਰਸੰਸਕ੍ਰਿਤ/ਅਰਧ ਪ੍ਰਸੰਸਕ੍ਰਿਤ ਖਾਧ ਪਦਾਰਥ। 4. OSOP ਵਿਚ ਪ੍ਰਤੀਭਾਗੀਆਂ ਦੀ ਚੋਣ ਇਸ ਗਲ ਨੂੰ ਵਿਚਾਰ ਕਰਕੇ ਕੀਤਾ ਜਾ ਸਕਦਾ ਹੈ ਕਿ ਇਸ ਯੋਜਨਾ ਦਾ ਲਾਭ ਹਾਸ਼ੀਏ ਦੇ ਵਰਗਾਂ ਤਕ ਪਹੁੰਚਣਾ ਚਾਹੀਦਾ, ਯਾਨੀ ਪਿਰਾਮਿਡ ਦੇ ਹੇਠਲੇ ਭਾਗ ਵਿਚ ਰਹਿਣ ਵਾਲੇ ਵਿਅਕਤੀ। ਹੇਠਾਂ ਲਿਖਤ ਨੂੰ ਪਹਿਲ ਦਿਤੀ ਜਾਵੇਗੀ:- (ਏ) ਵਿਕਾਸ ਕਮਿਸ਼ਨਰ ਹਸਤਸ਼ਿਲਪ, ਵਿਕਾਸ ਕਮਿਸ਼ਨਰ ਹਥਕਰਘਾ ਜਾਂ ਅਪੇਖਿਅਤ ਰਾਜ/ ਕੇਂਦਰ ਸਰਕਾਰ ਪ੍ਰਾਧੀਕਰਨ ਦੁਆਰਾ ਜਾਰੀ ਕਾਰੀਗਰ/ਬੁਣਕਰ ਆਈਡੀ ਹੋਲਡਰ। (ਬੀ) ਭਾਰਤੀਯ ਜਨਜਾਤੀ ਸਹਕਾਰੀ ਵਿਪਣਨ ਵਿਕਾਸ ਸੰਘ ਲਿਮਟਿਡ (ਟ੍ਰਾਈਫੇਡ)/ਰਾਸ਼ਟਰੀ ਹਥਕਰਘਾ ਵਿਕਾਸ ਨਿਗਮ (ਐਨਐਚਡੀਸੀ)/ਖਾਦੀ ਅਤੇ ਗ੍ਰਾਮਉਦਯੋਗ ਆਯੋਗ (ਕੇਵੀਆਈਸੀ) ਆਦਿ ਦੇ ਨਾਲ ਨਾਮਾਂਕਿਤ/ਪੰਜੀਕ੍ਰਿਤ ਵਿਅਕਤੀਗਤ ਕਾਰੀਗਰ/ਬੁਣਕਰ/ਸ਼ਿਲਪਕਾਰ। (ਸੀ) ਪੀਐਮਈਜੀਪੀ (ਪ੍ਰਧਾਨ ਮੰਤਰੀ ਰੋਜ਼ਗਾਰ ਸਿਰਜਨ ਪ੍ਰੋਗਰਾਮ) ਦੇ ਨਾਲ ਰਜਿਸਟਰਡ ਸਵੈ ਸਹਾਇਤਾ ਸਮੂਹ। (ਡੀ) ਸਮਾਜ ਦੇ ਹਾਸ਼ੀਏ ਤੇ ਜਾਂ ਕਮਜ਼ੋਰ ਵਰਗ। 5. ਆਵੇਦਕ ਨੂੰ ਸਟੇਸ਼ਨ ਸੁਪਰਟੈਂਡੈਂਟ ਨੂੰ ਇਕ ਵਚਨ ਪੱਤਰ ਪੇਸ਼ ਕਰਨਾ ਹੋਵੇਗਾ ਜਿਸ ਵਿਚ ਇਹ ਦਰਸਾਇਆ ਗਿਆ ਹੋਵੇ ਕਿ ਟ੍ਰੇਨ ਸੰਚਾਲਨ, ਯਾਤਰੀ ਸੁਰੱਖਿਆ ਅਤੇ ਰੇਲਵੇ ਦੀ ਛਵੀ ਤੇ ਪ੍ਰਤੀਕੂਲ ਪ੍ਰਭਾਵ ਪਾਉਣ ਦੇ ਲਈ ਕੋਈ ਗਤੀਵਿਧੀ ਨਹੀਂ ਕੀਤੀ ਜਾਵੇਗੀ। 6. ਆਵੇਦਨ ਨੂੰ ਸੰਬੋਧਿਤ ਕੀਤਾ ਜਾਣਾ ਚਾਹੀਦਾ ਅਤੇ ਆਵੇਦਕ ਦੁਆਰਾ ਸਟੇਸ਼ਨ ਤੇ ਸਟੇਸ਼ਨ ਸੁਪਰਟੈਂਡੈਂਟ ਨੂੰ ਜਮ੍ਹਾ ਕੀਤਾ ਜਾ ਸਕਦਾ ਹੈ। 7. ਸਟੇਸ਼ਨ ਸੁਪਰਟੈਂਡੈਂਟ ਸਾਰੇ ਅਨੁਮੋਦਿਤ ਪ੍ਰਤੀਭਾਗੀਆਂ ਦਾ ਪਹਿਲ ਰੋਸਟਰ ਬਣਾਉਣਗੇ ਅਤੇ ਸਟੇਸ਼ਨ ਪ੍ਰਬੰਧਕ/ ਅਨੁਭਾਗੀ ਸੀਐਮਆਈ ਦੁਆਰਾ ਸਾਰੇ ਅਨੁਮੋਦਿਤ ਆਵੇਦਕਾਂ ਦੀ ਮੌਜੂਦਗੀ ਵਿਚ ਸਟੇਸ਼ਨ ਤੇ ਆਯੋਜਿਤ ਡ੍ਰਾ ਦੇ ਮਾਧਿਅਮ ਨਾਲ ਪਹਿਲ ਸਥਾਪਿਤ ਕੀਤੀ ਜਾਏਗੀ। 8. ਇਸ ਯੋਜਨਾ ਦੇ ਲਈ ਸਟੇਸ਼ਨ ਤੇ ਜਗ੍ਹਾ ਅਤੇ ਬੁਨਿਆਦੀ ਢਾਂਚਾ ਉਪਲਬਧ ਕਰਾਇਆ ਜਾਵੇਗਾ। 9. ਕਿਸੇ ਵੀ ਪ੍ਰਸ਼ਨ ਦੇ ਲਈ ਆਵੇਦਕ ਸੰਬੰਧਿਤ ਸਟੇਸ਼ਨਾਂ ਦੇ ਸਟੇਸ਼ਨ ਸੁਪਰਟੈਂਡੈਂਟ ਜਾਂ ਸੀਐਮਆਈ ਨਾਲ ਸੰਪਰਕ ਕਰ ਸਕਦੇ ਹਨ।

1007/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਸੂਬੇ ਦੇ ਵਿਗੜ ਰਹੇ ਹਾਲਾਤ 'ਤੇ ਸਰਕਾਰ ਜਲਦ ਕਾਬੂ ਪਾਏ : ਸਿੰਗਲਾ, ਵਡੇਰਾ



**ਸਮਰਾਲਾ (ਸੁਰਜੀਤ ਸਿੰਘ)**
ਅੱਜ ਦੇ ਪੰਜਾਬ ਦੇ ਹਾਲਾਤ ਨੇ ਮੁੜ 1984 ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ, ਹਿੰਦੂਆਂ-ਸਿੱਖਾਂ ਵਿੱਚ ਪਾੜਾ ਪਾਉਣ ਲਈ ਹਰੇਕ ਤਰ੍ਹਾਂ ਦੇ ਹੱਥਕੰਡੇ ਅਪਣਾਏ ਜਾ ਰਹੇ ਤੇ ਰਾਜਨੀਤਕ ਲੋਕ ਆਪਣੀਆਂ ਰੋਟੀਆਂ ਸੇਕ ਰਹੇ ਹਨ, ਆਮ ਲੋਕ ਇਸ ਦਾ ਖਮਿਆਜ਼ਾ ਭੁਗਤ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਿੰਦੂ ਸ਼ਿਵ ਸੈਨਾ ਪੰਜਾਬ ਦੇ ਪ੍ਰਧਾਨ ਹਰੀਸ਼ ਸਿੰਗਲਾ ਨੇ ਰਮਨ ਵਡੇਰਾ ਪ੍ਰਧਾਨ ਸ਼ਿਵ ਸੈਨਾ ਯੂਥ ਵਿੰਗ ਪੰਜਾਬ ਦੇ ਗ੍ਰਹਿ ਵਿਖੇ ਪ੍ਰੈੱਸ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਹਿੰਦੂਆਂ ਸਿੱਖਾਂ ਦਾ ਨਹੁੰ-ਮਾਸ ਦਾ ਰਿਸ਼ਤਾ ਹੈ, ਇਹ ਕਦੇ ਵੱਖ ਨਹੀਂ ਹੋ ਸਕਦੇ। ਆਮ ਲੋਕੀਂ ਹੁਣ ਸਮਝਦਾਰ ਹੋ ਗਏ ਹਨ, ਇਨ੍ਹਾਂ ਫੁੱਟ ਪਾਊ ਅਨਸਰਾਂ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਹਨ। ਉਨ੍ਹਾਂ ਪੰਜਾਬ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਉਹ ਪੰਜਾਬ ਨੂੰ ਪਹਿਲਾਂ ਵਾਲੀ ਭੱਠੀ ਵਿੱਚ ਨਾ ਝੋਕਣ, ਪੰਜਾਬ ਦੇ ਆਮ ਲੋਕ ਪਹਿਲਾਂ ਹੀ ਬਹੁਤ ਸੰਤਾਪ ਭੋਗ ਚੁੱਕੇ ਹਨ। ਸਮਾਂ ਰਹਿੰਦੇ ਹੀ ਸਮਾਜ ਵਿਰੋਧੀ ਤੱਤਾਂ ਨੂੰ ਕਾਬੂ ਕਰਕੇ ਪੰਜਾਬ ਦੇ ਹਾਲਾਤ ਸੁਖਾਵੇਂ ਬਣਾਉਣੇ ਚਾਹੀਦੇ ਹਨ। ਇਸ ਮੌਕੇ ਅਸ਼ਵਨੀ ਅਰੋੜਾ ਕਾਰਜਕਾਰੀ ਪ੍ਰਧਾਨ ਪੰਜਾਬ, ਮਹਿੰਦਰ ਸਿੰਘ ਤਿਵਾੜੀ ਜ਼ਿਲ੍ਹਾ ਉੱਪ ਪ੍ਰਧਾਨ, ਲਹੌਰੀ ਸਿੰਘ ਪੰਜਾਬ ਉੱਪ ਪ੍ਰਧਾਨ, ਰਾਜਿੰਦਰ ਸ਼ਰਮਾ ਸੰਗਠਨ ਮੰਤਰੀ ਪੰਜਾਬ, ਮਿੰਕੂ ਚੌਧਰ ਵਾਈਸ ਪ੍ਰਧਾਨ ਪੰਜਾਬ, ਸੁਖਦੇਵ ਸੰਧੂ ਪੰਜਾਬ ਕਾਰਜਕਾਰੀ ਪ੍ਰਧਾਨ ਨੇ ਵੀ ਪੰਜਾਬ ਦੇ ਵਿਗੜਦੇ ਹਾਲਾਤਾਂ 'ਤੇ ਚਿੰਤਾ ਪ੍ਰਗਟ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿੱਕੀ ਵਡੇਰਾ, ਨੀਰਜ ਸਿਹਾਲਾ, ਸੁੱਖਾ ਢਿੱਲੋਂ, ਪਵਨ ਸਹੋਤਾ, ਰਿੰਕੂ ਥਾਪਰ, ਮੁਕੇਸ਼, ਮਮਤਾ ਛਾਬੜਾ, ਹਰਪ੍ਰੀਤ ਕੌਰ, ਪਿੰਕੀ, ਇੰਦਰੇਸ਼ ਜੈਦਕਾ ਸੀਨੀ: ਮੀਤ ਪ੍ਰਧਾਨ ਪੰਜਾਬ ਆਦਿ ਤੋਂ ਇਲਾਵਾ ਸਮਰਾਲਾ ਇਲਾਕੇ ਦੇ ਸ਼ਿਵ ਸੈਨਾ ਦੇ ਵਰਕਰ ਹਾਜ਼ਰ ਸਨ।

# ਸੀਨੀਅਰ ਫਾਰਮੇਸੀ ਅਫਸਰ ਰਾਜ ਕੁਮਾਰ ਕਾਲੜਾ ਨੂੰ ਨਿੱਘੀ ਵਿਦਾਇਗੀ



**ਮੋਗਾ (ਅਮਰਜੀਤ ਬੱਬਰੀ)**-ਸਿਹਤ ਵਿਭਾਗ ਵਿੱਚ 36 ਸਾਲ 2 ਮਹੀਨੇ ਦੀਆਂ ਬੇਦਾਗ ਸੇਵਾਵਾਂ ਉਪਰੰਤ ਸ਼੍ਰੀ ਰਾਜ ਕੁਮਾਰ ਕਾਲੜਾ ਸੀ ਐੱਚ ਸੀ ਢੁੱਡੀਕੇ ਜ਼ਿਲ੍ਹਾ ਮੋਗਾ ਤੋਂ ਸੀਨੀਅਰ ਫਾਰਮੇਸੀ ਅਫਸਰ ਦੇ ਅਹੁਦੇ ਤੋਂ ਰਿਟਾਇਰ ਹੋ ਗਏ ਹਨ। ਉਨ੍ਹਾਂ ਦੇ ਸਨਮਾਨ ਵਿੱਚ ਸੀ ਐੱਚ ਸੀ ਢੁੱਡੀਕੇ ਵਿਖੇ ਰੱਖਿਆ ਗਿਆ ਸਮਾਗਮ ਯਾਦਗਾਰੀ ਹੋ ਨਿੱਬੜਿਆ, ਜਿਸ ਵਿੱਚ ਪੰਜਾਬ ਭਰ ਦੇ ਮੁਲਾਜ਼ਮ ਆਗੂ, ਨੇੜੇ ਤੇੜੇ ਪਿੰਡਾਂ ਦੇ ਪੰਚ ਸਰਪੰਚ, ਸਮਾਜਿਕ ਤੇ ਰਾਜਨੀਤਕ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮੈਡੀਕਲ ਤੇ ਪੈਰਾ-ਮੈਡੀਕਲ ਕਰਮਚਾਰੀਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਤਾਲਮੇਲ ਕਮੇਟੀ ਪੈਰਾ-ਮੈਡੀਕਲ ਤੇ ਸਿਹਤ ਕਰਮਚਾਰੀ ਪੰਜਾਬ ਦੇ ਕਨਵੀਨਰ ਰਵਿੰਦਰ ਲੂਥਰਾ, ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਕੁਲਬੀਰ ਸਿੰਘ ਢਿੱਲੋਂ, ਪਿੰਡ ਢੁੱਡੀਕੇ ਦੇ ਸਾਬਕਾ ਸਰਪੰਚ ਜਸਦੀਪ ਗੈਰੀ ਤੇ ਜਗਤਾਰ ਸਿੰਘ ਧਾਲੀਵਾਲ, ਲਾਲਾ ਲਾਜਪਤ ਰਾਏ ਮੈਮੋਰੀਅਲ ਕਮੇਟੀ ਤੋਂ ਰਣਜੀਤ ਸਿੰਘ ਧੁੰਨਾ, ਜਗਜੀਵਨ ਸਿੰਘ, ਲੈਕਚਰਾਰ ਰਾਜ ਜੰਗ ਸਿੰਘ, ਸਾਬਕਾ ਮੁਲਾਜ਼ਮ ਆਗੂ ਜਗਮੋਹਨ ਸਿੰਘ ਢੁੱਡੀਕੇ, ਮਾ. ਗੁਰਚਰਨ ਢੁੱਡੀਕੇ, ਮੁਲਾਜ਼ਮ ਆਗੂ ਮਹਿੰਦਰ ਪਾਲ ਲੂੰਬਾ ਮੋਗਾ, ਸ਼ਾਮ ਲਾਲ, ਰਮਨ ਅੱਤਰੀ, ਸੱਤਪਾਲ ਸਿੰਘ ਫਿਰੋਜ਼ਪੁਰ, ਜਰਨੈਲ ਸਿੰਘ ਬਰਨਾਲਾ, ਗੁਰਪ੍ਰੀਤ ਸ਼ਹਿਣਾ, ਜਰਨੈਲ ਸਿੰਘ ਮੁਹਾਲੀ, ਗੁਰਜੰਟ ਸਿੰਘ ਮਾਹਲਾ, ਜੋਗਿੰਦਰ ਸਿੰਘ ਮਾਹਲਾ, ਦਵਿੰਦਰ ਸਿੰਘ ਤੂਰ, ਰਮਨਜੀਤ ਭੁੱਲਰ, ਮਨਦੀਪ ਸਿੰਘ ਭਿੰਡਰ, ਜਗਰੂਪ ਸਿੰਘ ਢੁੱਡੀਕੇ, ਪੈਨਸ਼ਨਰ ਆਗੂ ਨਾਇਬ ਸਿੰਘ, ਚਮਕੌਰ ਸਿੰਘ ਸਰਾਂ, ਐੱਸ ਐੱਮ ਓ ਡਾ. ਸੁਰਿੰਦਰ ਸਿੰਘ ਝੰਮਟ, ਡਾ. ਨੀਲਮ ਭਾਟੀਆ, ਡਾ. ਇੰਦਰਵੀਰ ਸਿੰਘ, ਡਿਪਟੀ ਡਾਇਰੈਕਟਰ ਡਾ. ਸ਼ਿੰਗਾਰਾ ਸਿੰਘ, ਡਾ. ਸਾਕਸ਼ੀ ਬਾਂਸਲ, ਡਾ. ਸਤਵੰਤ ਬਾਵਾ, ਡਾ. ਵਰੁਨ, ਡਾ. ਸਿਮਰਪਾਲ ਸਿੰਘ, ਲਛਮਣ ਸਿੰਘ ਭੋਲਾ ਤੇ ਅਵਤਾਰ ਸਿੰਘ ਸਮੇਤ ਅਣਗਿਣਤ ਆਗੂਆਂ ਨੇ ਰਾਜ ਕੁਮਾਰ ਕਾਲੜਾ ਦੀ ਸ਼ਖਸੀਅਤ ਬਾਰੇ ਬੋਲਦਿਆਂ ਉਨ੍ਹਾਂ ਨੂੰ ਫਰਜ਼ਾਂ ਨੂੰ ਨਿਭਾਉਣ ਤੇ ਹੱਕਾਂ ਖਾਤਰ ਲੜਨ ਵਾਲਾ ਅਣਥੱਕ ਯੋਧਾ ਕਰਾਰ ਦਿੰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਸਭ ਨੂੰ ਰਾਜ ਕੁਮਾਰ ਵਾਂਗ ਜ਼ਿੰਮੇਵਾਰ ਬਣਨਾ ਪਵੇਗਾ। ਬੁਲਾਰਿਆਂ ਨੇ ਰਾਜ ਕੁਮਾਰ, ਉਨ੍ਹਾਂ ਦੀ ਧਰਮ ਪਤਨੀ, ਮਾਤਾ ਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਬੇਦਾਗ ਸੇਵਾ ਉਪਰੰਤ ਵਿਦਾਇਗੀ ਲਈ ਉਨ੍ਹਾਂ ਨੂੰ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਦੀ ਖੁਸ਼ਹਾਲ, ਲੰਬੀ ਤੇ ਤੰਦਰੁਸਤ ਜ਼ਿੰਦਗੀ ਦੀ ਕਾਮਨਾ ਕੀਤੀ। ਸੀ ਐੱਚ ਸੀ ਢੁੱਡੀਕੇ ਦੇ ਸਮੂਹ ਪੈਰਾਮੈਡੀਕਲ ਕਰਮਚਾਰੀਆਂ ਵੱਲੋਂ ਉਨ੍ਹਾਂ ਨੂੰ ਅੰਗੂਠੀ ਪਹਿਨਾਈ ਗਈ ਤੇ ਤੋਹਫੇ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਉਕਤ ਤੋਂ ਇਲਾਵਾ ਫਾਰਮੇਸੀ ਅਫਸਰ ਵਿਸ਼ਵ ਪ੍ਰਭਜੋਤ, ਗੁਰਮੀਤ ਸਿੰਘ, ਸ਼ਿਵ ਲਾਲ, ਰਣਜੀਤ ਸਿੰਘ ਸਿੱਧੂ, ਸ਼ਕਰਨਜੀਤ ਕੌਰ, ਦਵਿੰਦਰ ਸਿੰਘ, ਸੁਰਿੰਦਰ ਲਾਡੀ, ਜਸਪਾਲ ਕੌਰ, ਉਨ੍ਹਾਂ ਦੇ ਪਰਿਵਾਰਕ ਮੈਂਬਰ, ਦੋਸਤ, ਮਿੱਤਰ ਤੇ ਮੁਲਾਜ਼ਮ ਵੱਡੀ ਗਿਣਤੀ 'ਚ ਹਾਜ਼ਰ ਸਨ।

# ਪਿੰਡ ਵਾਸੀਆਂ ਨੇ ਡਿਪਟੀ ਸਪੀਕਰ ਖਿਲਾਫ਼ ਕੀਤੀ ਜ਼ੋਰਦਾਰ ਨਾਅਰੇਬਾਜ਼ੀ



**ਮਾਹਿਲਪੁਰ (ਸਫਰੀ)**

ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਦੇ ਦਫਤਰ ਵੱਲੋਂ ਖੇਤਰ ਦੇ ਨੀਮ ਪਹਾੜੀ ਪਿੰਡ ਭਵਾਨੀਪੁਰ ਬੀਤ ਦੇ ਗੰਦੇ ਪਾਣੀ ਦੀ ਖੇਤਾਂ ਵੱਲ ਨਿਕਾਸੀ ਕਰਨ ਦੇ ਵਿਰੋਧ ਵਿੱਚ ਪ੍ਰਭਾਵਿਤ ਪਿੰਡ ਵਾਸੀਆਂ ਵੱਲੋਂ ਭਾਰੀ ਰੋਸ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਪਿੰਡ ਵਾਸੀਆਂ ਵੱਲੋਂ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕਿਸ਼ਨ ਸਿੰਘ ਰੌੜੀ ਖਿਲਾਫ਼ ਭਾਰੀ ਨਾਅਰੇਬਾਜ਼ੀ ਕੀਤੀ ਗਈ ਅਤੇ ਪਿੰਡ ਦੇ ਮਸਲਿਆਂ ਨੂੰ ਆਪਣੀ ਸਿਆਸੀ ਤਾਕਤ ਨਾਲ ਉਲਝਾਉਣ ਦਾ ਦੋਸ਼ ਲਾਇਆ ਗਿਆ। ਪਿੰਡ ਦੇ ਨੰਬਰਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਦਾ ਗੰਦਾ ਪਾਣੀ ਆਰੰਭ ਤੋਂ ਹੀ ਪਿੰਡ ਵਿੱਚ ਸਥਿਤ ਛੱਪੜ ਵਿੱਚ ਪੈਂਦਾ ਰਿਹਾ ਹੈ ਅਤੇ ਸਿਰਫ ਭਾਰੀ ਬਰਸਾਤ ਹੋਣ ਨਾਲ ਹੀ ਇਹ ਪਾਣੀ ਓਵਰ ਫਲੋਅ ਹੋ ਕੇ ਛੱਪੜ ਨੇੜੇ ਪੈਂਦੀ ਨਿੱਜੀ ਮਾਲਕੀ ਵਾਲੀ ਜਮੀਨ ਵਿੱਚ ਚਲਾ ਜਾਂਦਾ ਹੈ। ਉਨਾਂ ਕਿਹਾ ਕਿ ਹੁਣ ਇਸ ਪਾਣੀ ਦਾ ਛੱਪੜ ਵਲ ਜਾਣ ਵਾਲਾ ਰਸਤਾ ਬੀਡੀਪੀਓ ਦਫਤਰ ਦੇ ਕਮਰਚਾਰੀਆਂ ਵੱਲੋਂ ਪੱਕੇ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ ਜਿਸ ਨਾਲ ਇਸ ਵੇਲੇ ਇਹ ਗੰਦਾ ਪਾਣੀ ਨਿੱਜੀ ਮਾਲਕੀ ਵਾਲੀ ਜਮੀਨ ਵਿੱਚ ਜਾਣਾ ਸ਼ੁਰੂ ਹੋ ਗਿਆ ਹੈ। ਉਨਾਂ ਦੱਸਿਆ ਕਿ ਇਸ ਜਮੀਨ ਵਿੱਚੋਂ ਹੋ ਕੇ ਇਹ ਪਾਣੀ ਪਿੰਡ ਦੇ ਬਾਹਰਵਾਰ ਸਥਿਤ ਇਤਿਹਾਸਕ ਮੰਦਰ ਮਾਤਾ ਹਰੀ ਦੇਵੀ ਦੇ ਕੋਲ ਜਮਾਂ ਹੋਵੇਗਾ ਜਿਸ ਨਾਲ ਸ਼ਰਧਾਲੂਆਂ ਦੇ ਮਨਾਂ ਵਿੱਚ ਵੀ ਭਾਰੀ ਰੋਸ ਹੈ। ਇਸ ਮੌਕੇ ਸਬੰਧਤ ਜਮੀਨ ਦੇ ਮਾਲਕਾਂ ਅਵਤਾਰ ਸਿੰਘ ਪੁੱਤਰ ਪ੍ਰਦੁਮਣ ਸਿੰਘ ਅਤੇ ਹੋਰ ਮਾਲਕਾਂ ਨੇ ਦੱਸਿਆ ਕਿ ਪਿੰਡ ਦੇ ਟੋਭੇ ਦੇ ਕੰਢਿਆਂ ਉਤੇ ਨਜਾਇਜ ਕਬਜੇ ਹੋ ਰਹੇ ਹਨ ਤੇ ਉਨਾਂ ਦੀ ਜਮੀਨ ਵਿੱਚ ਗੰਦਾ ਪਾਣੀ ਪਾ ਕੇ ਇਸਨੂੰ ਬਰਬਾਦ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਹਲਕਾ ਵਿਧਾਇਕ ਦੀ ਸ਼ਹਿ 'ਤੇ ਇਹ ਕੰਮ ਹੋ ਰਿਹਾ ਹੈ ਜਿਸ ਕਰਕੇ ਅਫਸਰਾਂ ਵੱਲੋਂ ਉਨਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਇਸ ਮੌਕੇ ਨੰਬਰਦਾਰ ਮਹਿੰਦਰ ਸਿੰਘ ਨੇ ਕਿਹਾ ਕਿ ਪੁਲਸ ਦਾ ਡਰ ਦੇ ਕੇ ਗਰੀਬ ਲੋਕਾਂ ਨਾਲ ਧੱਕਾ ਹੋ ਰਿਹਾ ਹੈ। ਉਨਾਂ ਮੰਗ ਕੀਤੀ ਕਿ ਛੱਪੜ ਉਤੇ ਨਜਾਇਜ ਕਬਜੇ ਛੁਡਾਏ ਜਾਣ ਤੇ ਨਿੱਜੀ ਜਮੀਨ ਵਿੱਚ ਪਾਏ ਗੰਦੇ ਪਾਣੀ ਨੂੰ ਬੰਦ ਕਰਕੇ ਇਸਦਾ ਨਿਕਾਸ ਪਹਿਲਾਂ ਵਾਂਗ ਛੱਪੜ ਵੱਲ ਕੀਤਾ ਜਾਵੇ। ਇਸ ਬਾਰੇ ਬੀਡੀਪੀਓ ਮਨਜਿੰਦਰ ਕੌਰ ਨੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

# ਨਸ਼ਾ ਸਪਲਾਈ ਤੇ ਖੋਹ ਕਰਨ ਵਾਲੇ 2 ਗ੍ਰਿਫਤਾਰ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਜ਼ਿਲ੍ਹਾ ਪੁਲਸ ਮੁਖੀ ਸਰਤਾਜ ਸਿੰਘ ਚਾਹਲ ਦੇ ਦਿਸ਼ਾ ਨਿਰਦੇਸ਼ਾਂ 'ਤੇ ਟਾਂਡਾ ਪੁਲਸ ਨੇ ਇਲਾਕੇ ਅੰਦਰ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਕਰਨ ਵਾਲਿਆਂ ਨੂੰ ਲੁੱਟ-ਖੋਹ ਕੀਤੇ ਗਏ ਸਮਾਨ, ਨਸ਼ੀਲੇ ਪਾਊਡਰ ਅਤੇ ਹਥਿਆਰਾਂ ਸਮੇਤ ਗ੍ਰਿਫਤਾਰ ਕੀਤਾ ਹੈ। ਡੀ.ਐਸ.ਪੀ ਟਾਂਡਾ ਕੁਲਵੰਤ ਸਿੰਘ ਅਤੇ ਥਾਣਾ ਮੁਖੀ ਟਾਂਡਾ ਮਲਕੀਅਤ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਐਸ.ਆਈ ਪਰਵਿੰਦਰ ਸਿੰਘ ਦੀ ਪੁਲਸ ਟੀਮ ਵੱਲੋਂ ਆਈ.ਟੀ.ਆਈ ਟਾਂਡਾ ਕੁਹਣੀ ਮੋੜ ਮੌਜੂਦ ਸੀ ਤਾਂ 2 ਮੋਟਰਸਾਈਕਲ ਸਵਾਰ ਹਰਸੀ ਪਿੰਡ ਸਾਈਡ ਤੋਂ ਆਏ, ਜਿਨ੍ਹਾਂ ਕੋਲੋਂ ਨਸ਼ੀਲਾ ਪਦਾਰਥ ਅਤੇ ਨਸ਼ੀਲੇ ਟੀਕੇ ਬ੍ਰਾਮਦ ਹੋਏ। ਪੁਲਸ ਦੀ ਗ੍ਰਿਫਤ ਵਿੱਚ ਆਏ ਸੁਖਦੇਵ ਸਿੰਘ ਉਰਫ ਜੋਤੀ ਪੁੱਤਰ ਅਮਰ ਸਿੰਘ ਵਾਸੀ ਤਲਵੰਡੀ ਭਿੰਡਰ ਥਾਂਣਾ ਘੁਮਾਣ ਜ਼ਿਲ੍ਹਾ ਗੁਰਦਾਸਪੁਰ ਕੋਲੋਂ 11 ਨਸ਼ੀਲੇ ਟੀਕੇ ਅਤੇ 510 ਗਰਾਮ ਨਸ਼ੀਲਾ ਪਦਾਰਥ ਬਰਾਮਦ ਹੋਇਆ, ਇਸੇ ਤਰਾਂ ਹੀ ਪੁਲਸ ਦੀ ਗ੍ਰਿਫਤ ਵਿੱਚ ਆਏ ਦੂਸਰੇ ਮੁਲਜਮ ਰਾਜਵੰਤ ਸਿੰਘ ਉਰਫ ਰਾਜੂ ਪੁੱਤਰ ਹੀਰਾ ਸਿੰਘ ਵਾਸੀ ਬੀਲਾ ਬੱਜੂ ਥਾਣਾ ਘੁਮਾਣ ਗੁਰਦਾਸਪੁਰ ਕੋਲੋਂ 11 ਨਸ਼ੀਲੇ ਟੀਕੇ ਬਰਾਮਦ ਕੀਤੇ ਹਨ। ਡੀ.ਐਸ.ਪੀ ਨੇ ਦੱਸਿਆ ਕਿ ਉਕਤ ਲੁਟੇਰਿਆਂ ਨੇ ਦੌਰਾਨ ਪੁੱਛਗਿੱਛ ਦੌਰਾਨ ਮੰਨਿਆ ਕਿ ਉਨ੍ਹਾਂ ਨੇ ਇਲਾਕੇ ਵਿੱਚ ਲੁੱਟ-ਖੋਹ ਦੀਆਂ ਕਈ ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ। ਉਨ੍ਹਾਂ ਕੋਲੋਂ 1 ਸੋਨੇ ਦੀ ਚੇਨ, 3 ਜੋੜੀ ਸੋਨੇ ਦੀਆਂ ਵਾਲੀਆਂ, 3 ਜੋੜੇ ਸੋਨੇ ਦੇ ਟੋਪਸ, ਇੱਕ ਸੋਨੇ ਦੀ ਮੁੰਦਰੀ ਬਰਾਮਦ ਕੀਤੀਆਂ ਹਨ। ਇਸ ਤੋਂ ਇਲਾਵਾ ਵਾਰਦਾਤਾਂ ਨੂੰ ਅੰਜਾਮ ਦੇਣ ਵਾਸਤੇ ਵਰਤਿਆ ਜਾਣ ਵਾਲਾ ਇੱਕ ਮੋਟਰਸਾਈਕਲ ਦਾਤਰ ਤੇ ਖਿਡੌਣਾ ਪਿਸਤੌਲ ਬਰਾਮਦ ਕੀਤਾ ਹੈ।



# 'ਕਣਕ ਦੇ ਨੁਕਸਾਨ ਕਰਕੇ ਮੁੱਲ 'ਚ ਕਟੌਤੀ ਬਰਦਾਸ਼ਤ ਤੋਂ ਬਾਹਰ'

**ਜਲੰਧਰ, (ਰਾਜੇਸ਼ ਥਾਪਾ)**

ਕੇਂਦਰ ਸਰਕਾਰ ਵੱਲੋਂ ਬੇਮੌਸਮੇ ਮੀਂਹ ਦੀ ਝੰਬੀ ਕਣਕ ਦੇ ਸਰਕਾਰੀ ਭਾਅ 'ਚ ਕਟੌਤੀ ਕੀਤੇ ਜਾਣ ਦੀ ਸੰਭਾਵਨਾ ਦੇ ਤੌਖਲੇ ਸਬੰਧੀ ਜਮਹੂਰੀ ਕਿਸਾਨ ਸਭਾ ਨੇ ਇਥੇ ਕਿਹਾ ਕਿ ਇਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਦੌਰਾਨ ਖ਼ੁਰਾਕ ਮੰਤਰਾਲੇ ਨੇ 10 ਫ਼ੀਸਦੀ ਤੱਕ ਲਸਟਰ ਲੌਸ ਵਾਲੀ ਕਣਕ ਨੂੰ ਸਰਕਾਰੀ ਭਾਅ ਵਿਚ ਬਿਨਾਂ ਕਿਸੇ ਕਟੌਤੀ ਦੇ ਖ਼ਰੀਦਣ ਦਾ ਫ਼ੈਸਲਾ ਕੀਤਾ ਹੈ। ਅਗਰ ਲਸਟਰ ਲੌਸ 10 ਫ਼ੀਸਦੀ ਤੋਂ 80 ਫ਼ੀਸਦੀ ਤੱਕ ਪਾਇਆ ਜਾਂਦਾ ਹੈ ਤਾਂ ਸਰਕਾਰ ਕਣਕ ਦੀ ਫ਼ਸਲ ਦੇ ਸਰਕਾਰੀ ਭਾਅ ਵਿਚ ਇੱਕ ਫ਼ੀਸਦੀ ਤੋਂ 25 ਫ਼ੀਸਦੀ ਤੱਕ ਕਟੌਤੀ ਕਰ ਸਕਦੀ ਹੈ। ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਅਤੇ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ ਵਲੋਂ ਜਾਰੀ ਇੱਕ ਬਿਆਨ 'ਚ ਕਿਹਾ ਕਿ ਲਸਟਰ ਲੌਸ ਦੇ ਨਾਂਅ ਹੇਠ ਕੱਟ ਲਾਉਣਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸੂਬਾ ਪ੍ਰੈਸ ਸਕੱਤਰ ਹਰਨੇਕ ਸਿੰਘ ਗੁਜਰਵਾਲ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਬੇਮੌਸਮੀ ਬਾਰਸ ਕਾਰਨ ਹੋਏ ਨੁਕਸਾਨ 'ਚ ਕਿਸਾਨਾਂ ਦਾ ਕੋਈ ਕਸੂਰ ਨਹੀਂ ਹੈ। ਬਿਨਾਂ ਕਸੂਰ ਕਿਸਾਨਾਂ ਨੂੰ ਸਜ਼ਾ ਦੇਣ ਦੀ ਥਾਂ ਕੇਂਦਰ ਅਤੇ ਪੰਜਾਬ ਸਰਕਾਰ ਕਿਸਾਨਾਂ ਦੀ ਬਾਂਹ ਫੜੇ। ਉਕਤ ਆਗੂਆਂ ਨੇ ਕਿਹਾ ਕਿ ਲੰਘੇ ਸਾਲ ਵੱਧ ਗਰਮੀ ਕਾਰਨ ਝਾੜ ਘੱਟ ਗਿਆ ਸੀ ਅਤੇ ਇਸ ਵਾਰ ਮੌਸਮ ਦੀ ਕਰੋਪੀ ਕਾਰਨ ਪੰਜਾਬ ਭਰ 'ਚ ਕਿਸਾਨਾਂ ਦਾ ਭਾਰੀ ਨੁਕਸਾਨ ਹੋ ਗਿਆ ਹੈ, ਜਿਸ ਲਈ ਪੰਜਾਬ ਸਰਕਾਰ ਵਲੋਂ ਨਿਗੂਣੀ ਜਿਹੀ ਸਹਾਇਤਾ ਦੇਣ ਦਾ ਐਲਾਨ ਵੀ ਕੀਤਾ ਗਿਆ। ਹੁਣ ਕੇਂਦਰ ਨੇ ਲਸਟਰ ਲੌਸ ਦੇ ਨਾਮ 'ਤੇ ਕੱਟ ਲਗਾਇਆ ਤਾਂ ਪੰਜਾਬ ਦਾ ਕਿਸਾਨ ਉਜੜ ਜਾਏਗਾ। ਆਗੂਆਂ ਨੇ ਕਿਹਾ ਕਿ ਵਿਛੀ ਹੋਈ ਕਣਕ ਨੂੰ ਚੁੱਕਣ ਲਈ ਖਰਚ ਵੀ ਵੱਧ ਆਏਗਾ ਅਤੇ ਭਿੱਜੀ ਹੋਈ ਕਣਕ ਦੀ ਪੂਰੀ ਤੂੜੀ ਵੀ ਨਹੀਂ ਬਣੇਗੀ, ਜਿਸ ਨਾਲ ਪਸ਼ੂਆਂ ਦੇ ਚਾਰੇ ਦੀ ਵੀ ਤੋਟ ਆਏਗੀ। ਆਗੂਆਂ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਤੁਰੰਤ ਕਿਸਾਨਾਂ ਨੂੰ ਖਰੀਦ ਦੇ ਮਾਪਦੰਡ 'ਚ ਰਾਹਤ ਦੇਣ ਅਤੇ ਮੌਸਮ ਕਾਰਨ ਹੋਏ ਹੋਰਨਾ ਫ਼ਸਲਾਂ ਦੇ ਨੁਕਸਾਨ ਦੀ ਪੂਰਤੀ ਦਾ ਤੁਰੰਤ ਐਲਾਨ ਕਰੇ।

# ਢਾਹਾਂ ਕਲੇਰਾਂ ਵਿਖੇ ਸ਼ਹੀਦੇ ਆਜ਼ਮ ਭਗਤ ਸਿੰਘ ਨੂੰ ਸਮਰਪਿਤ ਸ਼ਹੀਦੀ ਸਮਾਗਮ



**ਬਹਿਰਾਮ (ਅਵਤਾਰ ਕਲੇਰ)**

ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਸ਼ਹੀਦੇ ਆਜ਼ਮ ਭਗਤ ਸਿੰਘ, ਉਹਨਾਂ ਦੇ ਸਾਥੀਆਂ ਅਤੇ ਭਾਰਤ ਦੀ ਅਜ਼ਾਦੀ ਸ਼ੰਘਰਸ਼ ਦੇ ਸਮੂਹ ਸ਼ਹੀਦਾਂ ਦੀ ਲਸਾਨੀ ਸ਼ਹੀਦੀ ਨੂੰ ਸਮਰਪਿਤ ਸ਼ਹੀਦੀ ਸਮਾਗਮ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਆਯੋਜਿਤ ਕੀਤਾ ਗਿਆ। ਗੁਰਦੁਆਰਾ ਸਾਹਿਬ ਵਿਖੇ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿਚ ਕੀਤੇ ਗਏ। ਇਸ ਮੌਕੇ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦੇ ਵਿਦਿਆਰਥੀਆਂ ਅਤੇ ਭਾਈ ਜੋਗਾ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਦੇ ਕੀਰਤਨੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਗਿਆ। ਸ਼ਹੀਦੀ ਸਮਾਗਮ ਵਿੱਚ ਪ੍ਰਸਿੱਧ ਕਥਾ ਵਾਚਕ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਪ੍ਰਵਾਨਾ ਨੇ ਸਮੂਹ ਸੰਗਤਾਂ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੀਵਨ 'ਤੇ ਸ਼ਹੀਦੀ ਬਾਰੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਗੁਰਮਤਿ ਦੇ ਸੰਕਲਪ 'ਤੇ ਚੱਲਦੇ ਹੋਏ ਆਪਣੇ ਦੇਸ਼, ਆਪਣੀ ਕੌਮ ਅਤੇ ਸਮਾਜ ਲਈ ਜ਼ਿੰਮੇਵਾਰੀ ਸਮਝਦੇ ਹੋਏ, ਦੇਸ਼ ਦੀ ਅਜ਼ਾਦੀ ਲਈ ਆਪਣੀ ਕੁਰਬਾਨੀ ਦਿੱਤੀ। ਹਰਦੇਵ ਸਿੰਘ ਕਾਹਮਾ ਪ੍ਰਧਾਨ ਨੇ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਦੇਸ਼ ਦੇ ਅਜ਼ਾਦੀ ਸ਼ੰਘਰਸ਼ ਵਿਚ ਪਾਏ ਯੋਗਦਾਨ ਨੂੰ ਯਾਦ ਕੀਤਾ। ਉਹਨਾਂ ਨੇ ਇਕੱਤਰ ਸੰਗਤਾਂ ਨੂੰ ਟਰੱਸਟ ਵੱਲੋਂ ਕੀਤੇ ਜਾਂਦੇ ਸੇਵਾਂ ਕਾਰਜਾਂ ਬਾਰੇ ਜਾਣਕਾਰੀ ਵੀ ਦਿੱਤੀ। ਇਸ ਮੌਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਅਤੇ ਗੁਰੂ ਕਾ ਲੰਗਰ ਸਮੂਹ ਸਾਧ ਸੰਗਤਾਂ ਨੇ ਪੰਗਤਾਂ ਵਿਚ ਬੈਠ ਕੇ ਬੜੇ ਪਿਆਰ ਅਤੇ ਸ਼ਰਧਾ ਭਾਵਨਾ ਨਾਲ ਛਕਿਆ। ਸ਼ਹੀਦੀ ਸਮਾਗਮ ਵਿਚ ਹਰਦੇਵ ਸਿੰਘ ਕਾਹਮਾ , ਜਥੇਦਾਰ ਕੁਲਵਿੰਦਰ ਸਿੰਘ , ਅਮਰਜੀਤ ਸਿੰਘ ਕਲੇਰਾਂ ਢਾਹਾਂ ਕਲੇਰਾਂ ਦੇ ਪ੍ਰਬੰਧ ਹੇਠਾਂ ਚੱਲਦੇ ਗੁਰੂ ਨਾਨਕ ਮਿਸ਼ਨ ਹਸਪਤਾਲ, ਗੁਰੂ ਨਾਨਕ ਕਾਲਜ ਆਫ ਨਰਸਿੰਗ, ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਦਾ ਸਮੂਹ ਸਟਾਫ ਅਤੇ ਵਿਦਿਆਰਥੀਆਂ ਤੋਂ ਇਲਾਵਾ ਇਲਾਕੇ ਦੇ ਪਤਵੰਤੇ ਸੱਜਣ ਵੀ ਹਾਜ਼ਰ ਸਨ।

# ਕਿਸਾਨੀ ਸੰਘਰਸ਼ ਦੌਰਾਨ ਸ਼ਹੀਦ ਹੋਈ ਬੀਬੀ ਰਣਜੀਤ ਕੌਰ ਦੇ ਪਰਵਾਰ ਨੂੰ 5 ਲੱਖ ਰੁਪਏ ਦਾ ਚੈੱਕ ਭੇਟ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**



ਸੂਬੇ ਦੀ ਆਮ ਆਦਮੀ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਜੋ ਵੀ ਲੋਕਾਂ ਨਾਲ ਵਾਅਦੇ ਕੀਤੇ ਸਨ ਉਹਨਾਂ ਨੂੰ ਪੂਰੇ ਕਰਨ ਲਈ ਸੂਬਾ ਸਰਕਾਰ ਪੂਰੀ ਤਰਾਂ ਯਤਨਸ਼ੀਲ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਕਿਸਾਨੀ ਸੰਘਰਸ਼ ਦੌਰਾਨ ਸ਼ਹੀਦ ਹੋਏ ਪਿੰਡ ਖਾਨਪੁਰ ਨਾਲ ਸਬੰਧਤ ਬੀਬੀ ਰਣਜੀਤ ਕੌਰ ਦੇ ਪਰਵਾਰਕ ਮੈਂਬਰਾਂ ਨੂੰ ਸੂਬਾ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਸਹਾਇਤਾ ਰਾਸ਼ੀ ਦਾ ਚੈੱਕ ਭੇਟ ਕਰਨ ਸਮੇਂ ਕੀਤਾ। ਰਾਜਾ ਨੇ ਸ਼ਹੀਦ ਬੀਬੀ ਰਣਜੀਤ ਕੌਰ ਦੇ ਪਤੀ ਮਨਜੀਤ ਸਿੰਘ ਨੂੰ 5 ਲੱਖ ਰੁਪਏ ਦਾ ਚੈਕ ਭੇਟ ਕਰਦੇ ਹੋਏ ਕਿਹਾ ਕਿ ਸੂਬਾ ਸਰਕਾਰ ਨੇ ਔਖੇ ਸਮੇਂ ਹਰੇਕ ਵਰਗ ਦੀ ਬਾਂਹ ਫੜੀ ਹੈ ਚਾਹੇ ਉਹ ਕੋਈ ਵੀ ਹੋਵੇ। ਉਨ੍ਹਾਂ ਦੱਸਿਆ ਕਿ ਖੇਤੀ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਕੀਤੇ ਗਏ ਸੰਘਰਸ਼ ਵਿਚ ਸ਼ਹੀਦ ਹੋਏ ਪਰਵਾਰਾਂ ਦੀ ਆਰਥਿਕ ਮੱਦਦ ਵਾਸਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਿਚ ਪਹਿਲਾਂ ਵੀ ਕਈ ਪਰਵਾਰਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਭੇਂਟ ਕੀਤੇ ਜਾ ਚੁੱਕੇ ਹਨ। ਰਾਜਾ ਨੇ ਹੋਰ ਕਿਹਾ ਕਿ ਮੌਜੂਦਾ ਕਣਕ ਦੇ ਸੀਜਨ ਦੌਰਾਨ ਬੇਮੌਸਮੀ ਬਰਸਾਤ ਕਾਰਨ ਪ੍ਰਭਾਵਤ ਹੋਈ ਫਸਲ ਦੇ ਮੁਆਵਜੇ ਦੇ ਚੈੱਕ ਵਿਸਾਖੀ ਤੋਂ ਪਹਿਲਾਂ ਹੀ ਪ੍ਰਭਾਵਿਤ ਕਿਸਾਨਾਂ ਨੂੰ ਦੇ ਦਿੱਤੇ ਜਾਣਗੇ ਜਿਸਦਾ ਐਲਾਨ ਮੁੱਖ ਮੰਤਰੀ ਭਗਵੰਤ ਮਾਨ ਕਰ ਚੁੱਕੇ ਹਨ ਪ੍ਰੰਤੂ ਫਿਰ ਵੀ ਵਿਰੋਧੀ ਪਾਰਟੀਆਂ ਵੱਲੋਂ ਮੁਆਵਜੇ ਦੀ ਮੰਗ ਕਰਕੇ ਸਿਆਸੀ ਰੋਟੀਆਂ ਸੇਕੀਆਂ ਜਾ ਰਹੀਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾ ਜਨਰਲ ਸਕੱਤਰ ਆਮ ਆਦਮੀ ਪਾਰਟੀ ਰਾਜਾ ਸੁਖਵਿੰਦਰ ਸਿੰਘ ਕੋਟਲਾ, ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਹਰਜੀਤ ਸਿੰਘ ਭਾਟੀਆ ਬਲਾਕ ਪ੍ਰਧਾਨ ਗੜ੍ਹਦੀਵਾਲ, ਨੰਬਰਦਾਰ ਸਤਪਾਲ ਸਿੰਘ, ਰਛਪਾਲ ਸਿੰਘ, ਹਰਭਜਨ ਸਿੰਘ ਭਾਟੀਆ, ਜਸਵੰਤ ਸਿੰਘ, ਕੁਲਦੀਪ ਸਿੰਘ, ਨਸੀਬ ਸਿੰਘ, ਜਸਵੀਰ ਸਿੰਘ ਰੂਪੋਵਾਲੀ, ਨਿਰਮਲ ਸਿੰਘ ਸੇਰਪੁਰ, ਰਵੀ ਭਾਟੀਆ , ਜੀਤ ਸਿੰਘ , ਅਤਵਾਰ ਸਿੰਘ ਪਲਾਚਕ ਆਦਿ ਵੀ ਮੌਜੂਦ ਸਨ।

# ਬੇਮੌਸਮੀ ਬਾਰਸ਼ ਕਾਰਨ ਕਣਕ ਦੀ ਫਸਲ ਨੂੰ ਬਹੁਤ ਜ਼ਿਆਦਾ ਨੁਕਸਾਨ ਹੋਇਆ : ਕਿਸਾਨ ਆਗੂ

**ਰੋਪੜ ( ਬਿੰਦਰਾ)**- ਬੇਮੌਸਮੀ ਬਾਰਸ਼ ਕਾਰਨ ਕਣਕ ਦੀ ਫਸਲ ਨੂੰ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਵੱਲੋਂ ਪਿੰਡਾਂ ਵਿੱਚ ਜਾ ਕੇ ਖੇਤਾਂ ਵਿਚ ਡਿੱਗੀ ਹੋਈ ਕਣਕ ਦਾ ਜਾਇਜਾ ਲਿਆ। ਉਪ ਪ੍ਰਧਾਨ ਅਵਤਾਰ ਸਿੰਘ ਪੁਰਖਾਲੀ, ਬਲਾਕ ਪ੍ਰਧਾਨ ਮਨਜੀਤ ਸਿੰਘ ਹਰੀਪੁਰ, ਨੱਛਤਰ ਸਿੰਘ ਹਰੀਪੁਰ,ਬਾਲ ਸਿੰਘ ਪੁਰਖਾਲੀ, ਰਜਿੰਦਰ ਸਿੰਘ ਹਰੀਪੁਰ, ਸੁਲੱਖਣ ਸਿੰਘ, ਹਰਜੀਤ ਸਿੰਘ ਖੇੜੀ ਅਵਤਾਰ ਸਿੰਘ ਹਰੀਪੁਰ ਨੇ ਪਿੰਡਾਂ ਦੇ ਦੌਰੇ ਤੋਂ ਬਾਅਦ ਦਸਿਆ ਕਿ ਇਸ ਵਰ੍ਹੇ ਕਣਕ ਦੀ ਬੰਪਰ ਫਸਲ ਦੀ ਆਸ ਸੀ। ਪਰ ਬੇਮੌਸਮੀ ਬਰਸਾਤ ਅਤੇ ਔਲਿਆਂ ਨੇ ਕਿਸਾਨਾਂ ਦੇ ਚਿਹਰੇ ਮੁਰਝਾ ਦਿੱਤੇ ਹਨ। ਕਿਸਾਨ ਆਗੂਆਂ ਨੇ ਕਿਹਾ ਹੈ ਕਿ 20 ਤੋਂ 70 ਫੀਸਦੀ ਝਾੜ ਘੱਟ ਹੋਵੇਗਾ। ਉਹਨਾਂ ਆਖਿਆ ਕਿ ਘਾੜ ਇਲਾਕੇ ਵਿੱਚ ਨਾ ਤਾਂ ਹਲਕਾ ਵਿਧਾਇਕ ਅਤੇ ਨਾ ਹੀ ਦੂਜੇ ਅਧਿਕਾਰੀ ਪੁੱਜੇ ਹਨ। ਆਗੂਆਂ ਨੇ ਮੰਗ ਕੀਤੀ ਹੈ ਕਿ ਘੱਟੋ ਘੱਟ 50 ਹਜਾਰ ਰੁਪਏ ਪ੍ਰਤੀ ਏਕੜ ਨੁਕਸਾਨ ਦਾ ਮੁਆਵਜਾ ਦਿੱਤਾ ਜਾਵੇ। ਮੌਕੇ 'ਤੇ ਜਾ ਕੇ ਛੇਤੀ ਤੋਂ ਛੇਤੀ ਗਿਰਦਾਵਰੀ ਕਰਵਾਈ ਜਾਵੇ।

## ਐਸ ਐਚ ਓ ਬਿਲਗਾ ਵੱਲੋਂ ਅਸਲਾ ਜਲਦੀ ਜਮ੍ਹਾਂ ਕਰਵਾਉਣ ਦੀ ਅਪੀਲ

**ਬਿਲਗਾ (ਵਿਜੇ ਕੁਮਾਰ)**-ਇਲੈਕਸ਼ਨ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਥਾਣਾ ਬਿਲਗਾ ਦੇ ਮੁੱਖ ਅਫਸਰ ਐਸ ਆਈ ਮਹਿੰਦਰ ਪਾਲ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਜਲੰਧਰ ਹਲਕਾ ਜ਼ਿਮਨੀ ਚੋਣ ਦੇ ਮੱਦੇਨਜ਼ਰ ਅਸਲਾ ਲਾਇਸੈਂਸ ਧਾਰਕਾਂ ਨੂੰ ਅਪੀਲ ਕੀਤੀ ਹੈ ਕਿ ਥਾਣਾ ਬਿਲਗਾ ਦੇ ਇਲਾਕੇ ਦੇ ਅਸਲਾ ਲਾਇਸੈਂਸ ਵਾਲੇ ਲੋਕ ਆਪਣਾ ਅਸਲਾ ਜਲਦੀ ਤੋਂ ਜਲਦੀ ਬਿਲਗਾ ਥਾਣੇ ਜਾਂ ਮਨਜ਼ੂਰਸ਼ੁਦਾ ਡੀਲਰਾਂ ਪਾਸ ਜਮਾਂ ਕਰਵਾਉਣ ਅਤੇ ਅਸਲਾ ਜਮ੍ਹਾਂ ਕਰਵਾ ਕੇ ਥਾਣੇ ਨੂੰ ਸੂਚਿਤ ਕਰਨ । ਉਨ੍ਹਾ ਕਿਹਾ ਕਿ ਇਲੈਕਸ਼ਨ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇਗੀ।

## ਗੁੱਡ ਫਰਾਈਡੇ ਤੇ ਈਸਟਰ ਦੀਆਂ ਦੀਆਂ ਤਿਆਰੀਆਂ ਜ਼ੋਰਾਂ 'ਤੇ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** -ਮੁੱਹਲਾ ਸ਼ਿਵ ਵਿਹਾਰ ਕਲੋਨੀ ਦੇ ਵਿਚ ਗੁੱਡ ਫਾਰਈਡੇ ਤੇ ਈਸਟਰ ਦੀਆਂ ਤਿਆਰੀਆਂ ਜੋਰਾਂ 'ਤੇ ਹਨ। ਅਰਾਧਕ ਪਾਸਟਰ ਮੋਹਨ ਲਾਲ ਨੇ ਦੱਸਿਆ ਕਿ ਗੁੱਡ ਫਰਾਈਡੇ ਤੇ ਈਸਟਰ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਪਾਸਟਰ ਨਰਿੰਦਰ ਪਾਲ ਸਿੰਘ ਪ੍ਰਮੇਸ਼ਵਰ ਦੇ ਬਚਨਾਂ ਨਾਲ ਸੰਗਤਾਂ ਦੇ ਰੂਬਰੂ ਕਰਨਗੇ । ਇਸ ਮੌਕੇ ਅਰਾਧਨਾ ਟੀਮ ਗੀਤਾਂ ਤੇ ਭਜਨਾਂ ਦੁਆਰਾ ਪ੍ਰਭੂ ਦੀ ਮਹਿਮਾ ਕਰਨਗੇ । ਸਤਿਸੰਗ ਦੀ ਸ਼ੁਰੂਆਤ ਮਨਜੀਤ ਪ੍ਰਾਥਨਾ ਨਾਲ ਕਰਨਗੇ ਤੇ ਸੰਗਤਾਂ ਦਾ ਧੰਨਵਾਦ ਕਰਨਗੇ । ਇਸ ਮੌਕੇ ਲੰਗਰ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ।



# ਅੱਪਰਾ ਵਿਖੇ ਜ਼ਿਲ੍ਹਾ ਜਲੰਧਰ ਦੀ ਉੱਪ ਚੋਣ ਸੰਬੰਧੀ ਮੀਟਿੰਗ



**ਫਿਲੌਰ, (ਨਿਰਮਲ)**

ਭਾਜਪਾ ਦੇ ਜ਼ਿਲ੍ਹਾ ਜਲੰਧਰ (ਦਿਹਾਤੀ) ਪ੍ਰਧਾਨ ਰਣਜੀਤ ਸਿੰਘ ਪਵਾਰ ਵੱਲੋਂ ਅੱਪਰਾ ਮੰਡਲ ਦੀ ਮੀਟਿੰਗ ਦੌਰਾਨ ਜਲੰਧਰ ਲੋਕ ਸਭਾ ਉੱਪ ਚੋਣ ਸੰਬੰਧੀ ਮੀਟਿੰਗ ਕੀਤੀ। ਜਿਸ ਵਿੱਚ ਇਹ ਕਈ ਅਹਿਮ ਫੈਸਲੇ ਲਏ ਗਏ। ਜਿਨ੍ਹਾਂ ਵਿੱਚ ਚੋਣਾਂ ਦੌਰਾਨ ਆ ਰਹੇ ਭਾਜਪਾ ਦੇ ਸੀਨੀਅਰ ਨੇਤਾਵਾਂ ਦੇ ਰਹਿਣ ਦਾ ਇੰਤਜਾਮ ਕਰਨਾ, ਅੱਪਰਾ 'ਚ ਪੈਂਦੇ ਪਿੰਡਾਂ ਦਾ ਰੋਡ ਮੈਪ ਤਿਆਰ ਕਰਨਾ ਤਾਂ ਕਿ ਜਲਦ ਤੋਂ ਜਲਦ ਲੀਡਰਾਂ ਵੱਲੋਂ ਭਾਜਪਾ ਦੇ ਵਰਕਰਾਂ ਅਤੇ ਸਮਰਥਕਾਂ ਤੱਕ ਪਹੁੰਚ ਕੀਤੀ ਜਾ ਸਕੇ। ਮੀਟਿੰਗ ਦੌਰਾਨ ਅੱਪਰਾ ਦੇ ਜੁਝਾਰੂ ਸਿਪਾਹੀ ਹਰਜਿੰਦਰ ਕੁਮਾਰ ਖੋਸਲਾ ਨੂੰ ਪਵਾਰ ਨੇ ਬੁੱਧੀ ਸੈੱਲ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ। ਇਸ ਮੌਕੇ ਸੀਨੀਅਰ ਭਾਜਪਾ ਨੇਤਾ ਮੁਕੇਸ਼ ਦਾਦਰਾ, ਸਪੋਰਟ ਸੈੱਲ ਜ਼ਿਲ੍ਹਾ ਪ੍ਰਧਾਨ ਨਰੇਸ਼ ਮਰਵਾਹਾ, ਰਾਜਿੰਦਰ ਕੁਮਾਰ ਰਾਜੂ ਮੰਡਲ ਖਜਾਨਚੀ, ਪ੍ਰੇਮ ਕੁਮਾਰ ਪ੍ਰਦੇਸੀ, ਮਾਸਟਰ ਵਿਨੋਦ ਕੁਮਾਰ ਅਤੇ ਹੋਰ ਹਾਜ਼ਰ ਸਨ।

# ਨਗਰ ਨਿਗਮ ਮੁਹਾਲੀ ਵੱਲੋਂ ਸਿਲਵੀ ਪਾਰਕ ਸੰਤੋਖ ਸਿੰਘ ਧੀਰ ਨੂੰ ਸਮਰਪਿਤ ਕਰਨ ਦਾ ਐਲਾਨ

**ਮੁਹਾਲੀ (ਗੁਰਜੀਤ ਬਿੱਲਾ)**

ਸਾਹਿਤਕ ਹਲਕਿਆਂ ਲਈ ਇਹ ਖਬਰ ਗੌਰਵਮਈ ਹੋਵੇਗੀ ਕਿ ਇਤਿਹਾਸਕ ਪਹਿਲ ਕਰਦਿਆਂ ਨਗਰ ਨਿਗਮ ਮੁਹਾਲੀ ਵੱਲੋਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪੰਜਾਹ ਤੋਂ ਉਪਰ ਪੁਸਤਕਾਂ ਪਾਉਣ ਵਾਲੇ ਬਹੁ-ਵਿਧਾਵੀ ਪੰਜਾਬੀ ਲੇਖਕ ਸਵਰਗੀ ਸੰਤੋਖ ਸਿੰਘ ਧੀਰ ਨੂੰ ਮੁਹਾਲੀ ਦੇ ਫੇਜ਼-10 ਸਥਿਤ ਸਿਲਵੀ ਪਾਰਕ ਨੂੰ ਸਮਰਪਿਤ ਕਰਨ ਦਾ ਐਲਾਨ ਕੀਤਾ ਹੈ।ਨਗਰ ਨਿਗਮ, ਮੁਹਾਲੀ ਦੇ ਮੇਅਰ ਅਮਰਜੀਤ ਸਿੰਘ ਸਿੱਧੂ, ਸੀਨੀਅਰ ਡਿਪਟੀ ਮੇਅਰ ਅਮਰੀਕ ਸਿੰਘ ਸੋਮਲ, ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਅਤੇ ਨਗਰ ਨਿਗਮ ਦੇ ਤਮਾਮ ਕੌਂਸਲਰਾਂ ਦੇ ਸੁਹਿਰਦ ਯਤਨਾ ਸਦਕਾ ਇਹ ਸੰਭਵ ਹੋ ਸਕਿਆ ਹੈ। ਜ਼ਿਕਰਯੋਗ ਹੈ ਕਿ ਕਹਾਣੀ ਸੰਗ੍ਰਿਹ 'ਪੱਖੀ' ਲਈ 1996 ਵਿੱਚ ਭਾਰਤੀ ਸਾਹਿਤ ਅਕਾਦਮੀ ਸਨਮਾਨ ਨਾਲ ਨਿਵਾਜੇ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਸ੍ਰੀ ਸੰਤੋਖ ਸਿੰਘ ਧੀਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਤਾ-ਉਮਰ ਫੈਲੋ ਵੀ ਰਹੇ। 2 ਦਸੰਬਰ 1920 ਨੂੰ ਬੱਸੀ ਪਠਾਣਾ ਵਿਖੇ ਜਨਮੇ ਸੰਤੋਖ ਸਿੰਘ ਧੀਰ ਦੀਆਂ ਪ੍ਰਸਿੱਧ ਰਚਨਾਵਾਂ ਦਾ ਹੋਰਨਾਂ ਭਾਸ਼ਾਵਾਂ ਵਿਚ ਵੀ ਤਰਜ਼ਮਾ ਕੀਤਾ ਗਿਆ। ਉਨ੍ਹਾਂ ਦੀਆਂ ਸ਼ਾਹਕਾਰ ਕਹਾਣੀਆਂ ਕੋਈ ਇਕ ਸਵਾਰ, ਪੱਖੀ, ਮੰਗੋ ਅਤੇ ਇਕ ਸਧਾਰਣ ਆਦਮੀ ਉਪਰ ਦੂਰਦਰਸ਼ਨ ਜਲੰਧਰ ਵੱਲੋਂ ਟੈਲੀ ਫਿਲਮਾਂ ਦਾ ਨਿਰਮਾਣ ਕੀਤਾ ਜਾ ਚੁੱਕਾ ਹੈ।ਸ੍ਰੀ ਧੀਰ ਸੰਸਾਰ ਅਮਨ ਨੂੰ ਪ੍ਰਣਾਈ ਕਵਿਤਾ 'ਨਿੱਕੀ ਸਲੇਟੀ ਸੜਕ ਦਾ ਟੋਟਾ' ਦੇ ਰਚੇਤਾ ਹਨ। ਸਰਘੀ ਕਲਾ ਕੇਂਦਰ, ਮੁਹਾਲੀ ਵੱਲੋਂ ਸ੍ਰੀ ਧੀਰ ਦੀਆਂ ਪ੍ਰਸਿੱਧ ਕਹਾਣੀਆਂ ਡੈਣ, ਮੇਰਾ ਉਜੱੜਿਆ ਗੁਆਂਢੀ ਅਤੇ ਪੰਜ ਕਹਾਣੀਆਂ ਸਾਂਝੀ ਕੰਧ, ਸਵੇਰ ਹੋਣ ਤੱਕ, ਭੇਤ ਵਾਲੀ ਗੱਲ, ਕੋਈ ਇਕ ਸਵਾਰ, ਗੱਲਾਂ ਲਈ ਗੱਲਾਂ ਉਪਰ ਅਧਾਰਿਤ ਨਾਟਕ ਕਹਾਣੀ ਇਕ ਪਿੰਡ ਦੀ ਦੇ ਮੰਚਣ ਵੀ ਕੀਤੇ ਗਏ। ਜ਼ਿਕਰਯੋਗ ਹੈ ਕਿ ਧੀਰ ਸਾਹਿਬ ਦੇ 8 ਫਰਵਰੀ 2010 ਨੂੰ ਦੇਹਾਂਤ ਮਗਰੋਂ ਉਨਾਂ ਦੀ ਦੇਹ ਮੈਡੀਕਲ ਖੋਜ ਹਿੱਤ ਪੀ.ਜੀ.ਆਈ. ਚੰਡੀਗੜ੍ਹ ਨੂੰ ਸੌਂਪੀ ਗਈ ਸੀ।ਸਵਰਗੀ ਸੰਤੋਖ ਸਿੰਘ ਧੀਰ ਆਪਣੀ ਜ਼ਿੰਦਗੀ ਦੇ ਅਖੀਰਲੇ ਚਾਰ ਦਹਾਕੇ ਕੋਠੀ ਨੰ. 689, ਫੇਜ਼-10, ਮੁਹਾਲੀ ਵਿਖੇ ਹੀ ਰਹੇ ਸਨ।

# ਮਰੀਜ਼ਾਂ ਨੂੰ ਬਚਾਉਣ ਲਈ ਖ਼ੂਨਦਾਨ ਕਰਨਾ ਬੇਹੱਦ ਜ਼ਰੂਰੀ : ਪਧਿਆਣਾ

**ਆਦਮਪੁਰ (ਪਰਮਜੀਤ ਸਿੰਘ)**



ਮਨੁੱਖਾ ਖੂਨ ਨੂੰ ਬਣਾਇਆ ਨਹੀਂ ਜਾ ਸਕਦਾ,ਇਹ ਪ੍ਰਮਾਤਮਾ ਦੀ ਦੇਣ ਹੈ ਅਤੇ ਮਨੁੱਖਾ ਸਰੀਰ ਵਿੱਚ ਆਪਣੇ ਆਪ ਬਣਦਾ ਹੈ। ਇੱਕ ਮਨੁੱਖ ਵਲੋਂ ਦਾਨ ਕੀਤੇ ਖੂਨ ਨਾਲ ਤਿੰਨ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪ੍ਰੈੱਸ ਨਾਲ ਸਾਂਝਾ ਕਰਦੇ ਹੋਏ ਸ਼ਹੀਦ ਬਾਬਾ ਮਤੀ ਸਾਹਿਬ ਜੀ ਸੇਵਾ ਸੁਸਾਇਟੀ ਡਰੋਲੀ ਕਲਾਂ ਦੇ ਪ੍ਰਧਾਨ ਜਸਵੀਰ ਸਿੰਘ ਸਾਥੀ ਪਧਿਆਣਾ ਨੇ ਦੱਸਿਆ ਕਿ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਅਤੇ ਸ਼ਹੀਦ ਬਾਬਾ ਮਤੀ ਸਾਹਿਬ ਜੀ ਦੇ ਅਸ਼ੀਰਵਾਦ ਨਾਲ ਉਹ ਖੁਦ ਵੀ ਕਰੀਬ 15 ਵਾਰ ਖ਼ੂਨਦਾਨ ਕਰ ਚੁੱਕੇ ਹਨ ਅਤੇ ਹਸਪਤਾਲਾਂ ਵਿਚ ਲੋੜਵੰਦ ਮਰੀਜਾਂ ਲਈ ਖ਼ੂਨਦਾਨ ਕਰਦੇ ਰਹਿਣਗੇ। ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ 23ਵਾਂ ਖ਼ੂਨਦਾਨ ਕੈਂਪ ਅਤੇ ਸਾਲਾਨਾ ਦੁੱਧ ਬ੍ਰਹਮੀ ਦਾ ਲੰਗਰ 14 ਅਪ੍ਰੈਲ ਗੁਰਦੁਆਰਾ ਸ਼ਹੀਦ ਬਾਬਾ ਮਤੀ ਸਾਹਿਬ ਜੀ ਡਰੋਲੀ ਕਲਾਂ ਵਿਖੇ ਸਵੇਰੇ 9 ਵਜੇ ਤੋਂ ਸਾਮ 4 ਵਜੇ ਤੱਕ ਲਗਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਖ਼ੂਨਦਾਨ ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਬਾਈ ਗੁਰਪ੍ਰੀਤ ਸਿੰਘ ਮਿੰਟੂ ਪੁੱਜ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਲਗਾਏ ਜਾ ਰਹੇ ਇਸ ਖ਼ੂਨਦਾਨ ਕੈਂਪ ਵਿੱਚ ਸੇਵਾ ਸੁਸਾਇਟੀ ਦੇ ਮੈਂਬਰ ਭਾਈ ਸੁਖਜੀਤ ਸਿੰਘ,ਮੀਤ ਪ੍ਰਧਾਨ ਇੰਦਰ ਮਿਨਹਾਸ, ਸੈਕਟਰੀ ਲਖਬੀਰ ਸਿੰਘ, ਆਕਾਸ਼, ਗੁਰਵਿੰਦਰ, ਬੋਬੀ, ਜਸਕਰਨ, ਕਰਨ ਪੰਚ, ਛੋਟੂ ਅਤੇ ਹੋਰ ਸਮੂਹ ਸੇਵਾਦਾਰ ਆਪਣੀਆਂ ਸੇਵਾਵਾਂ ਨਿਭਾਉਂਦੇ ਹਨ।

# ਪੰਜਾਬੀ ਸਿਨੇਮਾ ਦਿਵਸ ਸਮਾਗਮ ਦੌਰਾਨ ਫਿਰੋਜ਼ ਖਾਨ ਦਾ ਵਿਸ਼ੇਸ਼ ਸਨਮਾਨ

**ਕਾਲਾ ਸੰਘਿਆਂ (ਮਨਜੀਤ ਮਾਨ)**

ਪੰਜਾਬੀ ਫਿਲਮਾਂ 'ਚ ਆਪਣੀ ਮਿੱਠੀ ਤੇ ਸੁਰੀਲੀ ਅਵਾਜ਼ ਦੇ ਨਾਲ ਬਾਲੀਵੁੱਡ ਤੱਕ ਆਪਣੀ ਨਿਵੇਕਲੀ ਪਛਾਣ ਬਣਾਉਣ ਦੇ ਨਾਲ ਨਾਲ ਪੰਜਾਬੀ ਸੱਭਿਆਚਾਰ ਤੇ ਸਰੋਤਿਆਂ ਦੀ ਝੋਲੀ ਅਨੇਕਾਂ ਸਾਫ ਸੁਥਰੇ ਗੀਤ ਅਤੇ ਧਾਰਮਕ ਭਜਨ ਪਾਉਣ ਵਾਲੇ ਪ੍ਰਸਿੱਧ ਲੋਕ ਗਾਇਕ ਫਿਰੋਜ਼ ਖਾਨ ਨੂੰ ਪੰਜਾਬੀ ਫਿਲਮ ਐਂਡ ਟੀ ਵੀ ਐਕਟਰ ਐਸੋਸੀਏਸ਼ਨ ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਦੇ ਵਿਸ਼ੇਸ਼ ਸਹਿਯੋਗ ਨਾਲ "ਪੰਜਾਬੀ ਸਿਨੇਮਾ ਦਿਵਸ" ਮੌਕੇ ਕਰਵਾਏ ਸਮਾਗਮ ਦੌਰਾਨ ਫਿਲਮਾਂ ਨੂੰ ਆਪਣੇ ਸੁਪਰਹਿੱਟ ਗੀਤਾਂ ਰਾਹੀਂ ਦਿੱਤੇ ਵਡਮੁੱਲੇ ਯੋਗਦਾਨ ਲਈ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਸੰਬੰਧੀ ਗਾਇਕ ਫਿਰੋਜ਼ ਖਾਨ ਨੇ ਦੱਸਿਆ ਕਿ ਐਸੋਸੀਏਸ਼ਨ ਦੇ ਪ੍ਰਧਾਨ ਅਦਾਕਾਰ ਕਰਮਜੀਤ ਅਨਮੋਲ, ਗੁਰਪ੍ਰੀਤ ਘੁੱਗੀ, ਗੱਗੂ ਗਿੱਲ, ਬੀਨੂ ਢਿੱਲੋਂ, ਮਲਕੀਤ ਸਿੰਘ ਰੌਣੀ ਤੇ ਸਮੁੱਚੀ ਟੀਮ ਵੱਲੋਂ ਇਹ ਸਮਾਗਮ ਉਲੀਕਿਆ ਗਿਆ। ਇਸ ਸਮਾਗਮ ਦੌਰਾਨ ਕੈਬਨਿਟ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ। ਉਨ੍ਹਾ ਕਿਹਾ ਕਿ ਪੰਜਾਬੀ ਫਿਲਮ ਐਂਡ ਟੀ ਵੀ ਐਕਟਰ ਐਸੋਸੀਏਸ਼ਨ ਟੀਮ ਦਾ ਉਪਰਾਲਾ ਸ਼ਲਾਘਾਯੋਗ ਹੈ ਕਿਉਂਕਿ ਇਸ ਨਾਲ ਇੰਡਸਟਰੀ 'ਚ ਆ ਰਹੇ ਨਵੇਂ ਅਦਾਕਾਰਾਂ ਅਤੇ ਗਾਇਕਾਂ ਨੂੰ ਪੰਜਾਬੀ ਸਿਨੇਮਾ ਦੇ ਜਨਮ ਦਿਨ ਦਾ ਪਤਾ ਲਗਦਾ ਹੈ ਕਿ 29 ਮਾਰਚ 1935 ਨੂੰ ਪਹਿਲੀ ਪੰਜਾਬੀ ਫਿਲਮ ਰਿਲੀਜ਼ ਹੋਈ ਸੀ। ਗਾਇਕ ਫਿਰੋਜ਼ ਖਾਨ ਨੇ ਕਿਹਾ ਕਿ ਮੈਂ ਐਸੋਸੀਏਸ਼ਨ ਦੀ ਸਮੂਹ ਟੀਮ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਮੈਨੂੰ ਪੰਜਾਬੀ ਪਲੇਅਬੈਕ ਗਾਇਕਾਂ ਵਿੱਚੋਂ ਵਿਸ਼ੇਸ਼ ਤੌਰ 'ਤੇ ਚੋਣ ਕਰਕੇ ਇਹ ਮਾਣ ਦਿੱਤਾ ਅਤੇ ਮੈਂ ਭਵਿੱਖ 'ਚ ਵੀ ਸਰੋਤਿਆਂ ਦੀ ਝੋਲੀ ਸਾਫ ਸੁਥਰੇ ਪਰਵਾਰਕ ਗੀਤਾ ਪਾਉਂਦਾ ਰਹਾਂਗਾ।




# ਖਾਲਸਾ ਸਾਜਨਾ ਦਿਵਸ ਨਗਰ ਕੀਰਤਨ ਤੋਂ ਪਹਿਲਾਂ ਭੰਗ ਬੂਟੀ ਦੀ ਕਰਵਾਈ ਜਾਵੇ ਸਫਾਈ : ਸੈਣੀ



**ਫਗਵਾੜਾ (ਡਾ.ਰਮਨ, ਜਸਵਿੰਦਰ ਢੱਡਾ)**

ਬਾਬਾ ਫਤਿਹ ਸਿੰਘ ਨਗਰ ਵੈਲਫੇਅਰ ਸੁਸਾਇਟੀ (ਰਜਿ.) ਫਗਵਾੜਾ ਦੇ ਚੇਅਰਮੈਨ ਮੇਜਰ ਸਿੰਘ ਸੈਣੀ ਅਤੇ ਪ੍ਰਧਾਨ ਰਾਮਪਾਲ ਸਿੰਘ ਨੇ ਕਾਰਪੋਰੇਸ਼ਨ ਫਗਵਾੜਾ ਤੋਂ ਮੰਗ ਕੀਤੀ ਹੈ ਕਿ 14 ਅਪ੍ਰੈਲ ਨੂੰ ਖਾਲਸਾ ਸਾਜਨਾ ਦਿਵਸ ਦੇ ਸਬੰਧ ਵਚ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਚੌੜਾ ਖੂਹ ਤੋਂ ਗੁਰਦੁਆਰਾ ਸੁਖਚੈਨਆਣਾ ਸਾਹਿਬ ਤੱਕ ਸਜਾਏ ਜਾਣ ਵਾਲੇ ਵਿਸ਼ਾਲ ਨਗਰ ਕੀਰਤਨ ਨੂੰ ਧਿਆਨ ਵਿਚ ਰੱਖਦੇ ਹੋਏ ਗੁਰਦੁਆਰਾ ਸੁਖਚੈਨਆਣਾ ਸਾਹਿਬ ਰੋਡ ਦੇ ਆਲੇ-ਦੁਆਲੇ ਉੱਗੀ ਭੰਗ ਬੂਟੀ ਦੀ ਸਫਾਈ ਕਰਵਾਈ ਜਾਵੇ। ਉਹਨਾਂ ਦੱਸਿਆ ਕਿ ਸੜਕ ਦੇ ਕਿਨਾਰੇ ਭੰਗ ਬੂਟੀ ਦੀ ਭਰਮਾਰ ਹੈ। ਕਈ ਦਿਨਾਂ ਤੋਂ ਬਣੇ ਬਰਸਾਤੀ ਮੌਸਮ 'ਚ ਜਹਿਰੀਲੇ ਕੀੜੇ ਅਤੇ ਸੱਪ ਵਗੈਰਾ ਇਸ ਭੰਗ ਬੂਟੀ ਵਿਚ ਲੁਕੇ ਹੋਣ ਦਾ ਖਦਸ਼ਾ ਵੀ ਬਣਿਆ ਹੋਇਆ ਹੈ। ਜਿਸ ਕਰਕੇ ਉਹ ਨਿਗਮ ਕਮਿਸ਼ਨਰ ਡਾ. ਨਯਨ ਜੱਸਲ ਅਤੇ ਕਾਰਪੋਰੇਸ਼ਨ ਪ੍ਰਸ਼ਾਸਨ ਤੋਂ ਮੰਗ ਕਰਦੇ ਹਨ ਕਿ ਭੰਗ ਬੂਟੀ ਦੀ ਤੁਰੰਤ ਸਫਾਈ ਕਰਵਾਈ ਜਾਵੇ ਤਾਂ ਜੋ ਸੁਖਾਵੇਂ ਮਾਹੌਲ ਵਿਚ ਵਿਸ਼ਾਲ ਨਗਰ ਕੀਰਤਨ ਸੰਪਨ ਹੋ ਸਕੇ। ਇਸ ਮੌਕੇ ਸੁਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ ਦਲਜੀਤ ਸਿੰਘ ਕਾਲਾ, ਗੁਰਮੀਤ ਸਿੰਘ ਜੀਤਾ, ਅਮਰੀਕ ਸਿੰਘ ਰਿਟਾ. ਐਸ.ਡੀ.ਓ., ਸਤਨਾਮ ਸਿੰਘ, ਹਰਜਿੰਦਰ ਸਿੰਘ, ਮਹਿੰਗਾ ਸਿੰਘ, ਜਸਬੀਰ ਸਿੰਘ ਫੌਜੀ, ਕੁਲਵੰਤ ਸਿੰਘ ਭੱਟੀ, ਮਲਕੀਤ ਸਿੰਘ ਨਿੱਕਾ, ਅਮਰਜੀਤ ਸਿੰਘ ਬਸੂਟਾ, ਚਰਨਜੀਤ ਸਿੰਘ ਚੰਨੀ, ਕੁਲਦੀਪ ਸਿੰਘ ਬਸਰਾ, ਕਸ਼ਮੀਰ ਸਿੰਘ ਸ਼ੀਰਾ, ਰੇਸ਼ਮ ਸਿੰਘ ਬਸੂਟਾ, ਸਤਵਿੰਦਰ ਸਿੰਘ ਬਿੱਲਾ, ਗੁਰਨਾਮ ਸਿੰਘ ਰਿਟਾ. ਹੈਡ ਮਾਸਟਰ ਆਦਿ ਹਾਜਰ ਸਨ।

# ਸ਼ਾਇਰ ਪਰਮਜੀਤ ਪੰਮੀ ਖ਼ੁਸ਼ਹਾਲਪੁਰੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਮਾਹਿਲਪੁਰ (ਸਫਰੀ)**

ਮਾਂ ਬੋਲੀ ਪੰਜਾਬੀ ਦੇ ਫੱਕਰ ਸੁਭਾਅ ਦੇ ਸ਼ਾਇਰ,ਦੱਬੇ ਕੁੱਚਲੇ ਲੋਕਾਂ ਦੇ ਸਾਥੀ ਪਰਮਜੀਤ ਪੰਮੀ ਖ਼ੁਸ਼ਹਾਲਪੁਰੀ ਦੇ ਸਦੀਵੀ ਵਿਛੋੜੇ ਨਾਲ ਦੇਸ਼ ਵਿਦੇਸ਼ ਵਸਦੇ ਯਾਰਾਂ-ਦੋਸਤਾਂ,ਰਿਸ਼ਤੇਦਾਰਾਂ ਤੇ ਚਾਹੁਣ ਵਾਲਿਆਂ ਵਿੱਚ ਸੋਗ ਦੀ ਲਹਿਰ ਫੈਲ ਗਈ ਤੇ ਸਭਨਾਂ ਦੇ ਮਨਾਂ ਨੂੰ ਡੂੰਘੀ ਠੇਸ ਪਹੁੰਚੀ ਹੈ। ਸਮਾਜ ਵਿੱਚ ਹਰ ਇੱਕ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੋਣ ਵਾਲਾ ਤੇ ਦਿਲੋਂ ਹਮਦਰਦੀ ਰੱਖਣ ਵਾਲਾ ਨੇਕ ਇਨਸਾਨ ਪੰਮੀ ਖਸ਼ਸਹਾਲਪੁਰੀ ਇੰਨੀ ਜਲਦੀ ਜਹਾਨੋਂ ਰੁਖਸਤ ਹੋ ਜਾਵੇਗਾ ਕਦੇ ਕਿਸੇ ਨੇ ਸੁਪਨੇ ਵਿੱਚ ਵੀ ਸੋਚਿਆ ਨਹੀਂ ਹੋਵੇਗਾ। ਸਦੀਵੀ ਵਿਛੋੜੇ ਤੋਂ ਪਹਿਲਾਂ ਉਹ ਸਹੀ ਸਲਾਮਤ ਆਪਣੇ ਪਿੰਡ ਖ਼ੁਸ਼ਹਾਲਪੁਰ ਗੇੜਾ ਮਾਰਨ ਗਿਆ ਤੇ ਆਪਣੇ ਸਾਰੇ ਸਾਥੀਆਂ ਤੇ ਸੱਥ ਵਿੱਚ ਬੈਠੇ ਪਿੰਡ ਵਾਸੀਆਂ ਨੂੰ ਚੰਗੀ ਤਰ੍ਹਾਂ ਮਿਲ ਕੇ ਆਇਆ,ਰਾਤ ਨੂੰ ਅਚਾਨਕ ਤਬੀਅਤ ਖਰਾਬ ਹੋਈ ਤੇ ਉਸ ਨੂੰ ਆਪਣੇ ਬਚਾਅ ਲਈ ਮੌਕਾ ਹੀ ਨਾ ਮਿਲਿਆ। ਅੰਤਿਮ ਸੰਸਕਾਰ ਪਰਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਸਾਥੀ ਸਟਾਫ ਮੈਂਬਰਾਂ,ਯਾਰਾਂ-ਦੋਸਤਾਂ ਤੇ ਦੂਰੋਂ ਨੇੜਿਉਂ ਪਹੁੰਚੇ ਇਲਾਕਾ ਨਿਵਾਸੀਆਂ ਦੀ ਹਾਜਰੀ ਵਿੱਚ ਕਰ ਦਿੱਤਾ ਗਿਆ। ਖ਼ੁਸ਼ਹਾਲਪੁਰੀ ਦੀ ਬੇਵਕਤ ਮੌਤ ਨਾਲ ਪਰਵਾਰ ਅਤੇ ਸਮਾਜ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਇਲਾਕਾ ਨਿਵਾਸੀਆਂ ਨੂੰ ਇਸ ਸੱਚੇ ਸੁੱਚੇ ਨੇਕ ਇਨਸਾਨ ਦੀ ਘਾਟ ਹਮੇਸ਼ਾ ਰੜਕਦੀ ਰਹੇਗੀ। ਮਾਹਿਲਪੁਰ ਵਿਖੇ ਸੰਯੁਕਤ ਕਿਸਾਨ ਮੋਰਚੇ ਦੇ ਸਮੱਰਥਕਾਂ ਤੇ ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਵਲੋਂ ਉਸ ਵਿਛੜੀ ਬਹੁਪੱਖੀ ਸ਼ਖਸੀਅਤ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ, ਗੁਰਮਿੰਦਰ ਕੈਂਡੋਵਾਲ, ਸਲਿੰਦਰ ਪਾਲ ਕਾਕਾ ਪਦਰਾਣਾ, ਵਾਸਦੇਵ ਲਲਵਾਨ, ਮੂਲ ਰਾਜ, ਮਦਨ ਲਾਲ ਮੱਦੋ, ਗੁਰਪ੍ਰੀਤ ਮਾਹਿਲਪੁਰੀ, ਅਵਤਾਰ ਲੰਗੇਰੀ, ਵਿਜੇ ਬੰਬੇਲੀ, ਮਲਕੀਤ ਬਾਹੋਵਾਲ,ਜਗਤਾਰ ਬਾਹੋਵਾਲ, ਜੁਝਾਰ ਸਿੰਘ ਮਹਿਨਾ, ਜੋਧਾ ਬਰਾੜ, ਪਰਮਿੰਦਰ ਪਿੰਦਾ, ਖੁਸਵੰਤ ਬੈਂਸ, ਮਨੀ ਬਿਹਾਲਾ, ਅਮਨਦੀਪ ਸਿੰਘ ਕੰਮੋਵਾਲ, ਮੱਖਣ ਸਿੰਘ ਕੋਠੀ, ਸੁਰਿੰਦਰ ਕੁਮਾਰ, ਪ੍ਰਵੀਨ ਮੈਹਤਾ, ਜਸਵੀਰ ਸੀਰਾ, ਜਸਵਿੰਦਰ ਬੰਗਾ ਨੇ ਸਦੀਵੀ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਉਨ੍ਹਾਂ ਦੇ ਪਰਵਾਰ ਦੀ ਸੁੱਖ ਸ਼ਾਂਤੀ ਲਈ ਅਕਾਲ ਪੁਰਖ ਦੀ ਦੇ ਚਰਨਾਂ ਵਿੱਚ ਅਰਦਾਸ ਕੀਤੀ।

# ਡਿਪਟੀ ਕਮਿਸ਼ਨਰ ਵੱਲੋਂ ਆਧਾਰ ਕਾਰਡ ਅਪਡੇਟ ਕਰਨ ਦੀ ਚੱਲ ਰਹੀ ਮੁਹਿੰਮ ਦੀ ਸਮੀਖਿਆ

**ਐਸ.ਏ.ਐਸ. ਨਗਰ,(ਗੁਰਜੀਤ ਬਿੱਲਾ)**

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਪਿਛਲੇ ਅੱਠ ਸਾਲ ਤੋਂ ਆਧਾਰ ਕਾਰਡ ਨੂੰ ਅਪਡੇਟ ਨਾ ਕਰਵਾਉਣ ਵਾਲੇ ਵਿਅਕਤੀਆਂ ਨੂੰ ਆਪਣਾ ਆਧਾਰ ਕਾਰਡ ਤਰੁੰਤ ਅੱਪਡੇਟ ਕਰਵਾਉਣ ਦੀ ਅਪੀਲ ਕੀਤੀ ਹੈ। ਜ਼ਿਲ੍ਹੇ ਵਿੱਚ ਆਧਾਰ ਕਾਰਡ ਅੱਪਡੇਟ ਕਰਨ ਦੀ ਚੱਲ ਰਹੀ ਮੁਹਿੰਮ ਦੀ ਸਮੀਖਿਆ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ 8 ਤੋਂ 10 ਸਾਲਾਂ ਦੌਰਾਨ ਅਧਾਰ ਕਾਰਡ ਵਿੱਚ ਪਹਿਚਾਣ ਅਤੇ ਪਤੇ ਦੀ ਦਰੁਸਤੀ ਕਰਵਾਉਣ ਦੀ ਲੋੜ ਹੁੰਦੀ ਹੈ। ਇਸ ਕਰਕੇ ਜਿਨ੍ਹਾਂ ਨੇ ਸਾਲ 2015 ਤੋਂ ਪਹਿਲਾਂ ਆਧਾਰ ਕਾਰਡ ਬਣਾਇਆ ਹੈ, ਉਨ੍ਹਾਂ ਵਾਸਤੇ ਆਪਣਾ ਆਧਾਰ ਕਾਰਡ ਅਪਡੇਟ ਕਰਵਾਉਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਆਧਾਰ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਾਰਨ ਸਰਕਾਰ ਵੱਲੋਂ ਇਹ ਨਵੀਂ ਕਵਾਇਦ ਸ਼ੁਰੂ ਕੀਤੀ ਗਈ ਹੈ। ਇਸ ਦੇ ਹੇਠ ਪਛਾਣ ਦੇ ਸਬੂਤਾਂ (ਪੀ. ਓ. ਆਈ) ਅਤੇ ਪਤੇ ਦੇ ਸਬੂਤਾਂ (ਪੀ. ਓ. ਏ.) ਸਬੰਧੀ ਦਸਤਾਵੇਜ਼ਾਂ ਨੂੰ ਅੱਪਡੇਟ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਾਰੇ ਸੇਵਾ ਕੇਂਦਰਾਂ ਅਤੇ ਪਿੰਡਾਂ ਵਿੱਚ ਲਾਏ ਜਾ ਰਹੇ ਕੈਂਪਾਂ ਵਿੱਚ ਇਹ ਸੇਵਾ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਆਧਾਰ ਅੱਪਡੇਟ ਕਰਨ ਦੀ ਫੀਸ 50 ਰੁਪਏ ਹੈ ਪਰ ਆਨਲਾਈਨ ਅੱਪਡੇਸ਼ਨ ਲਈ 14 ਜੂਨ ਤੱਕ ਫੀਸ ਤੋਂ ਛੋਟ ਦਿੱਤੀ ਗਈ ਹੈ। ਉਨ੍ਹਾਂ ਨੇ 0-5 ਸਾਲ ਦੀ ਉਮਰ ਦੇ ਬੱਚਿਆਂ ਦੀ ਆਧਾਰ ਕਾਰਡ ਦੀ ਇਨਰੋਲਮੈਂਟ 'ਤੇ ਵਿਸ਼ੇਸ਼ ਤੌਰ 'ਤੇ ਜ਼ੋਰ ਦਿੱਤਾ ਹੈ। ਇਸ ਤਰ੍ਹਾਂ ਹੀ ਉਨ੍ਹਾਂ ਨੇ 5 ਤੋਂ 15 ਸਾਲ ਦੇ ਬੱਚਿਆ ਲਈ ਲਾਜ਼ਮੀ ਬਾਇਓਮੈਟ੍ਰਿਕ ਅਪਡੇਟ ਨੂੰ ਪੂਰਾ ਕਰਨ ਲਈ ਵੀ ਕਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ 'ਆਪ ਦੀ ਸਰਕਾਰ ਆਪ ਦੇ ਦੁਆਰ' ਪ੍ਰੋਗਰਾਮ ਤਹਿਤ ਆਧਾਰ ਕਾਰਡਾ ਦੀ ਅਪਡੇਸ਼ਨ ਵਾਸਤੇ ਵੱਖ ਵੱਖ ਪਿੰਡਾਂ ਵਿੱਚ ਲਾਏ ਜਾ ਰਹੇ ਇਹ ਕੈਂਪ 11 ਮਾਰਚ ਤੋਂ ਇਹ ਕੈਂਪ ਸ਼ੁਰੂ ਕੀਤੇ ਗਏ ਸਨ ਅਤੇ ਹੁਣ ਤੱਕ ਦੋ ਦਰਜਨ ਦੇ ਕਰੀਬ ਪਿੰਡਾਂ ਵਿੱਚ ਲਾਏ ਜਾ ਚੁੱਕੇ ਹਨ। ਇਸ ਮੁਹਿੰਮ ਦੀ ਵਿਸ਼ੇਸ਼ਤਾ ਇਹ ਹੈ ਕਿ ਆਧਾਰ ਅੱਪਡੇਸ਼ਨ ਦੀ ਸ਼ੁਰੂਆਤ ਪਿੰਡ ਪੱਧਰ 'ਤੇ ਕੀਤੀ ਗਈ ਹੈ।

ਇਸ ਤਰ੍ਹਾਂ ਹੁਣ ਐਸ.ਏ.ਐਸ. ਨਗਰ ਜ਼ਿਲ੍ਹੇ ਦੇ ਤਿੰਨੇ ਸਬ-ਡਵੀਜ਼ਨਾਂ ਅਧੀਨ ਪੈਂਦੇ ਤਰਤੀਬਵਾਰ ਵੱਖ-ਵੱਖ ਪਿੰਡਾਂ ਵਿੱਚ ਨਿਯਤਮ ਤੌਰ 'ਤੇ ਕੈਂਪ ਲਗਾਏ ਜਾ ਰਹੇ ਹਨ। ਸ੍ਰੀਮਤੀ ਆਸ਼ਿਕਾ ਜੈਨ ਨੇ ਕਿਹਾ ਕਿ ਇਹਨਾਂ ਕੈਂਪਾਂ ਰਾਹੀਂ ਲੋਕਾਂ ਦੇ ਦਰਾਂ 'ਤੇ ਪਹੁੰਚ ਕੇ ਸਰਕਾਰ ਵੱਲੋਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਸੇਵਾ ਕੇਂਦਰ ਜਾਣ ਲਈ ਲੋਕਾਂ ਨੂੰ ਆਪਣਾ ਕੰਮ ਛੱਡ ਕੇ ਅਤੇ ਕਿਰਾਇਆ ਖਰਚ ਕੇ ਜਾਣਾ ਪੈਂਦਾ ਹੈ। ਇਸ ਕਰਕੇ ਸਰਕਾਰ ਲੋਕਾਂ ਦੇ ਘਰਾਂ ਦੇ ਨੇੜੇ ਹੀ ਪੁੱਜੀ ਹੈ। ਉਨ੍ਹਾਂ ਨੇ ਅਜਿਹੇ ਕੈਂਪਾਂ ਤੋਂ ਵੱਧ ਤੋਂ ਵੱਧ ਲਾਭ ਲੈਣ ਦੀ ਲੋਕਾਂ ਨੂੰ ਅਪੀਲ ਕੀਤੀ।

# ਪ੍ਰਾਈਵੇਟ ਪ੍ਰਕਾਸ਼ਕਾਂ ਦੀਆਂ ਪੁਸਤਕਾਂ ਵੇਚ ਕੇ ਸਕੂਲ ਕਮਾ ਰਹੇ ਹਨ ਮੋਟਾ ਪੈਸਾ

**ਖਰੜ (ਹਰਨਾਮ ਸਿੰਘ ਡੱਲਾ)**

ਸਥਾਨਕ ਮਾਪਿਆਂ ਵਲੋਂ ਪ੍ਰਾਈਵੇਟ ਸਕੂਲਾਂ ਦੀਆਂ ਮੈਨੇਜਮੈਂਟਾਂ ਅਤੇ ਉਨ੍ਹਾਂ ਦੇ ਅਮਲੇ ਉੱਤੇ ਪ੍ਰਾਈਵੇਟ ਪ੍ਰਕਾਸ਼ਕਾਂ ਦੀਆਂ ਛਾਪੀਆਂ ਕਿਤਾਬਾਂ ਵੇਚਣ ਦੇ ਦੋਸ਼ ਲਗਾਏ ਗਏ ਹਨ। ਸਰਕਾਰੀ ਆਦੇਸ਼ਾਂ ਦੇ ਬਾਵਜੂਦ ਪ੍ਰਾਈਵੇਟ ਸਕੂਲਾਂ ਦੇ ਮਾਲਕ ਸਰਕਾਰੀ ਪ੍ਰਕਾਸ਼ਨਾ ਅਧੀਨ ਛਪਦੀਆਂ ਐੱਨ ਸੀ ਆਰ ਟੀ ਦੀਆਂ ਪੁਸਤਕਾਂ ਲਗਾਉਣ ਦੀ ਥਾਂ 'ਤੇ ਉਨ੍ਹਾਂ ਨੂੰ ਪ੍ਰਾਈਵੇਟ ਪ੍ਰਕਾਸ਼ਕਾਂ ਦੀਆਂ ਕਿਤਾਬਾਂ ਖਰੀਦਣ ਲਈ ਮਜਬੂਰ ਕਰ ਰਹੇ ਹਨ। ਜੇਕਰ ਕੋਈ ਮਾਪੇ ਸਕੂਲ ਅਮਲੇ ਨੂੰ ਐੱਨ.ਸੀ.ਆਰ.ਟੀ. ਵਲੋਂ ਪ੍ਰਕਾਸ਼ਿਤ ਕਿਤਾਬਾਂ ਖਰੀਦਣ ਬਜਿੱਦ ਹੁੰਦਾ ਹੈ ਤਾਂ ਉਸ ਦੇ ਬੱਚੇ ਨਾਲ ਦੁਐਤ ਦੀ ਭਾਵਨਾ ਨਾਲ ਵਿਤਕਰਾ ਵੀ ਕੀਤਾ ਜਾਂਦਾ ਹੈ। ਜਿਸ ਕਰਕੇ ਮਹਿੰਗਾਈ ਦੇ ਇਸ ਯੁੱਗ ਵਿੱਚ ਮਾਪਿਆਂ ਨੂੰ ਬੱਚਿਆਂ ਨੂੰ ਮਹਿੰਗੀ ਸਿੱਖਿਆ ਦਿਵਾਉਣੀ ਪੈ ਰਹੀ ਹੈ। ਇੱਕ ਬੱਚੇ ਦੇ ਮਾਪੇ ਵਲੋਂ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਪ੍ਰਾਈਵੇਟ ਪ੍ਰਕਾਸ਼ਕਾਂ ਦੀਆਂ ਚੌਥੀ ਅਤੇ ਪੰਜਵੀਂ ਜਮਾਤ ਦੀਆਂ ਕਿਤਾਬਾਂ 5000/- ਰੁਪਏ ਤੋਂ 5500/- ਤੱਕ ਖਰੀਦਣੀਆਂ ਪੈ ਰਹੀਆਂ ਹਨ ਜਦਕਿ ਸਰਕਾਰੀ ਪ੍ਰਕਾਸਨਾ ਅਧੀਨ ਛਪਦੀਆਂ ਕਿਤਾਬਾਂ ਦੀ ਕੀਮਤ 1000/- ਰੁਪਏ ਤੋਂ ਵੀ ਘੱਟ ਹੈ। ਮਾਪਿਆਂ ਵਲੋਂ ਸਿਖਿਆ ਮੰਤਰੀ ਪੰਜਾਬ ਤੋਂ ਮੰਗ ਕੀਤੀ ਗਈ ਹੈ ਕਿ ਪ੍ਰਾਈਵੇਟ ਪ੍ਰਕਾਸ਼ਕਾਂ ਦੀਆਂ ਕਿਤਾਬਾਂ ਉੱਤੇ ਤੁਰੰਤ ਪਾਬੰਦੀ ਲਗਾ ਕੇ ਮਾਪਿਆਂ ਦੀ ਹੁੰਦੀ ਲੁੱਟ ਖਤਮ ਕਰਵਾਈ ਜਾਵੇ।



# ਸਪੈਸ਼ਲ ਉਲੰਪਿਕਸ ਇੰਡੀਆ ਪੰਜਾਬ ਦਾ 5ਵਾਂ ਪੰਜਾਬ ਰਾਜ ਸੱਭਿਆਚਾਰਕ ਮੁਕਾਬਲਾ ਸੰਪਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਆਸ਼ਾਦੀਪ ਵੈਲਫੇਅਰ ਸੁਸਾਇਟੀ ਵੱਲੋਂ ਸਪੈਸ਼ਲ ਉਲੰਪਿਕਸ ਇੰਡੀਆ ਪੰਜਾਬ ਚੈਪਟਰ ਦੇ ਸਹਿਯੋਗ ਨਾਲ 5ਵਾਂ ਪੰਜਾਬ ਰਾਜ ਸੱਭਿਆਚਾਰਕ ਮੁਕਾਬਲਾ ਜੈਮਸ ਕੈਂਬਰਿਜ ਇੰਟਰਨੈਸ਼ਨਲ ਸਕੂਲ ਹੁਸ਼ਿਆਰਪੁਰ ਵਿਖੇ ਕਰਵਾਇਆ ਗਿਆ। ਇਸ ਦੋ ਦਿਨਾਂ ਦੇ ਸਮਾਗਮ ਵਿੱਚ ਲਗਭਗ 300 ਵਿਦਿਆਰਥੀ ਅਤੇ ਕੋਚ ਭਾਗ ਲੈ ਰਹੇ ਹਨ। ਸ਼ਾਮ ਦੇ ਪ੍ਰੋਗਰਾਮ ਵਿਚ ਜਸਵੀਰ ਸਿੰਘ ਰਾਜਾ ਗਿੱਲ ਵਿਧਾਇਕ ਟਾਂਡਾ, ਕਰਮਵੀਰ ਸਿੰਘ ਘੁੰਮਣ ਵਿਧਾਇਕ ਦਸੂਹਾ, ਡਾ ਰਵਜੋਤ ਸਿੰਘ ਵਿਧਾਇਕ ਸ਼ਾਮ ਚੌਰਾਸੀ, ਗੁਰਵਿੰਦਰ ਸਿੰਘ ਪਾਬਲਾ ਜ਼ਿਲ੍ਹਾ ਪ੍ਰਧਾਨ, ਸ੍ਰੀਮਤੀ ਕਰਮਜੀਤ ਕੌਰ ਚੇਅਰਪਰਸਨ ਜ਼ਿਲ੍ਹਾ ਯੋਜਨਾ ਨੇ ਸਤਿਕਾਰਯੋਗ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਸ੍ਰੀ ਅਵਿਨਾਸ਼ ਰਾਏ ਖੰਨਾ ਸਾਬਕਾ ਮੈਂਬਰ ਪਾਰਲਿਆਮੈਂਟ, ਮੀਤ-ਪ੍ਰਧਾਨ, ਇੰਡੀਅਨ ਰੈਡ ਕਰਾਸ ਸੁਸਾਇਟੀ, ਸ੍ਰੀ ਆਈ.ਐਮ.ਜੇ.ਐਸ. ਸਿੱਧੂ ਵਰਧਮਾਨ ਟੈਕਸਟਾਈਲਜ਼, ਤਰੁਣ ਚਾਵਲਾ ਵਰਧਮਾਨ ਯਾਰਨ ਐਂਡ ਥ੍ਰੈਡ, ਸ਼੍ਰੀ ਸੰਦੀਪ ਗੁਪਤਾ, ਸੀ.ਈ.ਓ. ਰਜਿੰਦਰਾ ਕਾਰਬਨਜ਼, ਡਾ. ਅਨੂਪ ਕੁਮਾਰ ਪ੍ਰਧਾਨ, ਡੀ.ਏ.ਵੀ ਮੈਨੇਜਿੰਗ ਕਮੇਟੀ, ਸ੍ਰੀ ਮਹਿੰਦਰਪਾਲ ਸਿੰਘ ਬਾਜਵਾ, ਯੂਨੀਵਰਸਲ ਟਰੇਡਰਜ਼ ਹੁਸ਼ਿਆਰਪੁਰ ਨੇ 50 ਹਜ਼ਾਰ ਰੁਪਏ ਭੇਟ ਕੀਤੇ। ਸ੍ਰੀ ਸੰਦੀਪ ਗੁਪਤਾ, ਰਜਿੰਦਰਾ ਕਾਰਬਨਜ਼ ਹੁਸ਼ਿਆਰਪੁਰ ਨੇ ਮੰਦਬੁੱਧੀ ਬੱਚਿਆਂ ਦੀ ਭਲਾਈ ਲਈ 21 ਹਜ਼ਾਰ ਰੁਪਏ ਭੇਟ ਕੀਤੇ। ਸ਼੍ਰੀ ਅਸ਼ੋਕ ਅਰੋੜਾ, ਸਲਾਹਕਾਰ ਐਸ.ਓ.ਬੀ ਲੁਧਿਆਣਾ ਨੇ 50,000 ਰੁਪਏ, ਸ੍ਰੀ ਸੰਜੀਵ ਜੈਨ ਨੇ ਵਿਸ਼ੇਸ਼ ਬੱਚਿਆਂ ਦੀ ਭਲਾਈ ਲਈ 31,000 ਰੁਪਏ ਭੇਟ ਕੀਤੇ। ਪ੍ਰੋਜੈਕਟ ਡਾਇਰੈਕਟਰ ਪਰਮਜੀਤ ਸਿੰਘ ਸਚਦੇਵਾ ਨੇ ਦੱਸਿਆ ਕਿ ਇਸ ਦੋ ਦਿਨ ਦੇ ਪ੍ਰੋਗਰਾਮ ਵਿਚ 10 ਈਵੈਂਟ ਕਰਵਾਏ ਜਾ ਰਹੇ ਹਨ, ਜਿਸ ਵਿਚ ਯੂਨੀਫਾਈਡ ਡਾਂਸ, ਸੋਲੋ ਸਿੰਗਿੰਗ ਟੀਚਰਜ਼, ਸੋਲੋ ਡਾਂਸ ਮੇਲ, ਫੀਮੇਲ, ਗਰੁੱਪ ਡਾਂਸ, ਫੈਸ਼ਨ ਸ਼ੋਅ, ਕੋਰੀਓਗ੍ਰਾਫੀ, ਗਿੱਧਾ ਆਦਿ ਵਿਚ ਵਿਸ਼ੇਸ਼ ਬੱਚਿਆਂ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਦੋ ਰੋਜ਼ਾ ਸਮਾਗਮ ਵਿਚ ਸਟੇਜ ਸੈਕਟਰ ਦੀ ਭੂਮਿਕਾ ਸ੍ਰੀਮਤੀ ਰੇਖਾ ਕਸ਼ਯਪ ਸੇਂਟ ਜੋਸਫ ਸਕੂਲ ਜਲੰਧਰ ਨੇ ਨਿਭਾਈ। ਲੈਕਮੀ ਸੈਲੂਨ ਹੁਸ਼ਿਆਰਪੁਰ ਨੇ ਵਿਸ਼ੇਸ਼ ਬੱਚਿਆਂ ਦਾ ਮੇਕ ਅਪ ਕੀਤਾ ਅਤੇ ਇਹ ਸੇਵਾ ਮੁਫਤ ਪ੍ਰਦਾਨ ਕੀਤੀ। ਅਵਿਨਾਸ਼ ਰਾਏ ਖੰਨਾ ਨੇ ਸਾਰੇ ਭਾਗੀਦਾਰਾਂ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਦੇ ਜੋਸ਼ ਅਤੇ ਜਜ਼ਬੇ ਨੂੰ ਸਲਾਮ ਕੀਤਾ। ਉਨ੍ਹਾਂ ਆਸ਼ਾਦੀਪ ਵੈੱਲਫੇਅਰ ਸੁਸਾਇਟੀ ਦੇ ਕੰਮਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਤਰਨਜੀਤ ਸਿੰਘ ਸੀ.ਏ. ਸਤਿਕਾਰਯੋਗ ਮਹਿਮਾਨਾਂ ਅਤੇ ਸਾਡੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਕੱਤਰ ਹਰਬੰਸ ਸਿੰਘ, ਹਰੀਸ਼ ਠਾਕੁਰ, ਭੁਪਿੰਦਰ ਸਿੰਘ ਭਾਰਜ, ਰਾਮ ਆਸਰਾ, ਐਡਵੋਕੇਟ ਹਰੀਸ਼ ਐਰੀ, ਹਰੀਸ਼ ਠਾਕੁਰ, ਹਰਮੇਸ਼ ਤਲਵਾੜ, ਰਾਮ ਕੁਮਾਰ, ਮਲਕੀਅਤ ਸਿੰਘ ਮਹੇੜੂ, ਸੁਰੇਸ਼ ਠਾਕੁਰ ਸਪੋਰਟਸ ਡਾਇਰੈਕਟਰ, ਰੇਖਾ ਕਸ਼ਯਪ, ਬਰਿੰਦਰ ਕੁਮਾਰ ਕੋਰਸ ਕੋਆਰਡੀਨੇਟਰ, ਪ੍ਰਿੰਸੀਪਲ ਸ਼ੈਲੀ ਸ਼ਰਮਾ, ਲੈਕਮੀ ਸੈਲੂਨ ਦਾ ਵਲੰਟੀਅਰ ਸਟਾਫ਼, ਜੇ.ਐਸ.ਐਸ. ਆਸ਼ਾ ਕਿਰਨ ਟੀਚਰਜ਼ ਟ੍ਰੇਨਿੰਗ ਇੰਸਟੀਚਿਊਟ ਦੇ ਵਲੰਟੀਅਰ ਅਤੇ ਵਿਸ਼ੇਸ਼ ਬੱਚੇ ਹਾਜ਼ਰ ਸਨ।

4-April-PAGE-9.qxd 4/3/2023 10:43 PM Page 1



# ਪੁਲਸ ਨੇ ਹਥਿਆਰਬੰਦ ਲੁੱਟ ਦੀ ਵਾਰਦਾਤ ਨੂੰ ਕੀਤਾ ਨਾਕਾਮ, ਦੋ ਮੁਲਜ਼ਮ ਗ੍ਰਿਫਤਾਰ

## ਪਿਸਤੌਲ, 5 ਜ਼ਿੰਦਾ ਕਾਰਤੂਸ ਅਤੇ ਸਕੋਡਾ ਗੱਡੀ ਬਰਾਮਦ



**ਐਸ ਏ ਐਸ ਨਗਰ (ਗੁਰਜੀਤ ਬਿੱਲਾ)**-ਪੁਲਸ ਵੱਲੋਂ ਜੁਰਮ ਵਿਰੁੱਧ ਵਿੱਢੀ ਮੁਹਿੰਮ ਤਹਿਤ ਉਸ ਵੇਲੇ ਵੱਡੀ ਸਫਲਤਾ ਹਾਸਲ ਹੋਈ ਜਦੋਂ ਜ਼ੀਰਕਪੁਰ ਪੁਲਸ ਨੇ ਐਸ ਪੀ(ਰ) ਨਵਰੀਤ ਸਿੰਘ ਵਿਰਕ ਅਤੇ ਡੀ ਐਸ ਪੀ ਬਿਕਰਮਜੀਤ ਸਿੰਘ ਬਰਾੜ ਪੀ ਪੀ ਐਸ, ਡੀ ਐਸ ਪੀ ਐਸ ਡੀ ਜ਼ੀਰਕਪੁਰ ਦੀ ਅਗਵਾਈ 'ਚ ਵੱਡੀ ਸਫਲਤਾ ਹਾਸਲ ਕੀਤੀ । ਐਸ ਐਸ ਪੀ ਡਾ. ਸੰਦੀਪ ਗਰਗ ਨੇ ਦੱਸਿਆ ਕਿ ਸਿਮਰਜੀਤ ਸਿੰਘ, ਐਸ ਐਚ ਓ ਨੇ ਜ਼ੀਰਕਪੁਰ ਵਿਖੇ ਇੱਕ 52 ਸਾਲਾ ਬੈਂਕਰ ਤੋਂ 1.2 ਲੱਖ ਰੁਪਏ ਅਤੇ ਹੋਰ ਕੀਮਤੀ ਸਮਾਨ ਦੀ ਲੁੱਟ-ਖੋਹ ਕਰਨ ਵਾਲੇ ਦੋਵਾਂ ਮੁਲਜ਼ਮਾਂ ਨੂੰ 48 ਘੰਟਿਆਂ ਦੇ ਅੰਦਰ ਅੰਦਰ ਗ੍ਰਿਫਤਾਰ ਕਰ ਲਿਆ। ਐਸ ਐਸ ਪੀ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਪੀਰਵਾਲਾ ਚੌਕ ਲਾਈਟਾਂ ਤੋਂ ਬੱਸ 'ਚ ਸਵਾਰ ਹੋਣ ਦੀ ਉਡੀਕ ਕਰ ਰਹੇ ਐਸ ਬੀ ਆਈ ਬੈਂਕ ਦੇ ਮੁਲਾਜ਼ਮ ਵਿਕਾਸ ਸ਼ਰਮਾ ਕੋਲੋਂ ਦੋ ਅਣਪਛਾਤੇ ਬਦਮਾਸ਼ਾਂ ਨੇ ਪੈਸੇ ਅਤੇ ਹੋਰ ਕੀਮਤੀ ਸਮਾਨ ਲੁੱਟ ਲਿਆ , ਜਿਨ੍ਹਾਂ ਨੇ ਉਸ ਨੂੰ ਚਿੱਟੇ ਰੰਗ ਦੀ ਸਕੋਡਾ ਕਾਰ 'ਚ ਲਿਫਟ ਦੇਣ ਦੀ ਪੇਸ਼ਕਸ਼ ਕੀਤੀ ਸੀ। ਲੁਟੇਰਿਆਂ ਨੇ ਉਸ ਤੋਂ ਯੂ ਪੀ ਆਈ ਰਾਹੀਂ 1 ਲੱਖ ਰੁਪਏ ਟਰਾਂਸਫਰ ਕਰਵਾਏ ਅਤੇ ਫਿਰ ਉਸ ਨੂੰ ਬੰਦੂਕ ਦੀ ਨੋਕ 'ਤੇ ਦਸਮੇਸ਼ ਨਗਰ ਸਥਿਤ ਏ ਟੀ ਐੱਮ 'ਤੇ ਲੈ ਗਏ, ਜਿੱਥੋਂ ਉਨ੍ਹਾਂ ਨੇ 20000 ਰੁਪਏ ਕਢਵਾ ਲਏ । ਭੱਜਣ ਤੋਂ ਪਹਿਲਾਂ ਦੋਵਾਂ ਨੇ ਉਸ ਦਾ ਪਰਸ, ਮੋਬਾਈਲ ਫੋਨ ਅਤੇ ਸੋਨੇ ਦੀਆਂ ਮੁੰਦਰੀਆਂ ਵੀ ਖੋਹ ਲਈਆਂ । ਜ਼ੀਰਕਪੁਰ ਪੁਲਸ ਨੇ ਮਾਮਲਾ ਦਰਜ ਕਰਨ ਤੋਂ ਬਾਅਦ, ਇੱਕ ਦੋਸ਼ੀ ਦੀ ਪਛਾਣ ਨਿਤਿਨ ਕੁਮਾਰ ਪੁੱਤਰ ਵਿਨੇਸ਼ ਕੁਮਾਰ ਵਾਸੀ ਅਬੋਹਰ, ਫਾਜ਼ਿਲਕਾ ਵਜੋਂ ਕੀਤੀ, ਜੋ ਕਿ ਹਿਸਟਰੀ ਸ਼ੀਟਰ ਹੈ । ਉਸ 'ਤੇ ਲੁੱਟ-ਖੋਹ , ਕਤਲ ਦੀ ਕੋਸ਼ਿਸ਼, ਐਨ ਡੀ ਪੀ ਐਸ ਅਤੇ ਨਜਾਇਜ਼ ਹਥਿਆਰਾਂ ਨਾਲ ਸੰਬੰਧਤ 5 ਤੋਂ ਵੱਧ ਅਪਰਾਧਕ ਮਾਮਲੇ ਦਰਜ ਹਨ। ਪਹਿਲੀ ਅਪ੍ਰੈਲ ਨੂੰ ਪੁਲਸ ਨੇ ਇੱਕ ਇਤਲਾਹ 'ਤੇ ਕਾਰਵਾਈ ਕਰਦੇ ਹੋਏ ਨਿਤਿਨ ਕੁਮਾਰ ਨੂੰ ਉਸ ਦੇ ਇੱਕ ਹੋਰ ਸਾਥੀ ਅਮਿਤ ਕੁਮਾਰ ਪੁੱਤਰ ਨੱਥੂ ਰਾਮ ਵਾਸੀ ਅਬੋਹਰ ਸਮੇਤ ਸਿਗਮਾ ਸਿਟੀ, ਜ਼ੀਰਕਪੁਰ ਤੋਂ ਗ੍ਰਿਫਤਾਰ ਕੀਤਾ। ਇੱਕ.32 ਕੈਲੀਬਰ ਪਿਸਤੌਲ ਸਮੇਤ 5 ਜ਼ਿੰਦਾ ਕਾਰਤੂਸ ਅਤੇ ਅਪਰਾਧ 'ਚ ਵਰਤੀ ਗਈ ਸਕੋਡਾ ਗੱਡੀ ਵੀ ਬਰਾਮਦ ਕੀਤੀ ਗਈ ਹੈ ।

## ਪੰਜ ਸਾਲ ਉਮਰ ਤੱਕ ਦੇ ਬੱਚਿਆਂ ਨੂੰ ਪੌਸ਼ਟਿਕ ਆਹਾਰ ਦੇਣਾ ਬੇਹੱਦ ਜ਼ਰੂਰੀ : ਕਮਲਾ ਦੇਵੀ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ )**- ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹਾਜੀਪੁਰ (ਸਰਕਲ ਭੁੱਲਾਰਾਈ) ਆਂਗਣਵਾੜੀ ਸੈਂਟਰ ਵਿਖੇ ਬਾਲ ਵਿਕਾਸ ਪ੍ਰੋਜੈਕਟ ਅਫਸਰ ਸੁਸ਼ੀਲ ਲਤਾ ਭਾਟੀਆ ਦੇ ਨਿਰਦੇਸ਼ਾਂ ਅਤੇ ਸੁਪਰਵਾਈਜ਼ਰ ਕਮਲਾ ਦੇਵੀ ਦੀ ਅਗਵਾਈ ਹੇਠ ਸਮੂਹ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਵੱਲੋਂ ਪੋਸ਼ਣ ਪਖਵਾੜਾ ਮਨਾਇਆ ਗਿਆ। ਇਸ ਦੌਰਾਨ ਸੁਪਰਵਾਈਜ਼ਰ ਕਮਲਾ ਦੇਵੀ ਨੇ ਗਰਭਵਤੀ ਔਰਤਾਂ, ਦੁੱਧ ਪਿਆਉ ਮਾਂਵਾਂ ਤੇ ਨਵਜੰਮੇ ਬੱਚਿਆਂ ਨੂੰ ਪੌਸ਼ਟਿਕ ਖੁਰਾਕ ਲੈਣ ਸੰਬੰਧੀ ਵਡਮੁੱਲੀ ਜਾਣਕਾਰੀ ਦਿੱਤੀ। ਉਨ੍ਹਾ ਦੱਸਿਆ ਕਿ ਪੰਜ ਸਾਲ ਦੀ ਉਮਰ ਤੱਕ ਬੱਚਿਆਂ ਨੂੰ ਸਿਰਫ ਪੌਸ਼ਟਿਕ ਭੋਜਨ ਹੀ ਦੇਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੇ ਸਰੀਰ ਦੀ ਬਣਤਰ ਦਾ ਸਹੀ ਵਿਕਾਸ ਹੋ ਸਕੇ। ਹਰੀਆਂ ਸਬਜ਼ੀਆਂ, ਫਲ ਤੇ ਦੁੱਧ ਤੋਂ ਬਣੀਆਂ ਵਸਤੂਆਂ ਨੂੰ ਉਨ੍ਹਾ ਸਰਬਉੱਤਮ ਪੌਸ਼ਟਿਕ ਅਹਾਰ ਦੱਸਿਆ। ਉਨ੍ਹਾ ਕਿਹਾ ਕਿ ਫਾਸਟ ਫੂਡ ਅਤੇ ਡੱਬਾਬੰਦ ਭੋਜਨ ਸਿਹਤ ਦੇ ਲਿਹਾਜ਼ ਨਾਲ ਨੁਕਸਾਨਦਾਇਕ ਹੁੰਦਾ ਹੈ। ਉਨ੍ਹਾਂ ਘਰਾਂ ਵਿੱਚ ਰਸਾਇਣਿਕ ਖਾਦਾਂ ਤੇ ਦਵਾਈਆਂ ਤੋਂ ਮੁਕਤ ਸਬਜ਼ੀਆਂ ਲਗਾਉਣ ਲਈ ਵੀ ਪ੍ਰੇਰਿਤ ਕੀਤਾ।

ਇਸ ਤੋਂ ਇਲਾਵਾ ਉਨ੍ਹਾਂ ਖਾਣਾ ਖਾਣ ਤੋਂ ਪਹਿਲਾਂ ਤੇ ਬਾਅਦ ਵਿਚ ਹੱਥਾਂ ਨੂੰ ਚੰਗੀ ਤਰ੍ਹਾਂ ਸਾਫ ਕਰਨ ਬਾਰੇ ਵੀ ਸੁਚੇਤ ਕੀਤਾ। ਇਸ ਮੌਕੇ ਜਸਵਿੰਦਰ ਕੌਰ, ਜੋਤੀ ਖੰਗੂੜਾ, ਕਮਲੇਸ਼ ਰਾਣੀ, ਹਰਜਿੰਦਰ ਕੌਰ, ਕ੍ਰਿਸ਼ਨਾ ਦੇਵੀ, ਹੇਮ ਲਤਾ, ਰੀਨਾ ਆਸ਼ਾ ਵਰਕਰ, ਅਜੀਤ ਕੌਰ ਤੇ ਹਰਦੀਪ ਕੌਰ ਆਦਿ ਹਾਜ਼ਰ ਸਨ।

# ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀ ਸੂਬਾ ਪੱਧਰੀ ਮੀਟਿੰਗ



**ਜਲੰਧਰ** : ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀ ਸੂਬਾ ਪੱਧਰੀ ਮੀਟਿੰਗ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਪ੍ਰਧਾਨਗੀ ਹੇਠ ਹੋਈ । ਜਿਸ ਦੌਰਾਨ ਦੋਆਬਾ ਅਤੇ ਮਾਝਾ ਖੇਤਰ ਦੇ ਜ਼ਿਲ੍ਹਿਆਂ ਨਾਲ ਸੰਬੰਧਤ ਯੂਨੀਅਨ ਦੀਆਂ ਆਗੂਆਂ ਨੇ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ । ਮੀਟਿੰਗ 'ਚ ਹਰਗੋਬਿੰਦ ਕੌਰ ਨੇ ਕਿਹਾ ਕਿ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੇ ਕੇਂਦਰ ਸਰਕਾਰ ਦੀ ਸਕੀਮ ਆਈ ਸੀ ਡੀ ਐਸ ਤਹਿਤ 2 ਅਕਤੂਬਰ 1975 ਨੂੰ ਕੰਮ ਸ਼ੁਰੂ ਕੀਤਾ ਸੀ ਤੇ ਉਨ੍ਹਾਂ ਨੂੰ ਕੰਮ ਕਰਦਿਆਂ 47 ਸਾਲ ਬੀਤ ਗਏ ਹਨ । ਪਰ ਐਨੇ ਲੰਮੇ ਸਮੇਂ 'ਚ ਵੀ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਰਕਾਰੀ ਮੁਲਾਜ਼ਮ ਦਾ ਦਰਜਾ ਨਹੀਂ ਦਿੱਤਾ ਗਿਆ ਤੇ ਪਿਛਲੇ ਪੰਜ ਸਾਲਾਂ ਤੋਂ ਉਨ੍ਹਾਂ ਦੇ ਮਾਣਭੱਤੇ 'ਚ ਵੀ ਕੋਈ ਵਾਧਾ ਨਹੀਂ ਕੀਤਾ ਗਿਆ । ਜਦੋਂ ਕਿ ਇਸ ਸਮੇਂ 'ਚ ਮਹਿੰਗਾਈ ਕਈ ਗੁਣਾ ਵਧ ਚੁੱਕੀ ਹੈ । ਉਨ੍ਹਾ ਕਿਹਾ ਕਿ ਜਥੇਬੰਦੀ ਵੱਲੋਂ ਕੇਂਦਰ ਸਰਕਾਰ ਦੇ ਖਿਲਾਫ ਆਪਣੀਆਂ ਮੰਗਾਂ ਨੂੰ ਮਨਵਾਉਣ ਲਈ ਸੰਘਰਸ਼ ਸ਼ੁਰੂ ਕੀਤਾ ਜਾਵੇਗਾ । ਉਨ੍ਹਾ ਦੱਸਿਆ ਕਿ 11 ਅਪ੍ਰੈਲ ਨੂੰ ਪੰਜਾਬ ਭਰ 'ਚ ਡਿਪਟੀ ਕਮਿਸ਼ਨਰਾਂ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂਅ ਮੰਗ ਪੱਤਰ ਭੇਜੇ ਜਾਣਗੇ । ਹਰਗੋਬਿੰਦ ਕੌਰ ਨੇ ਕਿਹਾ ਕਿ 17 ਅਪ੍ਰੈਲ ਨੂੰ ਦਿੱਲੀ ਵਿਖੇ ਆਂਗਣਵਾੜੀ ਇੰਪਲਾਈਜ਼ ਫੈਡਰੇਸ਼ਨ ਆਫ ਇੰਡੀਆ ਦੀ ਮੀਟਿੰਗ ਹੋ ਰਹੀ ਹੈ , ਜਿਸ ਦੌਰਾਨ ਸੰਘਰਸ਼ ਦੀ ਅਗਲੀ ਰੂਪ ਰੇਖਾ ਤਿਆਰ ਕੀਤੀ ਜਾਵੇਗੀ । ਮੀਟਿੰਗ 'ਚ ਬੋਲਦਿਆਂ ਹਰਗੋਬਿੰਦ ਕੌਰ ਨੇ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਵੀ ਆਪਣੇ ਵਾਅਦਿਆਂ ਤੋਂ ਮੁੱਕਰ ਗਈ ਹੈ । ਕਿਉਂਕਿ ਸਰਕਾਰ ਬਣਨ ਤੋਂ ਪਹਿਲਾਂ ਇਹ ਵਾਅਦਾ ਕੀਤਾ ਗਿਆ ਸੀ ਕਿ ਜੇਕਰ ਉਨ੍ਹਾਂ ਦੀ ਸਰਕਾਰ ਬਣੀ ਤਾਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦਾ ਮਾਣਭੱਤਾ ਦੁੱਗਣਾ ਕੀਤਾ ਜਾਵੇਗਾ ਪਰ ਮਾਣਭੱਤਾ ਦੁੱਗਣਾ ਤਾਂ ਕੀ ਕਰਨਾ ਸੀ ਉਲਟਾ ਵਰਕਰਾਂ ਤੇ ਹੈਲਪਰਾਂ ਨੂੰ ਸਮੇਂ ਸਿਰ ਤਨਖਾਹਾਂ ਵੀ ਨਹੀਂ ਮਿਲੀਆਂ । ਉਨ੍ਹਾ ਇਹ ਵੀ ਮੰਗ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਜੋ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀ ਭਰਤੀ ਕੀਤੀ ਜਾ ਰਹੀ ਹੈ ਉਸ ਭਰਤੀ 'ਚ ਸੋਧਾਂ ਕੀਤੀਆਂ ਜਾਣ । ਇਸ ਮੌਕੇ ਦਲਜਿੰਦਰ ਕੌਰ ਉਦੋਨੰਗਲ , ਸਤਵੰਤ ਕੌਰ ਭੋਗਪੁਰ, ਗੁਰਅੰਮ੍ਰਿਤ ਕੌਰ ਸਿੱਧਵਾਂ ਬੇਟ ਲੁਧਿਆਣਾ, ਰੀਮਾ ਰਾਣੀ ਰੋਪੜ , ਬਲਜੀਤ ਕੌਰ ਕੁਰਾਲੀ , ਮਨਜੀਤ ਕੌਰ ਸੁਲਤਾਨਪੁਰ ਲੋਧੀ, ਰਣਜੀਤ ਕੌਰ ਬਟਾਲਾ , ਸੁਨੀਤਾ ਲੋਹੀਆਂ, ਗੁਰਮੀਤ ਕੌਰ ਸੁਜਾਨਪੁਰ , ਬਿਮਲਾ ਦੇਵੀ ਫਗਵਾੜਾ, ਨਰੇਸ਼ ਕੁਮਾਰੀ ਨਰੋਟ ਪਠਾਨਕੋਟ, ਸਰਬਜੀਤ ਕੌਰ ਹਰਗੋਬਿੰਦਪੁਰ, ਸੰਤੋਸ਼ ਕੁਮਾਰੀ ਵੇਰਕਾ , ਸਤਬੀਰ ਕੌਰ ਚੋਗਾਵਾਂ , ਸ਼ਮ੍ਹਾਂ ਅਟਾਰੀ , ਕੁਲਵਿੰਦਰ ਕੌਰ ਜ਼ੀਰਾ, ਸਰਬਜੀਤ ਕੌਰ ਦਸੂਹਾ, ਹਰਵਿੰਦਰ ਕੌਰ ਹੁਸ਼ਿਆਰਪੁਰ , ਸੁਰਜੀਤ ਕੌਰ ਧਰਮਕੋਟ , ਜਸਵੀਰ ਕੌਰ ਮਜੀਠਾ , ਰਣਜੀਤ ਕੌਰ ਨੂਰਮਹਿਲ , ਜਸਕਮਲ ਕੌਰ ਫਿਲੌਰ, ਕਸ਼ਮੀਰ ਕੌਰ ਰੁੜਕਾ , ਜਸਵੀਰ ਕੌਰ ਕਾਦੀਆ, ਕੁਲਵੰਤ ਕੌਰ ਜਮਸ਼ੇਰ ਅਤੇ ਬਲਵੀਰ ਕੌਰ ਸ਼ਾਹਕੋਟ ਆਦਿ ਆਗੂ ਮੌਜੂਦ ਸਨ ।

# 'ਸਰਬੱਤ ਦੇ ਭਲੇ' ਲਈ ਧਾਰਮਿਕ ਸਮਾਗਮ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਸ਼ਮੇਸ਼ ਨਗਰ ਟਾਂਡਾ ਵਿਖੇ ਸਰਬੱਤ ਦੇ ਭਲੇ ਲਈ ਵਿਸ਼ਾਲ ਧਾਰਮਿਕ ਸਮਾਗਮ ਕਰਵਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਰੱਖੇ ਗਏ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਸਜਾਏ ਗਏ ਕੀਰਤਨ ਦਰਬਾਰ ਵਿੱਚ ਭਾਈ ਨਰਿੰਦਰ ਸਿੰਘ, ਭਾਈ ਮਨਜੀਤ ਸਿੰਘ, ਭਾਈ ਸੁਰਜੀਤ ਸਿੰਘ ਤੇ ਭਾਈ ਜਸਵੀਰ ਸਿੰਘ ਦਸ਼ਮੇਸ਼ ਨਗਰ ਟਾਂਡਾ ਦੇ ਜਥਿਆਂ ਨੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵੀਚਾਰਾਂ ਰਾਹੀ ਨਿਹਾਲ ਕਰਦੇ ਸੇਵਾ ਤੇ ਸਿਮਰਨ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸਮੂਹ ਸੰਗਤ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਰਜੀਤ ਸਿੰਘ ਨੇ ਕਿਹਾ ਕਿ ਸਾਨੂੰ ਗੁਰੂ ਚਰਨਾਂ ਨਾਲ ਜੁੜ ਕੇ ਜਿੱਥੇ ਆਪਣਾ ਜੀਵਨ ਸਫਲਾ ਕਰਨਾ ਚਾਹੀਦਾ ਹੈ ਉਥੇ ਹੀ ਮਨੁੱਖਤਾ ਦੀ ਸੇਵਾ ਵਾਸਤੇ ਵੀ ਹਮੇਸ਼ਾਂ ਜਤਨਸ਼ੀਲ ਰਹਿਣਾ ਚਾਹੀਦਾ ਹੈ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਨੁੱਖਤਾ ਦੀ ਭਲਾਈ ਨੂੰ ਮੁੱਖ ਰੱਖਦਿਆਂ ਮੁਫਤ ਖ਼ੂਨਦਾਨ ਅਤੇ ਮੈਡੀਕਲ ਚੈੱਕਅਪ ਕੈਂਪ ਵੀ ਲਗਾਇਆ ਗਿਆ। ਗੰਗਾ ਹਸਪਤਾਲ ਜਲੰਧਰ ਦੇ ਸਹਿਯੋਗ ਨਾਲ ਲਗਾਏ ਡਾਕਟਰ ਸੁਨੀਲ ਗੁਪਤਾ ਦੀ ਅਗਵਾਈ ਵਿੱਚ ਲਗਾਏ ਗਏ। ਇਸ ਕੈਂਪ ਦੌਰਾਨ ਕੁਲ 22 ਨੌਜਵਾਨਾਂ ਨੇ ਖ਼ੂਨਦਾਨ ਕੀਤਾ, ਜਦਕਿ ਇਸ ਮੌਕੇ ਡਾ. ਸੁਧੀਲ ਗੁਪਤਾ ਦੀ ਟੀਮ ਵੱਲੋਂ ਮਰੀਜ਼ਾ ਦਾ ਚੈੱਕਅੱਪ ਕਰਦੇ ਹੋਏ ਮਰੀਜ਼ਾਂ ਨੂੰ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੈਂਪ ਦੀ ਸਮਾਪਤੀ ਖ਼ੂਨਦਾਨ ਕਰਨ ਵਾਲੇ ਨੌਜਵਾਨਾਂ ਅਤੇ ਸਮੁੱਚੀ ਡਾਕਟਰੀ ਟੀਮ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸ਼ਰਧਾ ਸਿੰਘ, ਮਨਜੀਤ ਸਿੰਘ, ਸ਼ਰਧਾ ਸਿੰਘ, ਸਰਬਜੀਤ ਸਿੰਘ, ਮਾਸਟਰ ਜਸਬੀਰ ਸਿੰਘ, ਜਗਦੀਸ ਕੁਮਾਰ ਰਿੰਕਾ, ਅਮਰੀਕ ਸਿੰਘ, ਅਵਤਾਰ ਸਿੰਘ, ਕੁਲਵਿੰਦਰ ਸਿੰਘ, ਤਰਸੇਮ ਲਾਲ, ਮਨਦੀਪ ਸਿੰਘ, ਸੋਮ ਪ੍ਰਕਾਸ, ਲਖਵਿੰਦਰ ਸਿੰਘ, ਦਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਐੱਲ ਪੀ ਯੂ ਵਿਸ਼ਵ ਦੀਆਂ ਚੋਟੀ ਦੀਆਂ 300 'ਵਰਸਿਟੀਆਂ 'ਚ ਸ਼ਾਮਲ

**ਜਲੰਧਰ (ਸ਼ੈਲੀ ਐਲਬਰਟ)**-ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਨੇ ਕਯੂ ਐਸ ਵਰਲਡ ਯੂਨੀਵਰਸਿਟੀ ਰੈਂਕਿੰਗਜ਼-2023 ਵਿਸ਼ੇ ਅਨੁਸਾਰ ਚੋਟੀ ਦੀਆਂ 300 ਯੂਨੀਵਰਸਿਟੀਆਂ ਦੀ ਲੀਗ 'ਚ ਸ਼ਾਮਲ ਹੋ ਕੇ ਇੱਕ ਵੱਡਾ ਮੀਲ ਪੱਥਰ ਹਾਸਲ ਕੀਤਾ ਹੈ। 2023 ਲਈ ਰੈਂਕਿੰਗ ਦੀ ਘੋਸ਼ਣਾ ਹਾਲ ਹੀ 'ਚ ਕੀਤੀ ਗਈ ਹੈ ਅਤੇ ਐਲ ਪੀ ਯੂ ਨੂੰ ਫਾਰਮਾਸਿਊਟੀਕਲ ਅਤੇ ਫਾਰਮਾਕੋਲੋਜੀ ਦੇ ਵਿਸ਼ੇ ਲਈ ਵਿਸ਼ਵ ਦੀਆਂ ਚੋਟੀ ਦੀਆਂ 300 ਯੂਨੀਵਰਸਿਟੀਆਂ 'ਚ ਅਤੇ ਭਾਰਤ 'ਚ 9ਵਾਂ ਸਥਾਨ ਦਿੱਤਾ ਗਿਆ ਹੈ। ਕਯੂ ਐਸ ਵਰਲਡ ਯੂਨੀਵਰਸਿਟੀ ਰੈਂਕਿੰਗਜ਼ ਦੁਨੀਆ ਦੀ ਸਭ ਤੋਂ ਵੱਕਾਰੀ ਰੈਂਕਿੰਗਾਂ ਵਿੱਚੋਂ ਇੱਕ ਹੈ ਅਤੇ ਇਹ ਅਕਾਦਮਿਕ ਪ੍ਰਤਿਸ਼ਠਾ, ਪਲੇਸਮੈਂਟ ਦੀ ਪ੍ਰਤਿਸ਼ਠਾ, ਖੋਜ ਪ੍ਰਭਾਵ ਅਤੇ ਅੰਤਰਰਾਸ਼ਟਰੀਕਰਨ ਸਮੇਤ ਪ੍ਰਦਰਸ਼ਨ ਸੂਚਕਾਂ 'ਤੇ ਅਧਾਰਤ ਹੈ। ਇਹ ਦਰਜਾਬੰਦੀ ਵੱਖ-ਵੱਖ ਵਿਸ਼ਿਆਂ 'ਚ ਵਿਸ਼ਵ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਦਾ ਇੱਕ ਵਿਆਪਕ ਮੁਲਾਂਕਣ ਹੈ। ਯੂਨੀਵਰਸਿਟੀ ਕੋਲ ਖੋਜ ਲਈ ਅਤਿ-ਆਧੁਨਿਕ ਸਹੂਲਤਾਂ ਅਤੇ ਉਪਕਰਨ ਹਨ, ਅਤੇ ਇਸ ਦੇ ਅਧਿਆਪਕ ਆਪਣੇ-



ਆਪਣੇ ਖੇਤਰਾਂ ਵਿੱਚ ਮਾਹਰ ਹਨ। ਐਲ ਪੀ ਯੂ ਦੇ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਸਾਂਝਾ ਕੀਤਾ ਕਿ, "ਸਾਨੂੰ ਕਯੂ ਐਸ ਵਰਲਡ ਯੂਨੀਵਰਸਿਟੀ ਰੈਂਕਿੰਗ 'ਚ ਦੁਨੀਆ ਦੀਆਂ ਚੋਟੀ ਦੀਆਂ 300 ਯੂਨੀਵਰਸਿਟੀਆਂ 'ਚ ਸ਼ਾਮਲ ਹੋਣ 'ਤੇ ਬਹੁਤ ਮਾਣ ਹੈ।

# ਪੰਡੋਰੀ ਭਵਾਂ ਤੇ ਸ਼ੇਖੂਪੁਰ 'ਚ ਕਣਕ ਨਾ ਦੇਣ ਦੇ ਰੋਸ ਵਜੋਂ ਡਾ. ਰਵਜੋਤ ਦੇ ਦਫਤਰ ਅੱਗੇ ਧਰਨਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਅੱਜ ਪਿੰਡ ਪੰਡੋਰੀ ਭਵਾਂ ਅਤੇ ਸੇਖੂਪੁਰ ਦੇ ਵਸਨੀਕਾਂ ਵੱਲੋਂ ਸਥਾਨਕ ਐਮ ਐਲ ਏ ਡਾ. ਰਵਜੋਤ ਦੇ ਦਫਤਰ ਅੱਗੇ ਸ੍ਰੀ ਓਂਕਾਰ ਚੰਦ, ਸਰਪੰਚ ਪੰਡੋਰੀ ਭਵਾਂ ਦੀ ਪ੍ਰਧਾਨਗੀ ਹੇਠ ਰੋਹ ਭਰਪੂਰ ਧਰਨਾ ਦਿੱਤਾ। ਸਰਪੰਚ ਓਂਕਾਰ ਚੰਦ ਨੇ ਪ੍ਰੈਸ ਨੂੰ ਦੱਸਿਆ ਕਿ ਪਿੰਡ ਪੰਡੋਰੀ ਭਵਾਂ ਅਤੇ ਸੇਖੂਪੁਰ ਦੇ ਲੋੜਵੰਦ ਲੋਕਾਂ ਨੂੰ ਸਰਕਾਰ ਵੱਲੋਂ ਦਿੱਤੀ ਜਾ ਰਹੀ ਮੁਫਤ ਕਣਕ ਨਹੀਂ ਦਿੱਤੀ ਜਾ ਰਹੀ। ਉਨ੍ਹਾ ਦੱਸਿਆ ਕਿ ਉਹ ਅਤੇ ਪਿੰਡ ਵਾਸੀ ਹਲਕੇ ਦੇ ਐਮ ਐਲ ਏ ਡਾ. ਰਵਜੋਤ ਸਿੰਘ ਨੂੰ ਇਸ ਸੰਬੰਧੀ ਬਹੁਤ ਵਾਰੀ ਮਿਲ ਕੇ ਜਾਣਕਾਰੀ ਦੇ ਚੁੱਕੇ ਹਨ ਅਤੇ ਮੰਗ ਕੀਤੀ ਕਿ ਸਾਡੇ ਇਨ੍ਹਾਂ ਦੋਵਾਂ ਪਿੰਡਾਂ ਦੇ ਗਰੀਬ ਲੋਕਾਂ ਨੂੰ ਵੀ ਬਾਕੀ ਪਿੰਡਾਂ ਦੀ ਤਰ੍ਹਾਂ ਮੁਫਤ ਕਣਕ ਦਿੱਤੀ ਜਾਵੇ। ਸਰਪੰਚ ਨੇ ਦੱਸਿਆ ਕਿ ਡੀਪੂ ਹੋਲਡਰ ਇਹ ਗੱਲ ਕਹਿ ਰਹੇ ਹਨ ਕਿ ਸਰਕਾਰ ਵੱਲੋਂ ਇਹ ਮੁਫਤ ਦਿੱਤੀ ਜਾ ਰਹੀਂ ਕਣਕ ਦਾ ਕੁਝ ਕੋਟਾ ਹਰ ਡੀਪੂ ਹੋਲਡਰ ਨੂੰ ਘੱਟ ਦਿੱਤਾ ਗਿਆ ਹੈ। ਜਿਥੇ ਕਣਕ ਦਿੱਤੀ ਵੀ ਜਾ ਰਹੀ ਹੈ ਉੱਥੇ ਵੀ ਕਈ ਪਿੰਡਾਂ ਦੇ ਕਝ ਲੋੜਵੰਦ ਲੋਕਾਂ ਨੂੰ ਕਣਕ ਨਹੀਂ ਮਿਲ ਰਹੀ ਜੋ ਕਿ ਸਿੱਧੇ ਤੌਰ 'ਤੇ ਇਨ੍ਹਾਂ ਨਾਲ ਵੱਡੀ ਬੇਇਨਸਾਫੀ ਅਤੇ ਘੋਰ ਵਿਤਕਰਾ ਹੈ। ਚਾਹੀਦਾ ਤਾਂ ਇਹ ਸੀ ਕਿ ਜੇਕਰ ਸਰਕਾਰ ਨੇ ਕਣਕ 'ਤੇ ਕੱਟ ਲਾਇਆ ਹੈ ਤਾਂ ਕੱਟ ਦੇ ਹਿਸਾਬ ਨਾਲ ਸਾਰੇ ਕਾਰਡ ਹੋਲਡਰਾਂ 'ਤੇ ਬਰਾਬਰ ਦਾ ਕੱਟ ਲਾਇਆ ਜਾਂਦਾ। ਕਣਕ ਜਿੰਨੀ ਵੀ ਦਿੱਤੀ ਜਾਂਦੀ ਹਰ ਇੱਕ ਲੋੜਵੰਦ ਨੂੰ ਬਰਾਬਰ ਵੰਡੀ ਜਾਂਦੀ ਤਾਂ ਕਿ ਵਿਤਕਰਾ ਪੈਦਾ ਨਾ ਹੁੰਦਾ। ਸਰਪੰਚ ਓਂਕਾਰ ਸਿੰਘ ਨੇ ਦੋਸ਼ ਲਾਇਆ ਕਿ ਡਾ. ਰਵਜੋਤ ਸਿੰਘ ਨੂੰ ਵਾਰ ਵਾਰ ਕਹਿਣ ਦੇ ਬਾਵਜੂਦ ਉਨ੍ਹਾ ਵੱਲੋਂ ਸਾਡੇ ਦੋਵਾਂ ਪਿੰਡਾਂ ਦੇ ਕਿਸੇ ਵੀ ਲੋੜਵੰਦ ਵਿਅਕਤੀ ਨੂੰ ਕਣਕ ਦਿਵਾਉਣ ਲਈ ਕੋਈ ਚਾਰਾਜੋਈ ਨਹੀਂ ਕੀਤੀ। ਜਿਸ ਦੇ ਰੋਸ ਵਜੋਂ ਅੱਜ ਸਾਨੂੰ ਸਥਾਨਕ ਡਾ. ਰਵਜੋਤ ਸਿੰਘ ਦੇ ਦਫਤਰ ਅੱਗੇ ਧਰਨਾ ਦੇਣ ਲਈ ਮਜਬੂਰ ਹੋਣਾ ਪਿਆ। ਬੜੇ ਅਫਸੋਸ ਦੀ ਗੱਲ ਹੈ ਕਿ ਸਾਨੂੰ ਇੱਥੇ ਆਇਆਂ ਨੂੰ ਵੀ ਡਾ. ਰਵਜੋਤ ਸਿੰਘ ਨੇ ਮਿਲਣਾ ਮੁਨਾਸਿਬ ਨਹੀਂ ਸਮਝਿਆ। ਉਨ੍ਹਾ ਕਿਹਾ ਕਿ ਜੇਕਰ ਸਾਡੇ ਦੋਵਾਂ ਪਿੰਡਾਂ ਦੇ ਗਰੀਬ ਲੋਕਾਂ ਨੂੰ ਵੰਡੀ ਜਾ ਰਹੀ ਕਣਕ ਨਾ ਦਿੱਤੀ ਗਈ ਤਾਂ ਸੋਮਵਾਰ ਤੋਂ ਸੰਘਰਸ਼ ਤਿੱਖਾ ਕੀਤਾ ਜਾਵੇਗਾ।

## ਦੋਗਾਣਾ ਗਾਇਕ ਜੋੜੀ ਅਮਰੀਕ ਮਾਇਕਲ ਤੇ ਮਮਤਾ ਮਹਿਰਾ ਨਵੇਂ ਪੰਜਾਬੀ ਗੀਤ ਨਾਲ ਪਾਉਣਗੇ ਧਮਾਲਾਂ



**ਕਾਲਾ ਸੰਘਿਆਂ (ਮਨਜੀਤ ਮਾਨ)**-ਵਿਸਾਖੀ ਦੇ ਰੰਗਾਰੰਗ ਪ੍ਰੋਗਰਾਮ 'ਨੱਚਣ ਨੂੰ ਦਿਲ ਕਰਦਾ' ਡੀ ਡੀ ਪੰਜਾਬੀ ਦੂਰਦਰਸ਼ਨ ਜਲੰਧਰ 'ਤੇ 14 ਅਪ੍ਰੈਲ ਸਾਮ 8:30 ਤੋਂ 9:30 ਵਜੇ ਤੱਕ ਪੇਸ਼ ਹੋ ਰਿਹਾ ਹੈ। ਇਸ ਪ੍ਰੋਗਰਾਮ 'ਚ ਆਪਣਾ ਖੂਬਸੂਰਤ ਨਵਾਂ ਪੰਜਾਬੀ ਗੀਤ 'ਕੈਨੇਡਾ ਵਿੱਚ' ਨਾਲ ਲਾਉਣਗੇ ਹਾਜ਼ਰੀ। ਇਸ ਗੀਤ ਦੇ ਗਾਇਕ ਖੁਦ ਅਮਰੀਕ ਮਾਇਕਲ ਤੇ ਮੈਡਮ ਮਮਤਾ ਮਹਿਰਾ ਹਨ। ਵਿਸਾਖੀ ਦੇ ਪ੍ਰੋਗਰਾਮ ਨੱਚਣ ਨੂੰ ਦਿਲ ਕਰਦਾ ਦੇ ਨਿਰਦੇਸ਼ਕ ਅਤੇ ਗੀਤ ਦੇ ਗਾਇਕ ਅਮਰੀਕ ਮਾਇਕਲ ਨੇ ਦੱਸਿਆ ਕਿ ਇਸ ਗੀਤ ਨੂੰ ਸੁੱਖੀ ਅਤੇ ਕੰਡਾ ਤਲਵੰਡੀ ਵਾਲਾ ਨੇ ਲਿਖਿਆ ਹੈ ਤੇ ਇਸ ਦਾ ਸੰਗੀਤ ਹਰਿ ਅਮਿਤ ਵੱਲੋਂ ਤੇ ਪੋਸਟਰ ਦਾ ਡਿਜ਼ਾਈਨ ਜੱਸੀ ਆਰਟਸ ਵਲੋਂ ਤਿਆਰ ਕੀਤਾ ਗਿਆ ਹੈ। ਇਸ ਗੀਤ ਦੀ ਵੀਡੀਓ ਲਈ ਕੈਮਰਾਮੈਨ ਤੇ ਐਡੀਟਰ ਰਜਤ ਰਾਜਾ ਤੇ ਇਸ ਦੇ ਪ੍ਰੋਗਰਾਮ ਦੇ ਨਿਰਮਾਤਾ ਹਨ ਪੂਜਾ ਸੱਭਰਵਾਲ ਤੇ ਪੇਸ਼ ਕਰਤਾ ਅਨੁਰਾਗ ਪ੍ਰੋਡਕਸ਼ਨ ਵੱਲੋਂ ਤਿਆਰ ਕੀਤਾ ਗਿਆ ਹੈ ।

## ਕਾਗਰਸ ਛੱਡ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੇਂਦਰ ਸਰਕਾਰ ਵੱਲੋਂ ਦੇਸ਼ ਦੇ ਹਰ ਇੱਕ ਨਾਗਰਿਕ ਨੂੰ ਮਿਲਣ ਵਾਲੀਆਂ ਸਹੂਲਤਾਂ ਤੋ ਪ੍ਰਭਾਵਿਤ ਹੋ ਕੇ ਅਤੇ ਭਾਜਪਾ ਜ਼ਿਲ੍ਹਾ ਪ੍ਰਧਾਨ ਅਜੇਵੀਰ ਸਿੰਘ ਲਾਲਪੁਰਾ ਦੀ ਰਹਿਨਮਾਈ ਹੇਠ ਸੁਰੇਸ਼ ਭਾਟੀਆ ਝਾਂਡੀਆਂ ਜ਼ਿਲ੍ਹਾ ਪ੍ਰਧਾਨ ਓ ਬੀ ਸੀ ਮੋਰਚਾ ਦੀ ਪਾਰਟੀ ਪ੍ਰਤੀ ਕੀਤੀ ਜਾ ਰਹੀ ਕਾਰਗੁਜ਼ਾਰੀ ਤੋਂ ਪ੍ਰਭਾਵਿਤ ਹੋ ਕੇ ਪਿੰਡ ਧਾਮ ਝਾਂਡੀਆਂ ਦੇ ਪਤਵੰਤੇ ਕਾਂਗਰਸ ਪਾਰਟੀ ਨੂੰ ਛੱਡ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋ ਰਹੇ ਹਨ। ਜਿਨਾਂ ਵਿੱਚ ਪਵਨ ਚੌਹਾਨ ਝਾਂਡੀਆਂ, ਓਮ ਪ੍ਰਕਾਸ਼ ਚੌਹਾਨ, ਭੀਮ ਭਾਟੀਆ, ਪਵਨ ਭਾਟੀਆ ਅਤੇ ਸੀਤਾ ਰਾਮ ਗੌਰਸੀ ਨੂੰ ਸੁਰੇਸ਼ ਭਾਟੀਆ ਵੱਲੋਂ ਪਾਰਟੀ ਦਾ ਪਹਿਚਾਣ ਚਿੰਨ੍ਹ ਦੇ ਕੇ ਪਾਰਟੀ 'ਚ ਸ਼ਾਮਲ ਕੀਤਾ ਗਿਆ । ਇਸ ਮੌਕੇ ਸੁਰੇਸ਼ ਭਾਟੀਆ ਨੇ ਕਿਹਾ ਕਿ ਪਾਰਟੀ ਵਿੱਚ ਸ਼ਾਮਿਲ ਹੋਣ ਵਾਲਿਆ ਵਰਕਰਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ ਅਤੇ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਮਿਹਨਤ ਕਰਨ ਲਈ ਤਿਆਰ ਹਨ।

## ਪ੍ਰਵਾਸੀ ਪੰਜਾਬੀ ਖੇਡ ਪ੍ਰਮੋਟਰ ਵੱਲੋਂ ਖਿਡਾਰੀਆਂ ਨੂੰ ਅਸ਼ੀਰਵਾਦ



**ਅੱਡਾ ਸਰਾਂ (ਕਾਜਲ)**-ਸਰਕਾਰੀ ਹਾਈ ਸਕੂਲ ਦੇਹਰੀਵਾਲ ਦੇ ਵੇਟਲਿਫਟਿੰਗ ਸੈਂਟਰ 'ਚ ਹੋਏ ਸਮਾਗਮ ਦੌਰਾਨ ਪ੍ਰਵਾਸੀ ਪੰਜਾਬੀ ਖੇਡ ਪ੍ਰਮੋਟਰ ਗੁਰਦੀਪ ਸਿੰਘ ਹੇਅਰ (ਯੂ ਕੇ) ਨੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ। ਹੈੱਡਮਾਸਟਰ ਜਤਿੰਦਰਪਾਲ ਸਿੰਘ ਦੀ ਅਗਵਾਈ 'ਚ ਹੋਏ ਸਮਾਗਮ ਦੌਰਾਨ ਸਕੂਲ 'ਚ ਹਰਦੀਪ ਸਿੰਘ ਬੀਰਮਪੁਰ ਅਤੇ ਅਵਤਾਰ ਸਿੰਘ ਵਿਰਕ ਦੀ ਅਗਵਾਈ 'ਚ ਚੱਲ ਰਹੇ ਵੇਟਲਿਫਟਿੰਗ ਸੈਂਟਰ 'ਚ ਪ੍ਰੈਕਟਿਸ ਕਰਨ ਵਾਲੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੰਦੇ ਹੋਏ ਸੈਂਟਰ ਲਈ ਵਿੱਤੀ ਮਦਦ ਭੇਟ ਕੀਤੀ। ਇਸ ਮੌਕੇ ਹੇਅਰ ਨੇ ਵੇਟਲਿਫਟਿੰਗ ਖਿਡਾਰੀ ਤਿਆਰ ਕਰਨ ਲਈ ਸੈਂਟਰ ਦੀ ਸਮੂਹ ਟੀਮ ਅਤੇ ਕੋਚ ਬਲਜਿੰਦਰ ਸਿੰਘ ਭਿੰਡਰ ਵੱਲੋਂ ਕੀਤੇ ਜਾ ਰਹੇ ਸੰਜੀਦਾ ਉੱਦਮਾਂ ਦੀ ਸ਼ਲਾਘਾ ਕੀਤੀ ਅਤੇ ਭਵਿੱਖ 'ਚ ਸੈਂਟਰ ਨੂੰ ਪ੍ਰਫੁੱਲਿਤ ਕਰਨ ਲਈ ਸਹਿਯੋਗ ਦਾ ਭਰੋਸਾ ਦਿੱਤਾ। ਇਸ ਮੌਕੇ ਉਨ੍ਹਾਂ ਖਿਡਾਰੀਆਂ ਨੂੰ ਸਖਤ ਮਿਹਨਤ ਕਰ ਕੇ ਖੇਡ 'ਚ ਉੱਚੇ ਮੁਕਾਮ ਹਾਸਲ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸਰਪੰਚ ਹਰਦਿਆਲ ਸਿੰਘ ਅਤੇ ਸਕੂਲ ਪ੍ਰਬੰਧਕਾਂ ਵੱਲੋਂ ਹੇਅਰ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸਰਪੰਚ ਹਰਦਿਆਲ ਸਿੰਘ, ਨੰਬਰਦਾਰ ਮਨਪ੍ਰੀਤ ਸਿੰਘ, ਸਰਬਜੋਤ ਸਿੰਘ,ਗੁਰਵਿੰਦਰ ਸਿੰਘ ਪੰਨੂ, ਐੱਸ ਪੀ ਦੇਹਰੀਵਾਲ, ਕੁਲਵਿੰਦਰ ਸਿੰਘ ਕਾਕਾ ਆਦਿ ਮੌਜੂਦ ਸਨ।

## ਲਾਇਲਪੁਰ ਖ਼ਾਲਸਾ ਕਾਲਜ ਦਾ ਕਰਮਚਾਰੀ ਸ਼ਾਨਦਾਰ ਸੇਵਾਵਾਂ ਦੇਣ ਉਪਰੰਤ ਸੇਵਾ ਮੁਕਤ



**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦਾ ਸਫਾਈ ਕਰਮਚਾਰੀ ਕਾਲੂ ਰਾਮ ਕਾਲਜ ਨੂੰ 39 ਸਾਲ ਦੀਆਂ ਸ਼ਾਨਦਾਰ ਸੇਵਾਵਾਂ ਦੇਣ ਉਪਰੰਤ 31 ਮਾਰਚ ਨੂੰ ਸੇਵਾ ਮੁਕਤ ਹੋ ਗਏ । ਇਸ ਸੁਹਿਰਦ ਕਰਮਚਾਰੀ ਦੇ ਸਨਮਾਨ 'ਚ ਕਾਲਜ ਵੱਲੋਂ ਇੱਕ ਸ਼ਾਨਦਾਰ ਵਿਦਾਇਗੀ ਸਮਾਰੋਹ ਕੀਤਾ ਗਿਆ । ਸਮਾਗਮ ਦੇ ਸ਼ੁਰੂ 'ਚ ਕਾਲੂ ਰਾਮ ਅਤੇ ਉਨ੍ਹਾਂ ਦੀ ਪਤਨੀ ਦਾ ਸਵਾਗਤ ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ, ਡੀਨ ਸਪੋਰਟਸ ਡਾ. ਐਸ ਐਸ ਬੈਂਸ, ਕੰਵਰ ਸੁਖਜੀਤ ਸਿੰਘ, ਦਫਤਰ ਸੁਪਰਡੈਂਟ, ਜਗਦੀਸ਼ ਸਿੰਘ, ਸੁਰਿੰਦਰ ਕੁਮਾਰ ਚਲੋਤਰਾ ਪੀ ਏ ਨੇ ਫੁੱਲਾਂ ਦੇ ਗੁਲਦਸਤੇ ਦੇ ਕੇ ਕੀਤਾ ਅਤੇ ਸੇਵਾਮੁਕਤ ਹੋਏ ਕਾਲੂ ਰਾਮ ਨੂੰ ਸਨਮਾਨਤ ਕੀਤਾ ਗਿਆ । ਕਾਲਜ ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਨੇ ਕਾਲੂ ਰਾਮ ਦੁਆਰਾ ਕਾਲਜ ਨੂੰ ਦਿੱਤੀਆਂ ਸ਼ਾਨਦਾਰ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਉਨ੍ਹਾ ਦੀ ਲੰਮੀ ਉਮਰ, ਤੰਦਰੁਸਤੀ ਤੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ । ਇਸ ਮੌਕੇ ਸੇਵਾਮੁਕਤ ਹੋ ਰਹੇ ਕਾਲੂ ਰਾਮ ਨੇ ਕਾਲਜ ਦੇ ਪ੍ਰਿੰਸੀਪਲ ਅਤੇ ਸਟਾਫ ਵੱਲੋਂ ਮਿਲੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਡੀਨ ਸਪੋਰਟਸ ਡਾ. ਐਸ ਐਸ ਬੈਂਸ ਨੇ ਕਾਲੂ ਰਾਮ ਦੇ ਵਿਭਾਗੀ ਕੰਮ ਦੀ ਸ਼ਲਾਘਾ ਕੀਤੀ ਅਤੇ ਕਿਹਾ ਇਕ ਇਹੋ ਜਿਹੇ ਮਿਹਨਤੀ ਸਟਾਫ ਸਦਕਾ ਹੀ ਸਾਡੇ ਕਾਲਜ ਦੇ ਖੇਡ ਮੈਦਾਨ ਬਹੁਤ ਵਧੀਆ ਤਿਆਰ ਕੀਤੇ ਗਏ ਹਨ। ਸਟੇਜ ਦੀ ਭੂਮਿਕਾ ਸੁਰਿੰਦਰ ਕੁਮਾਰ ਚਲੋਤਰਾ ਪੀ ਏ ਨੇ ਨਿਭਾਈ।ਇਸ ਮੌਕੇ ਸਮੂਹ ਨਾਨ-ਟੀਚਿੰਗ ਹਾਜ਼ਰ ਸੀ।

## ਵਿਸ਼ਵ ਔਟਿਜਮ ਦਿਵਸ 'ਤੇ ਨੀਲੀ ਰੌਸ਼ਨੀ ਨਾਲ ਰੁਸ਼ਨਾਇਆ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ

**ਐੱਸ ਏ ਐੱਸ ਨਗਰ, (ਗੁਰਜੀਤ ਬਿੱਲਾ)**-ਵਿਸ਼ਵ ਔਟਿਜਮ ਦਿਵਸ ਸੰਬੰਧੀ ਲੋਕਾਂ ਨੂੰ ਜਾਗਰੂਕ ਕਰਨ ਹਿਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨੂੰ ਨੀਲੇ ਰੰਗ ਦੀ ਰੌਸ਼ਨੀ ਨਾਲ ਰੁਸ਼ਨਾਇਆ ਗਿਆ। ਇਸ ਦੇ ਨਾਲ-ਨਾਲ 2 ਅਪ੍ਰੈਲ ਨੂੰ ਡਾ. ਬੀ ਆਰ ਅੰਬੇਡਕਰ ਸਟੇਟ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਵਿਖੇ ਕੌਮਾਂਤਰੀ ਕਾਨਫਰੰਸ ਵੀ ਕਾਰਵਾਈ ਗਈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਹਰ ਸਾਲ 2 ਅਪ੍ਰੈਲ ਨੂੰ ਵਿਸ਼ਵ ਔਟਿਜਮ ਦਿਵਸ ਮਨਾਇਆ ਜਾਂਦਾ ਹੈ। ਔਟਿਜਮ ਆਮ ਤੌਰ 'ਤੇ ਜੀਵਨ ਦੇ ਪਹਿਲੇ ਤਿੰਨ ਸਾਲਾਂ ਦੌਰਾਨ ਪ੍ਰਗਟ ਹੁੰਦਾ ਹੈ। ਔਟਿਜਮ ਵਾਲੇ ਵਿਅਕਤੀਆਂ ਵਿੱਚ ਪ੍ਰਭਾਵਿਤ ਹੋਣ ਵਾਲੇ ਤਿੰਨ ਮੁੱਖ ਪੱਖ ਹਨ, ਜਿਵੇਂ ਕਿ ਸਮਾਜਕ ਸੰਬੰਧਾਂ ਤਹਿਤ ਲੋਕਾਂ ਨਾਲ ਗੱਲਬਾਤ, ਸੰਚਾਰ ਤਹਿਤ ਬੋਲਣ ਦੇ ਨਾਲ-ਨਾਲ ਇਹ ਸਮਝਣਾ ਕਿ ਦੂਜੇ ਕੀ ਕਹਿੰਦੇ ਹਨ ਅਤੇ ਕਲਪਨਾ। ਔਟਿਜਮ ਬਾਰੇ ਸਮਾਜ 'ਚ ਜਾਗਰੂਕਤਾ ਪੈਦਾ ਕਰਨ ਦੀ ਬਹੁਤ ਜ਼ਰੂਰਤ ਹੈ, ਜਿਸ ਸੰਬੰਧੀ ਸਾਰਿਆਂ ਨੂੰ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਔਟਿਜਮ ਬਾਰੇ ਜਾਗਰੂਕਤਾ ਪੈਦਾ ਕਰਨ ਲਈ 1 ਅਤੇ 2 ਅਪ੍ਰੈਲ ਦੀ ਵਿਚਕਾਰਲੀ ਰਾਤ ਨੂੰ ਸਰਕਾਰੀ ਇਮਾਰਤਾਂ ਨੂੰ ਨੀਲੇ ਰੰਗ ਵਿੱਚ ਰੌਸ਼ਨ ਕੀਤਾ ਗਿਆ ਹੈ ਤਾਂ ਜੋ ਆਮ ਲੋਕਾਂ ਨੂੰ ਇਸ ਸੰਬੰਧੀ ਜਾਗਰੂਕ ਕੀਤਾ ਜਾ ਸਕੇ। ਸੰਯੁਕਤ ਸਕੱਤਰ ਅਤੇ ਚੀਫ ਕਾਰਜਕਾਰੀ ਅਫਸਰ, ਨੈਸ਼ਨਲ ਟਰਸਟ ਵਾਰ ਪਰਸਨਜ਼ ਵਿਦ ਡਿਸਏਬਲਟੀਜ਼, ਸੋਸ਼ਲ ਜਸਟਿਸ ਅਤੇ ਇੰਪਾਵਰਮੈਂਟ ਮੰਤਰਾਲਾ, ਨਵੀਂ ਦਿੱਲੀ ਵੱਲੋਂ ਇਹ ਕਾਰਜ ਉਲੀਕਣ ਲਈ ਪੱਤਰ ਭੇਜਿਆ ਗਿਆ ਸੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਸੰਬੰਧੀ ਜਾਗਰੂਕਤਾ ਪੈਦਾ ਕਰਨ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਜਾਣੂ ਕਰਵਾਉਣ ਲਈ ਉਪਰਾਲੇ ਕੀਤੇ ਜਾਣਗੇ ।

# ਮਜਾਰੀ 'ਚ ਅੱਵਲ ਵਿਦਿਆਰਥੀਆਂ ਦਾ ਸਨਮਾਨ



**ਬਹਿਰਾਮ, (ਅਵਤਾਰ ਕਲੇਰ)**-ਸਲਾਨਾ ਪ੍ਰੀਖਿਆ 'ਚ ਚੌਥੀ, ਛੇਵੀਂ ਤੇ ਸੱਤਵੀਂ ਜਮਾਤ 'ਚੋਂ ਪਹਿਲੇ ਸਥਾਨ ਹਾਸਲ ਕਰਨ ਵਾਲੇ ਪਿੰਡ ਮਜਾਰੀ ਦੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਇਹ ਉਪਰਾਲਾ ਪਿੰਡ ਮਜਾਰੀ 'ਚ ਹੀ ਸਥਾਪਤ ਸਵ. ਗੁਲਜ਼ਾਰਾ ਰਾਮ ਯਾਦਗਾਰੀ ਟਰੱਸਟ ਵੱਲੋਂ ਕੀਤਾ ਗਿਆ। ਇਨ੍ਹਾਂ ਵਿੱਚ ਅਭਿਜੋਤ ਕੌਰ ਪੁੱਤਰੀ ਅਮਰੀਕ ਲਾਲ, ਕਮਲਪ੍ਰੀਤ ਕੌਰ ਪੁੱਤਰੀ ਰਾਮ ਪਾਲ, ਨਵਦੀਪ ਕੁਮਾਰ ਪੁੱਤਰ ਮੰਗਤ ਰਾਮ, ਦੀਪਕ ਕਲੇਰ ਪੁੱਤਰ ਬਲਵੀਰ ਚੰਦ, ਸੰਜੀਵ ਮੱਮਣ ਪੁੱਤਰ ਰਾਜੇਸ਼ ਕੁਮਾਰ ਸ਼ਾਮਲ ਸਨ। ਇਨ੍ਹਾਂ ਨੂੰ ਯਾਦਗਾਰੀ ਚਿੰਨ੍ਹ, ਪ੍ਰਮਾਣ ਪੱਤਰ, ਨਗਦੀ ਅਤੇ ਫੁੱਲ ਮਾਲਾਵਾਂ ਨਾਲ ਸਨਮਾਨਤ ਕੀਤਾ ਗਿਆ। ਇਹ ਸਨਮਾਨ ਰਸਮ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਸਮਾਜਕ ਚਿੰਤਕ ਦਵਿੰਦਰ ਬੇਗ਼ਮਪੁਰੀ ਅਤੇ ਹਿਸਾਬ ਅਧਿਆਪਕਾ ਰਾਜ ਰਾਣੀ ਨੇ ਨਿਭਾਉਂਦਿਆਂ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ, ਅਧਿਆਪਕਾਂ ਨੂੰ ਵਧਾਈ ਦਿੱਤੀ। ਉਕਤ ਟਰੱਸਟ ਦੇ ਸੰਸਥਾਪਕ ਅਤੇ ਪਿੰਡ ਮਜਾਰੀ ਦੇ ਨੰਬਰਦਾਰ ਸੁਰਜੀਤ ਮਜਾਰੀ ਨੇ ਟਰੱਸਟ ਦੀਆਂ ਗਤੀਵਿਧੀਆਂ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਵੱਖ ਵੱਖ ਖੇਤਰਾਂ 'ਚ ਸਮਰਪਤ ਸੇਵਾਵਾਂ ਨਿਭਾਉਣ ਅਤੇ ਨਾਮਣਾ ਖੱਟਣ ਵਾਲੇ ਪਿੰਡ ਵਾਸੀਆਂ ਦੇ ਸਨਮਾਨ ਲਈ ਟਰੱਸਟ ਹਮੇਸ਼ਾ ਯਤਨਸ਼ੀਲ ਰਹੇਗਾ। ਇਸ ਮੌਕੇ ਬੱਚਿਆਂ ਦੇ ਪਰਿਵਾਰਕ ਮੈਂਬਰਾਂ 'ਚ ਆਂਗਣਵਾੜੀ ਵਰਕਰ ਬਲਜਿੰਦਰ ਕੌਰ, ਪੰਚ ਪਰਮਜੀਤ ਰਾਣੀ, ਹਰਜਿੰਦਰ ਕੌਰ, ਅਮਨਦੀਪ ਕੌਰ, ਜਸਵੀਰ ਕੌਰ, ਰਾਜੇਸ਼ ਕੁਮਾਰ ਆਦਿ ਸ਼ਾਮਲ ਸਨ।

# ਰੋਟਰੀ ਆਈ ਬੈਂਕ ਅੰਨ੍ਹੇਪਣ ਨੂੰ ਖਤਮ ਕਰਨ ਲਈ ਹਰ ਪੱਧਰ 'ਤੇ ਯਤਨ ਕਰਦਾ ਰਹੇਗਾ : ਸੰਜੀਵ ਅਰੋੜਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਰੋਟਰੀ ਆਈ ਬੈਂਕ ਅਤੇ ਕੋਰਨੀਆ ਟਰਾਂਸਪਲਾਂਟ ਸੁਸਾਇਟੀ ਨੇ ਅੰਨ੍ਹੇਪਣ ਨੂੰ ਖਤਮ ਕਰਨ ਲਈ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਜੰਮੂ-ਕਸ਼ਮੀਰ ਦੇ ਰਾਜੌਰੀ ਵਾਸੀ ਰਿਜ਼ਵਾਨ ਲਿਆਕਤ ਨੂੰ ਰੌਸ਼ਨੀ ਦੇ ਕੇ ਰਾਜੌਰੀ 'ਚ ਵੀ ਲੋਕਾਂ ਨੂੰ ਅੱਖਾਂ ਦਾਨ ਕਰਨ ਲਈ ਅੱਗੇ ਆਉਣ ਦਾ ਸੁਨੇਹਾ ਦਿੱਤਾ ਹੈ। ਰਿਜ਼ਵਾਨ ਨੂੰ ਨਵੀਂ ਅੱਖ ਲਗਵਾਉਣ ਤੋਂ ਬਾਅਦ, ਬਾਲੀ ਹਸਪਤਾਲ, ਮਾਡਲ ਟਾਊਨ ਵਿਖੇ ਡਾ. ਜਮੀਲ ਬਾਲੀ ਦੀ ਪ੍ਰਧਾਨਗੀ ਹੇਠ ਇੱਕ ਸੰਖੇਪ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਤੇ ਉੱਘੇ ਸਮਾਜ ਸੇਵਕ ਸੰਜੀਵ ਅਰੋੜਾ ਨੇ ਕਿਹਾ ਕਿ ਸੁਸਾਇਟੀ ਵੱਲੋਂ ਪਹਿਲਾਂ ਵੀ ਜੰਮੂ-ਕਸ਼ਮੀਰ ਦੇ ਕੋਰਨੀਆ ਅੰਨ੍ਹੇਪਣ ਦਾ ਸ਼ਿਕਾਰ ਹੋ ਚੁੱਕੇ ਮਰੀਜ਼ਾਂ ਦਾ ਇਲਾਜ ਕਰਵਾਇਆ ਜਾ ਚੁੱਕਾ ਹੈ ਅਤੇ ਉਥੇ ਦੀ ਇੱਕ ਸੰਸਥਾ ਨੇ ਇਸ ਬੱਚੇ ਸੰਬੰਧੀ ਉਨ੍ਹਾਂ ਨਾਲ ਸੰਪਰਕ ਕੀਤਾ ਸੀ। ਇਸ ਤੋਂ ਬਾਅਦ ਹਾਈ ਕੋਰਟ ਦੇ ਵਕੀਲ ਯਾਸੀਨ ਚੌਧਰੀ ਬੱਚੇ ਨੂੰ ਆਪਣੇ ਨਾਲ ਕਾਰ 'ਚ ਇੱਥੇ ਲੈ ਕੇ ਆਏ ਅਤੇ ਇੱਥੇ ਸੁਸਾਇਟੀ ਨੇ ਬੱਚੇ ਦਾ ਅਪਰੇਸ਼ਨ ਮਿਤਰਾ ਆਈ ਹਸਪਤਾਲ ਫਗਵਾੜਾ ਤੋਂ ਕਰਵਾ ਕੇ ਇੱਕ ਅੱਖ ਲਗਵਾਈ ਅਤੇ ਉਸ ਨੂੰ ਦੁਨੀਆ ਦੇਖਣ ਦੇ ਯੋਗ ਬਣਾਇਆ। ਉਨ੍ਹਾਂ ਕਿਹਾ ਕਿ ਅੱਖ ਲੱਗਣ ਤੋਂ ਬਾਅਦ ਬੱਚੇ ਦੇ ਚਿਹਰੇ ਦੀ ਖੁਸ਼ੀ ਅਤੇ ਉਸ ਦੀ ਮੁਸਕਾਨ ਉਨ੍ਹਾਂ ਨੂੰ ਇਸ ਰਸਤੇ 'ਤੇ ਹੋਰ ਕੰਮ ਕਰਨ ਲਈ ਪ੍ਰੇਰਿਤ ਕਰਦੀ ਹੈ। ਅਰੋੜਾ ਨੇ ਕਿਹਾ ਕਿ ਸਾਨੂੰ ਇਸ ਦਾਨ ਲਈ ਧਰਮ ਅਤੇ ਜਾਤ-ਪਾਤ ਤੋਂ ਉੱਪਰ ਉੱਠ ਕੇ ਅੱਗੇ ਆਉਣਾ ਪਵੇਗਾ । ਇਸ ਮੌਕੇ ਚੇਅਰਮੈਨ ਜੇ ਬੀ ਬਹਿਲ ਅਤੇ ਡਾ. ਜਮੀਲ ਬਾਲੀ ਨੇ ਕਿਹਾ ਕਿ ਉਨ੍ਹਾਂ ਨੂੰ ਖ਼ੁਸ਼ੀ ਹੈ ਕਿ ਪੰਜਾਬ ਅਤੇ ਇਸ ਦੇ ਗੁਆਂਢੀ ਰਾਜਾਂ ਦੇ ਲੋਕ ਵੀ ਅੱਖਾਂ ਦਾਨ ਪ੍ਰਤੀ ਜਾਗਰੂਕ ਹੋ ਰਹੇ ਹਨ। ਉਨ੍ਹਾ ਕਿਹਾ ਕਿ ਜਲਦੀ ਹੀ ਸੁਸਾਇਟੀ ਵੱਲੋਂ ਜੰਮੂ-ਕਸ਼ਮੀਰ 'ਚ ਇੱਕ ਵਿਸ਼ੇਸ਼ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਅਤੇ ਉੱਥੋਂ ਦੀਆਂ ਸੰਸਥਾਵਾਂ ਨਾਲ ਸੰਪਰਕ ਕਰਕੇ ਇਸ 'ਚ ਤੇਜ਼ੀ ਲਿਆਂਦੀ ਜਾਵੇਗੀ ਤਾਂ ਕਿ ਕੋਰਨੀਆ ਅੰਨ੍ਹੇਪਣ ਦੇ ਪੀੜਤਾਂ ਨੂੰ ਨਵੀਂ ਰੋਸ਼ਨੀ ਦਿੱਤੀ ਜਾ ਸਕੇ। ਇਸ ਮੌਕੇ ਪ੍ਰਿੰ. ਡੀ ਕੇ ਸ਼ਰਮਾ, ਮਦਨ ਲਾਲ ਮਹਾਜਨ, ਕੁਲਦੀਪ ਰਾਏ ਗੁਪਤਾ, ਰਜਿੰਦਰ ਮੌਦਗਿਲ, ਵਿਜੇ ਅਰੋੜਾ, ਅਵਿਨਾਸ਼ ਸੂਦ, ਜਸਵੀਰ ਸਿੰਘ ਆਦਿ ਹਾਜ਼ਰ ਸਨ।

## ਡਿਊਟੀ 'ਤੇ ਤਾਇਨਾਤ ਹੌਲਦਾਰ 'ਤੇ ਹਮਲਾ ਕਰ ਕੀਤਾ ਜ਼ਖ਼ਮੀ, ਹਸਪਤਾਲ 'ਚ ਦਾਖ਼ਲ

**ਫਿਲੌਰ, (ਨਿਰਮਲ)**-ਪੰਜਾਬ ਪੁਲਸ ਅਕੈਡਮੀ ਨਜ਼ਦੀਕੀ ਚੁੰਗੀ 'ਤੇ ਲੱਗੇ ਨਾਕੇ 'ਤੇ ਇੱਕ ਵਿਅਕਤੀ ਵੱਲੋਂ ਪੁਲਸ ਮੁਲਾਜ਼ਮਾਂ 'ਤੇ ਹਮਲਾ ਕਰ ਪੁਲਸ ਮੁਲਾਜ਼ਮ ਦੀ ਵਰਦੀ ਪਾੜਨ ਅਤੇ ਅਸਲਾ ਖੋਹਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਸਿਵਲ ਹਸਪਤਾਲ ਵਿਖੇ ਇਲਾਜ ਅਧੀਨ ਪਰਮਜੀਤ ਸਿੰਘ ਸੀਨੀਅਰ ਕਾਂਸਟੇਬਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਪੰਜਾਬ ਪੁਲਸ ਅਕੈਡਮੀ ਵੱਲ ਜਾਂਦੀ ਚੁੰਗੀ 'ਤੇ ਆਪਣੇ ਮੁਲਾਜ਼ਮਾਂ ਨਾਲ ਤਾਇਨਾਤ ਸੀ ਕਿ ਇੱਕ ਨੌਜਵਾਨ ਬੁਲਟ ਮੋਟਰਸਾਈਕਲ 'ਤੇ ਆਇਆ ਅਤੇ ਇੱਟਾਂ ਮਾਰਨ ਲੱਗ ਪਿਆ, ਜਿਸ ਨੂੰ ਅਸੀਂ ਰੋਕਿਆ ਤਾਂ ਉਹ ਹੱਥੋਪਾਈ ਹੋ ਗਿਆ। ਉਨ੍ਹਾ ਦੱਸਿਆ ਕਿ ਉਸ ਨੇ ਮੇਰੀ ਵਰਦੀ ਪਾੜੀ ਅਤੇ ਮੇਰਾ ਅਸਲਾ ਖੋਹਣ ਦੀ ਕੋਸ਼ਿਸ਼ ਕੀਤੀ। ਮੇਰੇ ਨਾਲ ਦੋ ਮੁਲਾਜ਼ਮ ਸਤਨਾਮ ਸਿੰਘ ਅਤੇ ਸੁਖਦੇਵ ਸਿੰਘ ਆਉਣ 'ਤੇ ਨੌਜਵਾਨ ਮੋਟਰਸਾਈਕਲ ਛੱਡ ਕੇ ਫਰਾਰ ਹੋ ਗਿਆ। ਪਰਮਜੀਤ ਸਿੰਘ ਨੂੰ ਇਲਾਜ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਦਾਖ਼ਲ ਕਰਵਾਇਆ ਗਿਆ। ਇਸ ਸੰਬੰਧੀ ਥਾਣਾ ਮੁਖੀ ਫਿਲੌਰ ਹਰਜਿੰਦਰ ਸਿੰਘ ਨੇ ਕਿਹਾ ਕਿ ਪੁਲਸ ਮੁਲਾਜ਼ਮ 'ਤੇ ਹਮਲਾ ਕਰਨ ਵਾਲੇ ਨੌਜਵਾਨ ਦਾ ਮੋਟਰਸਾਈਕਲ ਕਾਬੂ ਕਰ ਲਿਆ ਗਿਆ ਹੈ, ਜਲਦ ਹੀ ਦੋਸ਼ੀ ਨੂੰ ਕਾਬੂ ਕਰਕੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਸਮਾਜ ਸੇਵਾ ਕਰਨ ਵਾਲਾ ਵਿਅਕਤੀ ਮਹਾਨ ਹੁੰਦਾ : ਸੇਖੋਂ

**ਸ੍ਰੀ ਅਨੰਦਪੁਰ ਸਾਹਿਬ** : ਅੱਜ ਬਿਜਲੀ ਬੋਰਡ ਵਿੱਚੋਂ 35 ਸਾਲ ਦੀ ਸੇਵਾ ਕਰਨ ਤੋਂ ਬਾਅਦ ਸੇਵਾ ਮੁਕਤ ਹੋਏ ਇੰਜੀਨੀਅਰ ਜਸਵਿੰਦਰ ਸਿੰਘ ਭੰਗਲ ਵਾਸੀ ਢੇਰ ਵੱਲੋਂ ਗੁਰਦੁਆਰਾ ਸਾਹਿਬ ਸ਼ਹੀਦੀ ਬਾਗ ਮਜਾਰੀ ਵਿਖੇ ਇੱਕ ਸਾਦਾ ਸਮਾਰੋਹ ਕੀਤਾ ਗਿਆ। ਜਿਸ ਵਿੱਚ ਰਿਸ਼ਤੇਦਾਰ, ਮਿੱਤਰ ਸੱਜਣ, ਪਾਰਟੀ ਵਰਕਰ, ਮੁਲਾਜ਼ਮ ਵੱਡੀ ਗਿਣਤੀ 'ਚ ਸ਼ਾਮਲ ਹੋਏ। ਇਸ ਸਮਾਗਮ 'ਚ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਮਾਜ ਸੇਵਾ ਕਰਨ ਵਾਲਾ ਵਿਅਕਤੀ ਮਹਾਨ ਹੁੰਦਾ ਹੈ। ਕਾਮਰੇਡ ਗੁਰਦਿਆਲ ਸਿੰਘ ਢੇਰ ਨੇ ਆਪਣਾ ਸਮੁੱਚਾ ਜੀਵਨ ਲੋਕ ਘੋਲਾਂ ਦੇ ਲੇਖੇ ਲਗਾ ਦਿੱਤਾ ਸੀ। ਉਨ੍ਹਾ ਦਾ ਪੁੱਤਰ ਜਸਵਿੰਦਰ ਸਿੰਘ ਬਿਜਲੀ ਬੋਰਡ ਦੇ ਵਿਭਾਗ 'ਚੋਂ ਸੇਵਾ ਮੁਕਤ ਹੋਣ ਤੋਂ ਬਾਅਦ ਪਾਰਟੀ 'ਚ ਕੰਮ ਕਰੇਗਾ। ਉਨ੍ਹਾ ਕਿਹਾ ਕਿ ਇਸ ਵਕਤ ਦੇਸ਼ 'ਚ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਚੱਲ ਰਹੀਆਂ ਹਨ, ਜਿਸ ਕਾਰਨ ਗਰੀਬ ਜਨਤਾ ਦਾ ਕਚੂੰਬਰ ਨਿਕਲ ਰਿਹਾ ਹੈ। ਪਾਰਟੀ ਇਨ੍ਹਾਂ ਲੋਕ ਵਿਰੋਧੀ ਨੀਤੀਆਂ ਦਾ ਡਟ ਕੇ ਵਿਰੋਧ ਕਰ ਰਹੀ ਹੈ। ਇਸ ਮੌਕੇ ਰਣਜੀਤ ਸਿੰਘ ਬੇਲਾ ਨੇ ਕਿਹਾ ਕਿ ਬਿਜਲੀ ਵਿਭਾਗ 'ਚ ਨੌਕਰੀ ਕਰਨੀ ਜ਼ਿੰਦਗੀ ਮੌਤ ਦਾ ਸਵਾਲ ਹੁੰਦਾ ਹੈ। ਜਸਵਿੰਦਰ ਸਿੰਘ ਨੇ ਆਪਣੀ ਨੌਕਰੀ ਦੌਰਾਨ ਗਰੀਬ ਲੋਕਾਂ ਦੀ ਭਲਾਈ ਕਰਨ 'ਚ ਵੱਡਾ ਯੋਗਦਾਨ ਪਾਇਆ ਹੈ।

ਉਨ੍ਹਾ ਕਿਹਾ ਕਿ 5 ਅਪ੍ਰੈਲ ਨੂੰ ਦਿੱਲੀ ਵਿਖੇ ਭਾਈ ਲਾਲੋ ਜੀ ਦੇ ਵਾਰਸਾਂ ਵੱਲੋਂ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ। ਇਸ ਰੈਲੀ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਗੂ ਜਥੇਦਾਰ ਮੋਹਨ ਸਿੰਘ ਢਾਹੇ, ਜਥੇਦਾਰ ਮਨਜਿੰਦਰ ਸਿੰਘ ਬਰਾੜ ਅਤੇ ਕਾਮਰੇਡ ਸੁਰਜੀਤ ਸਿੰਘ ਢੇਰ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਪਵਨ ਕੁਮਾਰ ਚੱਕ ਕਰਮਾਂ, ਗੁਰਦੇਵ ਸਿੰਘ ਬਾਗੀ, ਐਸ ਈ ਹਰਵਿੰਦਰ ਸਿੰਘ ਭੱਠਲ, ਸੰਮਤੀ ਮੈਂਬਰ ਕਮਲਜੀਤ ਸਿੰਘ ਬੇਲਾ, ਟੀ ਐਸ ਯੂ ਦੇ ਸੂਬਾ ਪ੍ਰਧਾਨ ਰਤਨ ਸਿੰਘ ਮਜਾਰੀ, ਭਜਨ ਸਿੰਘ ਸੰਦੋਆ, ਕਰਨੈਲ ਸਿੰਘ ਬਜਰੂੜ, ਮਾਸਟਰ ਦਲੀਪ ਸਿੰਘ ਘਨੌਲਾ, ਤਰਲੋਚਨ ਸਿੰਘ ਹੁਸੈਨਪੁਰ, ਗੁਰਦੇਵ ਸਿੰਘ ਬਾਗੀ, ਵਿਜੈ ਸ਼ਰਮਾ ਤਰਸੂਹ, ਸੁਖਦੇਵ ਸਿੰਘ ਨੰਗਲ, ਗੁਰਿੰਦਰ ਸਿੰਘ ਬੇਲਾ, ਸਿਕੰਦਰ ਸਿੰਘ ਢੇਰ, ਸੁਖਬੀਰ ਸਿੰਘ ਮਹੈਣ, ਸੁਖਦੀਪ ਮਟੌਰ, ਭਰਤ ਕਪੂਰ, ਰਾਣਾ ਬਖਤਾਵਰ ਸਿੰਘ, ਬਿਨਾਇਕ ਸ਼ਰਮਾ ਐਡਵੋਕੇਟ, ਮੇਘਾ ਸ੍ਰੀ ਸ਼ਰਮਾ, ਡਾ. ਅਨੂ, ਡਾ.ਮਨਪ੍ਰੀਤ ਕੌਰ, ਐਸ ਐਮ ਓ ਡਾ. ਜਗਜੀਤ ਸਿੰਘ, ਬਜਿੰਦਰ ਪੰਡਤ, ਗੁਰਦਿਆਲ ਸਿੰਘ ਮਾਵੀ, ਕਸ਼ਮੀਰ ਸਿੰਘ ਫੌਜੀ, ਸੂਬੇਦਾਰ ਹਰਸ਼ਿੰਦਰ ਸਿੰਘ, ਬਲਜੀਤ ਸਿੰਘ ਖੱਟੜਾ, ਰਘਬੀਰ ਸਿੰਘ ਭੰਗਲ, ਮਨਪ੍ਰੀਤ ਸਿੰਘ ਭੰਗਲ, ਕੁਲਵਿੰਦਰ ਸਿੰਘ ਭੰਗਲ, ਸਰਪੰਚ ਰਜਿੰਦਰ ਸਿੰਘ ਡੋਡ, ਜਗਤਾਰ ਸਿੰਘ ਤਾਰੀ ਬਾਬਾ, ਡਾਕਟਰ ਰਵਿੰਦਰ ਨਾਥ, ਸੂਬੇਦਾਰ ਹਰਜਾਪ ਸਿੰਘ ਭੰਗਲ, ਖੁਸ਼ਹਾਲ ਸਿੰਘ ਭੰਗਲ, ਜਸਵਿੰਦਰ ਸਿੰਘ ਬਡਿਆਲ, ਅਮਰੀਕ ਸਿੰਘ ਕਾਕੂ, ਸਤਨਾਮ ਸਿੰਘ ਸੇਰਾ, ਸਰਪੰਚ ਰਘਬੀਰ ਸਿੰਘ ਬੇਲਾ, ਅਮਰੀਕ ਸਿੰਘ ਕੁਲਗਰਾ, ਕਾਮਰੇਡ ਦਵਿੰਦਰ ਨੰਗਲ, ਕੈਪਟਨ ਰਾਮ ਲੋਕ, ਕੈਪਟਨ ਦਰਸ਼ਨ ਸਿੰਘ ਅਟਵਾਲ, ਜੈਮਲ ਸਿੰਘ ਢਿੱਲੋਂ, ਗੁਰਦਿਆਲ ਸਿੰਘ ਅਟਵਾਲ, ਪ੍ਰਧਾਨ ਪ੍ਰੇਮ ਸਿੰਘ ਅਟਵਾਲ, ਬਰਜਿੰਦਰ ਸਿੰਘ ਡੋਡ, ਕੈਪਟਨ ਹਰਜਿੰਦਰ ਸਿੰਘ ਸੇਖੋਂ, ਰਕੇਸ਼ ਬਾਲੀ ਕਲਸੇੜਾ, ਨਰਿੰਦਰ ਸਿੰਘ ਮਾਵੀ, ਜਸਵੀਰ ਸਿੰਘ ਬੈਂਸ, ਅਮਰੀਕ ਸਿੰਘ ਗਰਾ, ਗੁਰਦੇਵ ਸਿੰਘ ਮਜਾਰੀ, ਗਿਆਨੀ ਬਲਜੀਤ ਸਿੰਘ, ਗਿਆਨੀ ਸ਼ੇਰ ਸਿੰਘ, ਮੇਹਰ ਸਿੰਘ ਢਾਹੇ, ਇੰਦਰਜੀਤ ਸਿੰਘ ਫੌਜੀ ਸਮੇਤ ਹੋਰ ਇਲਾਕੇ ਦੇ ਲੋਕ ਹਾਜ਼ਰ ਸਨ। ਜਸਵਿੰਦਰ ਸਿੰਘ ਭੰਗਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਐੱਲ ਡੀ ਐੱਮ ਵੱਲੋਂ ਪ੍ਰਾਈਵੇਟ ਸੈਕਟਰ ਦੇ ਬੈਂਕ ਅਧਿਕਾਰੀਆਂ ਨਾਲ ਮੀਟਿੰਗ

**ਜਲੰਧਰ (ਸ਼ੈਲੀ ਐਲਬਰਟ)**-ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਦੇ ਮੱਦੇਨਜ਼ਰ ਜ਼ਿਲ੍ਹੇ ਵਿੱਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਉਪਰੰਤ ਸ਼ੱਕੀ ਲੈਣ-ਦੇਣ 'ਤੇ ਵਿਸ਼ੇਸ਼ ਨਜ਼ਰ ਰੱਖਣ ਸਬੰਧੀ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਤੋਂ ਜਾਣੂ ਕਰਵਾਉਣ ਲਈ ਐਲ.ਡੀ.ਐਮ. ਜਲੰਧਰ ਐੱਮ. ਐੱਸ. ਮੋਤੀ ਵੱਲੋਂ ਪ੍ਰਾਈਵੇਟ ਸੈਕਟਰ ਦੇ ਬੈਂਕ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ।

ਮੀਟਿੰਗ ਦੌਰਾਨ ਐਲ.ਡੀ.ਐਮ. ਨੇ ਬੈਂਕ ਅਧਿਕਾਰੀਆਂ ਨੂੰ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਸਾਰੇ ਬੈਂਕ ਕਿਸੇ ਵੀ ਸ਼ੱਕੀ ਵੱਡੀ ਰਕਮ ਦੇ ਜਮ੍ਹਾਂ ਕਰਵਾਉਣ ਜਾਂ ਕਢਵਾਉਣ ਬਾਰੇ ਜ਼ਿਲ੍ਹਾ ਚੋਣ ਦਫਤਰ ਨੂੰ ਸੂਚਿਤ ਕਰਨਗੇ। ਉਨ੍ਹਾਂ ਕਿਹਾ ਕਿ ਜਿਸ ਖਾਤੇ 'ਚ ਪਿਛਲੇ ਦੋ ਮਹੀਨਿਆਂ ਦੌਰਾਨ ਕੋਈ ਲੈਣ-ਦੇਣ ਨਾ ਹੋਇਆ ਹੋਵੇ ਪਰ ਹੁਣ ਉਸ ਖਾਤੇ 'ਚੋਂ 1 ਲੱਖ ਰੁਪਏ ਤੋਂ ਵਧ ਰਕਮ ਜਮ੍ਹਾ ਕਰਵਾਈ ਜਾਂ ਕਢਵਾਈ ਜਾ ਰਹੀ ਹੋਵੇ, ਬਾਰੇ ਤੁਰੰਤ ਜ਼ਿਲ੍ਹਾ ਚੋਣ ਦਫਤਰ ਵਿਖੇ ਸੂਚਨਾ ਦਿੱਤੀ ਜਾਵੇਗੀ। ਉਮੀਦਵਾਰ ਜਾਂ ਉਸਦੇ ਪਤੀ ਜਾਂ ਪਤਨੀ ਜਾਂ ਪਰਿਵਾਰਕ ਮੈਂਬਰਾਂ ਦੇ ਬੈਂਕ ਖਾਤੇ 'ਚ 1 ਲੱਖ ਰੁਪਏ ਤੋਂ ਵੱਧ ਦੀ ਨਕਦੀ ਜਮ੍ਹਾ ਕਰਵਾਈ ਜਾਂ ਕੱਢਵਾਈ ਜਾ ਰਹੀ ਹੋਵੇ ਜਾਂ ਕਿਸੇ ਰਾਜਸੀ ਪਾਰਟੀ ਦੇ ਖਾਤੇ ਵਿੱਚ 1 ਲੱਖ ਰੁਪਏ ਤੋਂ ਵੱਧ ਦੀ ਰਾਸ਼ੀ ਦਾ ਲੈਣ-ਦੇਣ ਕੀਤਾ ਜਾਂਦਾ ਹੈ ਤਾਂ ਇਸ ਸਬੰਧੀ ਤੁਰੰਤ ਜ਼ਿਲ੍ਹਾ ਚੋਣ ਦਫਤਰ ਵਿਖੇ ਸੂਚਨਾ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਜੇਕਰ ਵੱਡੀ ਰਕਮ ਜਾਂ 10 ਲੱਖ ਰੁਪਏ ਤੋਂ ਵੱਧ ਦੀ ਰਕਮ ਕਢਵਾਈ ਜਾ ਰਹੀ ਹੈ ਤਾਂ ਇਸ ਸਬੰਧੀ ਵੀ ਤੁਰੰਤ ਜ਼ਿਲ੍ਹਾ ਚੋਣ ਦਫਤਰ ਵਿਖੇ ਸੂਚਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦੂਜੀਆਂ ਬੈਂਕ ਸ਼ਾਖਾਵਾਂ ਵਿੱਚ ਨਗਦੀ ਭੇਜਣ ਸਮੇਂ ਸਾਰੇ ਕਰਮਚਾਰੀਆਂ ਦੀ ਸ਼ਨਾਖਤ, ਗੱਡੀਆਂ ਦੇ ਜ਼ਰੂਰੀ ਦਸਤਾਵੇਜ਼ ਅਤੇ ਲਿਜਾਈ ਜਾ ਰਹੀ ਰਕਮ ਦਾ ਮੁਕੰਮਲ ਰਿਕਾਰਡ ਰੱਖਣਾ ਯਕੀਨੀ ਬਣਾਇਆ ਜਾਵੇ। ਜ਼ਿਕਰਯੋਗ ਹੈ ਕਿ ਪਬਲਿਕ ਸੈਕਟਰ ਦੇ ਬੈਂਕ ਅਧਿਕਾਰੀਆਂ ਨਾਲ ਡਿਪਟੀ ਕਮਿਸ਼ਨਰ ਜਲੰਧਰ ਵੱਲੋਂ ਪਹਿਲਾਂ ਹੀ ਮੀਟਿੰਗ ਕੀਤੀ ਜਾ ਚੁੱਕੀ ਹੈ।

## ਮੋਦੀ ਸਰਕਾਰ ਦੀ ਤਾਨਾਸ਼ਾਹੀ ਦਾ ਡਟ ਕੇ ਮੁਕਾਬਲਾ ਕਰੇਗੀ ਕਾਂਗਰਸ : ਰਾਜਕੁਮਾਰ ਚੱਬੇਵਾਲ




**ਫਗਵਾੜਾ (ਡਾ. ਰਮਨ)**-ਕਾਂਗਰਸ ਪਾਰਟੀ ਦੇ ਡਿਪਟੀ ਸੀ ਐਲ ਪੀ ਲੀਡਰ ਰਾਜਕੁਮਾਰ ਚੱਬੇਵਾਲ ਨੇ ਅੱਜ ਫਗਵਾੜਾ ਵਿਖੇ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਹਲਕਾ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਪੰਜਾਬ ਦੇ ਤਾਜ਼ਾ ਸਿਆਸੀ ਹਾਲਾਤ ਬਾਰੇ ਡੂੰਘਾਈ ਨਾਲ ਚਰਚਾ ਕਰਨ ਉਪਰੰਤ ਸਥਾਨਕ ਜੀ ਟੀ ਰੋਡ ਸਥਿਤ ਅਸ਼ੀਸ਼ ਕਾਂਟੀਨੈਂਟਲ 'ਚ ਉਨ੍ਹਾ ਪੱਤਰਕਾਰਾਂ ਨੂੰ ਵੀ ਸੰਬੋਧਨ ਕੀਤਾ। ਰਾਜਕੁਮਾਰ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਦੀ ਭਾਜਪਾ ਸਰਕਾਰ ਸੰਵਿਧਾਨਕ ਸੰਸਥਾਵਾਂ ਦਾ ਗਲਤ ਇਸਤੇਮਾਲ ਕਰ ਰਹੀ ਹੈ। ਸੰਵਿਧਾਨਕ ਕਦਰਾਂ ਕੀਮਤਾਂ ਨੂੰ ਛਿੱਕੇ 'ਤੇ ਟੰਗਿਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਰਾਹੁਲ ਗਾਂਧੀ ਨੇ ਪਾਰਲੀਮੈਂਟ 'ਚ ਗੌਤਮ ਅਡਾਨੀ ਅਤੇ ਪ੍ਰਧਾਨ ਮੰਤਰੀ ਮੋਦੀ ਦੇ ਸੰਬੰਧਾਂ ਨੂੰ ਲੈ ਕੇ ਸਵਾਲ ਚੁੱਕੇ ਸਨ। ਜਿਸ ਦੇ ਤੁਰੰਤ ਬਾਅਦ ਸਾਲ 2019 ਦੀ ਇੱਕ ਝੂਠੀ ਸ਼ਿਕਾਇਤ ਨੂੰ ਅਧਾਰ ਬਣਾ ਕੇ ਦਾਇਰ ਮੁਕੱਦਮੇ 'ਚ ਸੁਣਵਾਈ ਸ਼ੁਰੂ ਕਰਕੇ ਬੀਤੀ 23 ਮਾਰਚ ਨੂੰ ਗੁਜਰਾਤ ਦੀ ਸੂਰਤ ਕੋਰਟ ਨੇ ਰਾਹੁਲ ਗਾਂਧੀ ਨੂੰ ਦੋਸ਼ੀ ਕਰਾਰ ਦੇ ਦਿੱਤਾ। ਉਨ੍ਹਾ ਕਿਹਾ ਕਿ ਅਜ਼ਾਦ ਭਾਰਤ 'ਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਨੂੰ ਮਾਣਹਾਨੀ ਦੇ ਕੇਸ 'ਚ 2 ਸਾਲ ਦੀ ਸਜ਼ਾ ਸੁਣਾਈ ਗਈ ਹੋਵੇ। ਚੱਬੇਵਾਲ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਇਸ ਅਦਾਲਤੀ ਫੈਸਲੇ ਦੇ ਸਿਰਫ 24 ਘੰਟੇ ਦੇ ਅੰਦਰ ਹੀ ਰਾਹੁਲ ਗਾਂਧੀ ਨੂੰ ਲੋਕ ਸਭਾ ਸਕੱਤਰੇਤ ਵੱਲੋਂ ਬਤੌਰ ਐਮ ਪੀ ਅਯੋਗ ਕਰਾਰ ਦੇ ਦਿੱਤਾ। ਜਦਕਿ ਭਾਜਪਾ ਦੇ 55 ਫੀਸਦੀ ਐਮ ਪੀ ਸੰਗੀਨ ਜੁਰਮਾਂ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਜਿਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਜਿਸ ਤੋਂ ਸਪੱਸ਼ਟ ਹੈ ਕਿ ਮੋਦੀ ਸਰਕਾਰ ਰਾਹੁਲ ਗਾਂਧੀ ਦੇ ਸਵਾਲਾਂ ਅਤੇ ਕਾਂਗਰਸ ਪਾਰਟੀ ਤੋਂ ਡਰੀ ਹੋਈ ਹੈ। ਉਨ੍ਹਾ ਕਿਹਾ ਕਿ ਕਾਂਗਰਸ ਪਾਰਟੀ ਭਾਜਪਾ ਸਰਕਾਰ ਦੀਆਂ ਕੋਝੀਆਂ ਚਾਲਾਂ ਤੋਂ ਘਬਰਾਉਣ ਵਾਲੀ ਨਹੀਂ। ਇਹ ਸਾਰਾ ਡਰਾਮਾ 2024 ਦੀਆਂ ਲੋਕ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਰਚਿਆ ਗਿਆ ਹੈ। ਕਾਂਗਰਸ ਪਾਰਟੀ ਦੇ ਸਮੂਹ ਵਰਕਰ ਮੋਦੀ ਸਰਕਾਰ ਦੀ ਤਾਨਾਸ਼ਾਹੀ ਦੇ ਖਿਲਾਫ ਵੱਡਾ ਸੰਘਰਸ਼ ਵਿੱਢਣ ਲਈ ਤਿਆਰ ਹਨ। ਇਸ ਮੌਕੇ ਡੈਲੀਗੇਟ ਮੈਂਬਰ ਗੁਰਜੀਤ ਪਾਲ ਵਾਲੀਆ, ਬਲਾਕ ਸ਼ਹਿਰੀ ਪ੍ਰਧਾਨ ਤਰਨਜੀਤ ਸਿੰਘ ਬੰਟੀ ਵਾਲੀਆ, ਜਸਵੰਤ ਸਿੰਘ ਨੀਟਾ ਦਿਹਾਤੀ ਪ੍ਰਧਾਨ, ਨਰੇਸ਼ ਭਾਰਦਵਾਜ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਫਗਵਾੜਾ, ਸਾਬਕਾ ਸ਼ਹਿਰੀ ਪ੍ਰਧਾਨ ਅਤੇ ਕੌਂਸਲਰ ਸੰਜੀਵ ਬੁੱਗਾ, ਸੀਨੀਅਰ ਆਗੂ ਵਿਨੋਦ ਵਰਮਾਨੀ, ਸੁਖਵਿੰਦਰ ਬਿੱਲੂ ਖੇੜਾ, ਦਰਸ਼ਨ ਸਿੰਘ ਪ੍ਰਿੰਸ, ਰਾਮਪਾਲ ਉੱਪਲ, ਅਮਰਜੀਤ ਨਿੱਝਰ ਆਦਿ ਹਾਜ਼ਰ ਸਨ।

4-APRIL-PAGE-10.qxd 4/3/2023 9:59 PM Page 1



# ਮਜ਼ਦੂਰ ਮੁਕਤੀ ਮੋਰਚੇ ਵੱਲੋਂ ਡਾਕਟਰ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਤ ਕਨਵੈਨਸ਼ਨ



**ਮਾਨਸਾ (ਆਤਮਾ ਸਿੰਘ ਪਮਾਰ)**

ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੀ ਅਗਵਾਈ ਵਿੱਚ ਚੱਲ ਰਹੇ ਮਜ਼ਦੂਰਾਂ ਦੇ ਪੱਕੇ ਮੋਰਚੇ ਦੇ 246ਵੇਂ ਦਿਨ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਨੂੰ ਸਮਰਪਤ ਤੇ 2 ਅਪ੍ਰੈਲ 2018 ਭਾਰਤ ਬੰਦ ਦੇ ਸ਼ਹੀਦਾਂ ਦੀ ਯਾਦ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਦੇ ਜੀਵਨ ਤੇ ਵਿਚਾਰਧਾਰਾ ਵਿਸ਼ੇ 'ਤੇ ਕਨਵੈਨਸ਼ਨ ਕਰਵਾਈ ਗਈ, ਜਿਸ ਦੀ ਪ੍ਰਧਾਨਗੀ ਕਾਮਰੇਡ ਨਛੱਤਰ ਸਿੰਘ ਖੀਵਾ ਚੇਅਰਮੈਨ ਬਾਬਾ ਬੂਝਾ ਸਿੰਘ ਭਵਨ ਮਾਨਸਾ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਸਕੱਤਰ ਹਰਵਿੰਦਰ ਸਿੰਘ ਸੇਮਾ, ਜ਼ਿਲ੍ਹਾ ਮੀਤ ਪ੍ਰਧਾਨ ਮਨਜੀਤ ਕੌਰ ਜੋਗਾ, ਕਮਲਪ੍ਰੀਤ ਕੌਰ ਝੁਨੀਰ, ਦਰਸ਼ਨ ਸਿੰਘ ਦਾਨੇਵਾਲਾ, ਜਰਨੈਲ ਸਿੰਘ ਮਾਨਸਾ ਨੇ ਕੀਤੀ। ਕਨਵੈਨਸ਼ਨ ਦੇ ਮੁੱਖ ਬੁਲਾਰੇ ਡਾਕਟਰ ਭੀਮ ਇੰਦਰ ਸਿੰਘ ਕੋਆਰਡੀਨੇਟਰ ਸ਼ਹੀਦ ਕਰਤਾਰ ਸਿੰਘ ਸਰਾਭਾ ਚੇਅਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਦੀਆਂ ਤੋਂ ਹਾਕਮਾਂ ਵੱਲੋਂ ਸਿਰਜਤ ਕੀਤੀ ਗਈ ਜਾਤੀ ਵਿਵਸਥਾ, ਜਿਸ ਤਹਿਤ ਸੂਦਰਾਂ ਦਲਿਤਾਂ ਪੱਛੜਿਆਂ ਨੂੰ ਜਾਤੀਵਾਦੀ ਨਫਰਤ ਦਾ ਸਾਹਮਣਾ ਕਰਨਾ ਪੈਂ ਰਿਹਾ ਹੈ। ਭਾਰਤ ਨੂੰ ਛੱਡ ਕੇ ਇਹ ਜਾਤੀ ਵਿਵਸਥਾ ਦੁਨੀਆ ਦੇ ਕਿਸੇ ਵੀ ਦੇਸ਼ ਵਿੱਚ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਆਉਣ ਵਾਲੇ ਹਮਲਾਵਰਾਂ ਤੇ ਈਸਟ ਇੰਡੀਆ ਕੰਪਨੀ ਰਾਹੀਂ ਅੰਗਰੇਜ਼ਾਂ ਨੇ ਵੀ ਇਸ ਜਾਤੀ ਵਿਵਸਥਾ ਨੂੰ ਕਾਇਮ ਰੱਖ ਕੇ ਭਾਰਤੀ ਦੀ ਸੱਤਾ ਉੱਤੇ ਰਾਜ ਸਥਾਪਤ ਕਰਕੇ ਅੰਨ੍ਹੀਂ ਲੁੱਟ ਕੀਤੀ। ਉਨ੍ਹਾਂ ਕਿਹਾ ਕਿ ਸਮੇ-ਸਮੇ ਇਸ ਜਾਤੀ ਵਿਵਸਥਾ ਖਿਲਾਫ ਵੱਖ-ਵੱਖ ਰੂਪਾਂ 'ਚ ਉੱਠੀਆਂ ਲਹਿਰਾਂ ਸਮੇਤ ਭਗਤੀ ਲਹਿਰ ਦੇ ਗੁਰੂ ਰਵਿਦਾਸ ਜੀ ਦੀ ਭਗਤੀ ਲਹਿਰ ਨੂੰ ਗੁਰੂ ਨਾਨਕ ਦੇਵ ਜੀ ਨੇ ਇਨਕਲਾਬੀ ਲਹਿਰ ਵਿੱਚ ਤਬਦੀਲ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਖਾਲਸੇ ਦੀ ਸਿਰਜਨਾ ਕਰਕੇ ਇੱਕੋ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਜਾਤੀਵਾਦੀ ਉਚ-ਨੀਚ ਦਾ ਸਿਧਾਂਤਕ ਤੌਰ 'ਤੇ ਖਾਤਮਾ ਕਰਨਾ ਦਾ ਮੁੱਢ ਬੰਨ੍ਹਿਆ, ਪਰ ਉਸ ਤੋਂ ਬਾਅਦ ਪੰਥ ਉੱਪਰ ਕਾਬਿਜ਼ ਮਨੂੰਵਾਦੀ ਸੋਚ ਦੇ ਧਾਰਨੀਆਂ ਨੇ ਸਿੱਖ ਧਰਮ 'ਚ ਵੀ ਜਾਤੀ ਭੇਦਭਾਵ ਨੂੰ ਬੜਾਵਾ ਦਿੱਤਾ, ਨਤੀਜੇ ਵਜੋਂ ਸਮਾਜ ਅੰਦਰ ਵੱਖ-ਵੱਖ ਜਾਤਾਂ ਦੇ ਗੁਰਦੁਆਰੇ ਤੇ ਸ਼ਮਸ਼ਾਨਘਾਟ ਉਸਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅੰਗਰੇਜ਼ਾਂ ਦੇ ਰਾਜ ਕਾਲ ਦੌਰਾਨ ਚੱਲੇ ਆਜ਼ਾਦੀ ਅੰਦੋਲਨ ਸਮੇਂ ਡਾਕਟਰ ਭੀਮ ਰਾਓ ਅੰਬੇਡਕਰ ਵੱਲੋਂ ਦਲਿਤ ਸੂਦਰਾਂ ਦੇ ਅਧਿਕਾਰਾਂ ਦੀ ਉਠਾਈ ਗਈ ਆਵਾਜ਼ ਨੂੰ ਗਾਂਧੀ ਨੇ ਮਰਨ ਵਰਤ ਰੱਖ ਕੇ ਜਾਤੀਵਾਦੀ ਵਿਵਸਥਾ ਨੂੰ ਕਾਇਮ ਰੱਖਣ ਦੀ ਜ਼ੋਰਦਾਰ ਕੋਸ਼ਿਸ਼ ਕੀਤੀ। ਡਾਕਟਰ ਅੰਬੇਡਕਰ ਵੱਲੋਂ ਸਿਰੜੀ ਸੰਘਰਸ਼ ਤੇ ਹਾਸਲ ਕੀਤੀ ਉੱਚ ਪੱਧਰੀ ਵਿੱਦਿਅਕ ਯੋਗਤਾ ਨੂੰ ਭਾਰਤੀ ਹਾਕਮ ਨਜ਼ਰ ਅੰਦਾਜ਼ ਨਹੀਂ ਕਰ ਸਕੇ, ਉਹ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਬਣੇ ਤੇ ਸੰਵਿਧਾਨ ਦੀ ਰਚਨਾ ਵੀ ਕੀਤੀ, ਜੋ ਸੰਵਿਧਾਨ ਅੱਜ ਭਾਰਤ ਦੇ ਦਲਿਤਾਂ ਸੂਦਰਾਂ ਤੇ ਹਰ ਮਨੁੱਖ ਨੂੰ ਸਮਾਨਤਾ ਦਾ ਕਾਨੂੰਨੀ ਅਧਿਕਾਰ ਦਿੰਦਾ ਹੈ। ਇਸ ਸਮੇਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਕਿਹਾ ਕਿ ਦਲਿਤ ਮਿਹਨਤਕਸ਼ ਲੋਕ 14 ਅਪ੍ਰੈਲ ਨੂੰ ਬਾਬਾ ਸਾਹਿਬ ਦੇ ਜਨਮ ਦਿਹਾੜੇ 'ਤੇ ਕਿਰਤੀ ਵਰਗ ਆਪਣੇ ਘਰਾਂ 'ਚ ਦੀਪਮਾਲਾ ਕਰਕੇ ਉਨ੍ਹਾਂ ਦੀ ਵਿਚਾਰਧਾਰਾ ਉੱਪਰ ਚੱਲਣ ਦਾ ਅਹਿਦ ਕਰਨ। ਇਸ ਸਮੇਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ, ਸੂਬਾ ਕਮੇਟੀ ਮੈਂਬਰ ਮੱਖਣ ਸਿੰਘ ਰਾਮਗੜ੍ਹ, ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਜ਼ਿਲ੍ਹਾ ਸਕੱਤਰ ਗੁਰਮੀਤ ਸਿੰਘ ਨੰਦਗੜ੍ਹ, ਭੋਲਾ ਸਿੰਘ ਝੱਬਰ, ਗਗਨਦੀਪ ਸਿੰਘ ਖੜਕ ਸਿੰਘ ਵਾਲਾ, ਜੀਤ ਬੋਹਾ, ਸੁਖਵਿੰਦਰ ਬੋਹਾ, ਦਲਿਤ ਚਿੰਤਕ ਆਤਮਾ ਸਿੰਘ ਪਰਮਾਰ, ਮਾਸਟਰ ਗੁਰਮੇਲ ਸਿੰਘ, ਮੁਲਾਜ਼ਮ ਆਗੂ ਸਿਕੰਦਰ ਸਿੰਘ ਘਰਾਗਣਾਂ, ਵਿੱਦਿਅਕ ਚੇਤਨਾ ਵੈੱਲਫੇਅਰ ਸੁਸਾਇਟੀ ਦੇ ਜ਼ਿਲ੍ਹਾ ਆਗੂ ਧਰਮਿੰਦਰ ਸਿੰਘ ਹੀਰੇਵਾਲਾ, ਵਿਦਿਆਰਥੀ ਜਥੇਬੰਦੀ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਦੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਨੰਦਗੜ੍ਹ, ਸਾਬਕਾ ਐਮ ਸੀ ਸ਼ਿਵਚਰਨ ਦਾਸ ਸੂਚਨ ਆਦਿ ਸ਼ਾਮਲ ਸਨ।

# 'ਸਕੂਲ ਆਫ ਐਮੀਨੈਂਸ' ਸਕੀਮ ਵਿਦਿਆਰਥੀਆਂ ਦਾ ਉਜਾੜਾ ਕਰਨ ਵਾਲੀ : ਡੀ ਟੀ ਐੱਫ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਡੀ.ਟੀ.ਐੱਫ. ਸੰਗਰੂਰ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਪੰਜਾਬ ਸਰਕਾਰ ਦੁਆਰਾ ਚਲਾਈ ਜਾ ਰਹੀ ਵਿਦਿਆਰਥੀਆਂ ਦਾ ਉਜਾੜਾ ਕਰਨ ਵਾਲੀ ਅਖੌਤੀ 'ਸਕੂਲ ਆਫ ਐਮੀਨੈਂਸ' ਸਕੀਮ, ਜਨਤਕ ਸਿੱਖਿਆ ਦਾ ਨਿੱਜੀਕਰਨ, ਕਾਰਪੋਰੇਟੀਕਰਨ ਤੇ ਭਗਵਾਂਕਰਨ ਕਰਨ ਲਈ ਕੇਂਦਰ ਸਰਕਾਰ ਦੁਆਰਾ ਗੈਰ-ਜਮਹੂਰੀ ਤਰੀਕੇ ਨਾਲ ਬਣਾਈ ਕੌਮੀ ਸਿੱਖਿਆ ਨੀਤੀ 2020 ਤੇ ਇਸ ਦੇ ਪਹਿਲੇ ਹੱਲੇ ਵਜੋਂ ਸ਼ੁਰੂ ਕੀਤੀ ਗਈ ਪੀ. ਐੱਮ. ਸ੍ਰੀ ਸਕੂਲ ਸਕੀਮ ਦੇ ਵਿਰੁੱਧ ਤੇ ਪੁਰਾਣੀ ਪੈਨਸ਼ਨ ਲਾਗੂ ਕਰਾਉਣ ਦੇ ਹੱਕ ਵਿੱਚ ਸੂਬਾ ਕਮੇਟੀ ਦੁਆਰਾ ਦਿੱਤੇ ਗਏ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੀ ਰੂਪ-ਰੇਖਾ ਉਲੀਕੀ ਗਈ। ਇਸ ਤਹਿਤ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਲਾਗੂ ਨਾ ਕਰਨ ਵਿਰੁੱਧ ਅਧਿਆਪਕਾਂ ਨੂੰ 1 ਤੋਂ 7 ਅਪ੍ਰੈਲ ਤੱਕ ਕਾਲੇ ਬਿੱਲੇ ਲਾ ਕੇ ਰੋਸ ਪ੍ਰਦਰਸ਼ਨ ਕਰਨ ਦੀ ਅਪੀਲ ਕੀਤੀ ਗਈ। ਪੰਜਾਬੀ ਯੂਨੀਵਰਸਿਟੀ ਬਚਾਓ ਮੋਰਚੇ ਵਿੱਚ 9 ਅਪ੍ਰੈਲ ਨੂੰ ਭਰਵੀਂ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ। 22 ਅਪ੍ਰੈਲ ਨੂੰ ਪਰਜਾਪਤ ਧਰਮਸ਼ਾਲਾ ਸੰਗਰੂਰ ਵਿਖੇ ਚੇਤਨਾ ਕਨਵੈਨਸ਼ਨ ਕਰਵਾਉਣ ਦਾ ਫੈਸਲਾ ਕੀਤਾ ਗਿਆ। 7 ਮਈ ਨੂੰ ਜਥੇਬੰਦੀ ਵੱਲੋਂ ਪੰਜਾਬ ਸਰਕਾਰ ਖਿਲਾਫ ਸ਼ਾਹਕੋਟ ਤੋਂ ਜਲੰਧਰ ਤੱਕ ਕੀਤੇ ਜਾਣ ਵਾਲੇ ਝੰਡਾ ਮਾਰਚ ਵਿੱਚ ਵਧ-ਚੜ੍ਹ ਕੇ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ। ਡੀ.ਈ.ਓ. ਐਲੀਮੈਂਟਰੀ ਸੰਗਰੂਰ ਦੁਆਰਾ ਅਧਿਆਪਕਾਂ ਦੇ ਮਸਲਿਆਂ ਨੂੰ ਹੱਲ ਨਾ ਕਰਨ ਤੇ ਉਸ ਦੁਆਰਾ ਜਥੇਬੰਦੀ ਦੇ ਬਲਾਕ ਚੀਮਾ ਦੇ ਪ੍ਰਧਾਨ ਜਸਬੀਰ ਨਮੋਲ ਨੂੰ ਤੱਥਾਂ ਨੂੰ ਨਜ਼ਰ ਅੰਦਾਜ਼ ਕਰਕੇ ਚਾਰਜਸ਼ੀਟ ਜਾਰੀ ਕਰਨ ਦੇ ਮੁੱਦੇ ਦਾ ਗੰਭੀਰ ਨੋਟਿਸ ਲਿਆ ਗਿਆ। ਇਸ ਮਾਮਲੇ ਵਿੱਚ ਇਹ ਤੈਅ ਕੀਤਾ ਗਿਆ ਕਿ ਸੋਮਵਾਰ ਨੂੰ ਡੀ.ਈ.ਓ. ਨੂੰ ਇਸ ਮਸਲੇ 'ਤੇ ਦੁਬਾਰਾ ਮਿਲਿਆ ਜਾਵੇਗਾ ਤੇ ਉਸ ਦਾ ਰੁਖ ਦੇਖ ਕੇ ਲੋੜ ਪੈਣ 'ਤੇ ਜਲਦੀ ਹੀ ਜਥੇਬੰਦਕ ਐਕਸ਼ਨ ਉਲੀਕਿਆ ਜਾਵੇਗਾ। ਜਥੇਬੰਦੀ ਦੀ ਵਿੱਤੀ ਸਥਿਤੀ ਨੂੰ ਵਿਚਾਰਿਆ ਗਿਆ ਤੇ ਵਜ਼ੀਫਾ ਪ੍ਰੀਖਿਆ ਤੇ ਸੂਬਾ ਕਮੇਟੀ ਦੁਆਰਾ ਦਿੱਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਲੋੜੀਂਦਾ ਫੰਡ ਜੁਟਾਉਣ ਲਈ ਬਲਾਕਾਂ ਨੂੰ ਅਧਿਆਪਕਾਂ ਤੇ ਦਾਨੀ ਸੱਜਣਾਂ ਤੱਕ ਪਹੁੰਚ ਕਰਨ ਲਈ ਕਿਹਾ ਗਿਆ ਤੇ ਵਿੱਤੀ ਸਹਾਇਤਾ ਲਈ ਸੋਸ਼ਲ ਮੀਡੀਆ 'ਤੇ ਅਪੀਲ ਪਾਉਣ 'ਤੇ ਵੀ ਸਹਿਮਤੀ ਬਣੀ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਤੋਂ ਇਲਾਵਾ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ, ਜ਼ਿਲ੍ਹਾ ਕਮੇਟੀ ਦੇ ਅਹੁਦੇਦਾਰ-ਸਕੱਤਰ ਹਰਭਗਵਾਨ ਗੁਰਨੇ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ, ਮੀਤ ਪ੍ਰਧਾਨ ਪਰਵਿੰਦਰ ਉਭਾਵਾਲ, ਵਿੱਤ ਸਕੱਤਰ ਯਾਦਵਿੰਦਰ ਪਾਲ, ਪ੍ਰੈੱਸ ਸਕੱਤਰ ਜਸਬੀਰ ਨਮੋਲ ਤੇ ਮੈਂਬਰ ਜਗਦੇਵ ਵਰਮਾ, ਬਿੱਕਰ ਸਿੰਘ, ਗਗਨਦੀਪ ਧੂਰੀ, ਸੁਖਪਾਲ ਧੂਰੀ, ਨਾਇਬ ਸਿੰਘ, ਮਹਿੰਦਰ ਪ੍ਰਤਾਪ, ਰਘਵਿੰਦਰ ਸਿੰਘ ਤੇ ਬਲਾਕਾਂ ਦੇ ਆਗੂ ਸਤਨਾਮ ਉੱਭਾਵਾਲ, ਜਗਤਾਰ ਲੌਂਗੋਵਾਲ ਤੇ ਸਰਬਜੀਤ ਕਿਸ਼ਨਗੜ੍ਹ ਸ਼ਾਮਲ ਸਨ।

## ਕਾਤਰਾਂ

### ਸਰਕਾਰ ਕਿਸਾਨਾਂ ਨੂੰ 25 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦੇਵੇ : ਰਾਣਾ ਸੋਢੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਜਪਾ ਦੇ ਕੇਂਦਰੀ ਆਗੂ ਰਾਣਾ ਗੁਰਮੀਤ ਸਿੰਘ ਸੋਢੀ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਸੂਬੇ ਦੇ ਕਿਸਾਨਾਂ ਦਾ ਧਿਆਨ ਰੱਖਣ ਤੇ ਖੇਤਾਂ ਵਿਚ ਵਿਸ਼ੇਸ਼ ਗਿਰਦਾਵਰੀ ਕਰਵਾਉਣ ਤਾਂ ਜੋ ਜਿਨ੍ਹਾਂ ਕਿਸਾਨਾਂ ਦੀਆਂ ਫ਼ਸਲਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ 25 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾ ਸਕੇ। ਰਾਣਾ ਸੋਢੀ ਨੇ ਕਿਹਾ ਕਿ ਸੱਤਾ ਸੰਭਾਲਣ ਤੋਂ ਬਾਅਦ ਮਾਨ ਸਰਕਾਰ ਨੇ ਆਪਣੇ-ਆਪ ਨੂੰ ਕਿਸਾਨ ਹਿਤੈਸ਼ੀ ਹੋਣ ਦਾ ਦਾਅਵਾ ਕੀਤਾ ਸੀ, ਪਰ ਹੁਣ ਕੁਦਰਤੀ ਆਫ਼ਤ, ਭਾਰੀ ਮੀਂਹ ਤੇ ਹਨੇਰੀ ਕਾਰਨ ਕਿਸਾਨ ਮੁਸੀਬਤ ਵਿੱਚ ਹਨ, ਇਸ ਲਈ ਸਰਕਾਰ ਨੂੰ ਬਿਆਨਬਾਜ਼ੀ ਕਰਨ ਦੀ ਬਜਾਏ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰ ਕਿਸਾਨ ਦੀ ਜ਼ਮੀਨ ਦੀ ਵਿਸ਼ੇਸ਼ ਗਿਰਦਾਵਰੀ ਹੋਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰ ਮੀਂਹ ਪੈਣ ਕਾਰਨ ਕਣਕ ਦਾ ਝਾੜ ਵੀ ਘੱਟ ਰਿਹਾ ਹੈ ਤੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਖ਼ਰੀਦ ਕੇਂਦਰਾਂ ਵਿੱਚ ਕਣਕ ਦੀ ਖ਼ਰੀਦ ਸਮੇਂ ਕਿਸਾਨਾਂ ਨੂੰ 200 ਰੁਪਏ ਪ੍ਰਤੀ ਕੁਇੰਟਲ ਬੋਨਸ ਵੀ ਦੇਵੇ ਤਾਂ ਜੋ ਪੰਜਾਬ ਦੀ ਅੰਨਦਾਤਾ ਨੂੰ ਘਾਟਾ ਨਾ ਝੱਲਣਾ ਪਵੇ।

### ਐੱਸ ਐੱਫ ਸੀ ਪਬਲਿਕ ਸਕੂਲ 'ਚ ਮਾਪੇ-ਅਧਿਆਪਕ ਮਿਲਣੀ



**ਮੋਗਾ (ਅਮਰਜੀਤ ਬੱਬਰੀ)**-ਹਲਕਾ ਮੋਗਾ ਦੀ ਨਾਮਵਰ ਸੰਸਥਾ ਐੱਸ ਐੱਫ ਸੀ ਪਬਲਿਕ ਸਕੂਲ ਜਲਾਲਾਬਾਦ ਵਿੱਚ ਨਵੇਂ ਸੈਸ਼ਨ ਦੀ ਪਹਿਲੀ ਮਾਪੇ-ਅਧਿਆਪਕ ਮਿਲਣੀ ਕੀਤੀ ਗਈ, ਜਿਸ ਵਿੱਚ ਮਾਪਿਆਂ ਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਬੱਚਿਆਂ ਦੇ ਮਾਪਿਆਂ ਨੇ ਸਕੂਲ ਸਿੱਖਿਆ ਸੱਤਰ ਦੀ ਪੂਰੀ ਜਾਣਕਾਰੀ ਲਈ। ਮਾਪੇ-ਅਧਿਆਪਕ ਮਿਲਣੀ ਵਿੱਚ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਅਪਣਾਏ ਗਏ ਸਿੱਖਿਆ ਦੇ ਗੁਣਾਤਮਕ ਸੁਧਾਰ ਦੀ ਕਿਰਿਆ ਪ੍ਰਣਾਲੀ ਸਬੰਧੀ ਮਾਪਿਆਂ ਨੂੰ ਜਾਣੂ ਕਰਵਾਇਆ ਗਿਆ ਤੇ ਇਸ ਕਿਰਿਆ ਪ੍ਰਣਾਲੀ ਨੂੰ ਮਾਪਿਆਂ ਨੇ ਬਹੁਤ ਪਸੰਦ ਕੀਤਾ। ਮਾਪਿਆਂ ਨੂੰ ਮਾਪਿਆਂ ਦੇ ਐਪ ਬਾਰੇ ਵੀ ਜਾਣੂ ਕਰਵਾਇਆ ਗਿਆ। ਇਸ ਐਪ ਰਾਹੀਂ ਮਾਪੇ ਘਰ ਬੈਠੇ ਹੀ ਬੱਚੇ ਬਾਰੇ ਸਾਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਸਕੂਲ ਡਾਇਰੈਕਟਰ ਅਭਿਸ਼ੇਕ ਸਿੰਘ ਨੇ ਮਾਪਿਆਂ ਨੂੰ ਹਰ ਮਹੀਨੇ ਦੇ ਪਹਿਲੇ ਸ਼ਨੀਵਾਰ ਨੂੰ ਮਾਪੇ ਅਧਿਆਪਕ ਮਿਲਣੀ 'ਤੇ ਆਉਣ ਲਈ ਪ੍ਰੇਰਿਤ ਕੀਤਾ।

### 'ਘਰ-ਘਰ ਚੱਲੋ, ਪਿੰਡ-ਪਿੰਡ ਚੱਲੋ' ਮੁਹਿੰਮ 6 ਤੋਂ

**ਮੂਣਕ (ਰਾਜਪਾਲ ਸਿੰਗਲਾ)**-ਭਾਰਤੀ ਜਨਤਾ ਪਾਰਟੀ ਦੇ ਓ.ਬੀ.ਸੀ. ਪੰਜਾਬ ਪ੍ਰਚਾਰ ਸਕੱਤਰ ਜਰਨੈਲ ਸਿੰਘ ਨੇ ਮੂਣਕ 'ਚ ਆਪਣੇ ਘਰ ਵਿਖੇ ਜ਼ਿਲ੍ਹਾ ਓਬੀਸੀ ਪ੍ਰਧਾਨ ਸੁਰੇਸ਼ ਰਾਠੀ ਦੀ ਅਗਵਾਈ ਵਿੱਚ ਵਰਕਰਾਂ ਦੀ ਕਾਰਜਕਾਰਨੀ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਪ੍ਰਚਾਰ ਸਕੱਤਰ ਨੇ ਪਹੁੰਚੇ ਪਾਰਟੀ ਵਰਕਰਾਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਪ੍ਰਤੀ ਲਏ ਗਏ ਇਤਿਹਾਸਕ ਫੈਸਲਿਆਂ ਸਬੰਧੀ ਪੰਜਾਬ ਦੇ ਲੋਕਾਂ ਨੂੰ "ਘਰ-ਘਰ ਚੱਲੋ, ਪਿੰਡ-ਪਿੰਡ ਚੱਲੋ" ਤਹਿਤ ਜਾਗਰੂਕ ਕੀਤਾ ਜਾਵੇਗਾ। ਇਹ ਮੁਹਿੰਮ 6 ਅਪ੍ਰੈਲ ਤੋਂ ਸ਼ੁਰੂ ਹੋਵੇਗੀ, ਜਿਸ ਵਿੱਚ ਸਾਰੇ ਵਰਕਰਾਂ ਨੂੰ ਵੱਧ ਤੋਂ ਵੱਧ ਹਿੱਸਾ ਪਾਉਣ ਦੀ ਲੋੜ ਹੈ। ਇਸ ਮੌਕੇ ਰਾਮ ਸਿੰਘ, ਸੰਦੀਪ ਮਲਾਣਾ, ਰਘੂਨਾਥ, ਡਾ: ਸੁਖਚੈਨ ਸਿੰਘ, ਰਾਜ ਕੁਮਾਰ ਸੈਣੀ ਤੇ ਗਗਨ ਸ਼ੇਰਗੜ੍ਹ ਹਾਜ਼ਰ ਸਨ।

### ਅੱਜ ਬੁੱਚੜਖਾਨੇ, ਮੀਟ ਤੇ ਆਂਡੇ ਦੀਆਂ ਦੁਕਾਨਾਂ/ਰੇਹੜੀਆਂ ਬੰਦ ਰੱਖਣ ਦੇ ਹੁਕਮ

**ਮਾਨਸਾ (ਪਮਾਰ)**-ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟ੍ਰੇਟ ਮਾਨਸਾ ਸ਼੍ਰੀਮਤੀ ਬਲਦੀਪ ਕੌਰ ਨੇ ਫੌਜ਼ਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰਬਰ-2) ਦੀ ਧਾਰਾ 144 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 04 ਅਪ੍ਰੈਲ ਨੂੰ ਜ਼ਿਲ੍ਹਾ ਮਾਨਸਾ ਦੇ ਬੁੱਚੜਖਾਨੇ, ਮੀਟ ਤੇ ਆਂਡੇ ਦੀਆਂ ਦੁਕਾਨਾਂ/ਰੇਹੜੀਆਂ ਬੰਦ ਰੱਖਣ/ਕਰਨ ਦਾ ਹੁਕਮ ਜਾਰੀ ਕੀਤਾ ਹੈ। ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਪੰਜਾਬ ਵਿੱਚ ਮਹਾਂਵੀਰ ਜਯੰਤੀ ਦਾ ਦਿਹਾੜਾ 04 ਅਪ੍ਰੈਲ ਨੂੰ ਮਨਾਇਆ ਜਾ ਰਿਹਾ ਹੈ। ਇਸ ਲਈ ਪਹਿਲਾਂ 03 ਅਪ੍ਰੈਲ ਲਈ ਜਾਰੀ ਪਾਬੰਦੀ ਦੇ ਹੁਕਮਾਂ ਨੂੰ ਰੱਦ ਕਰਦਿਆਂ ਅਮਨ ਤੇ ਕਾਨੂੰਨ ਦੀ ਵਿਵਸਥਾ ਨੂੰ ਕਾਇਮ ਰੱਖਣ ਲਈ 04 ਅਪ੍ਰੈਲ ਨੂੰ ਜ਼ਿਲ੍ਹਾ ਮਾਨਸਾ ਦੇ ਬੁੱਚੜਖਾਨੇ, ਮੀਟ ਤੇ ਆਂਡੇ ਦੀਆਂ ਦੁਕਾਨਾਂ/ਰੇਹੜੀਆਂ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ।

# ਫਰੈਂਡਜ਼ ਐਜੂਕੇਅਰ ਐਂਡ ਵੈੱਲਫੇਅਰ ਕਲੱਬ ਵੱਲੋਂ ਖ਼ੂਨਦਾਨ ਕੈਂਪ



ਖ਼ੂਨਦਾਨ ਕੈਂਪ ਮੌਕੇ ਖ਼ੂਨ ਦਾਨ ਕਰਦੇ ਹੋਏ ਨੌਜਵਾਨ।

**ਮੋਗਾ (ਅਮਰਜੀਤ ਬੱਬਰੀ)**-ਖ਼ੂਨਦਾਨ ਸਭ ਤੋਂ ਉੱਤਮ ਦਾਨ ਹੈ, ਜੋ ਇਨਸਾਨ ਨੂੰ ਕਿਸੇ ਅਨਜਾਣ ਜਾਂ ਆਪਣੇ ਦੀ ਜ਼ਿੰਦਗੀ ਬਚਾਉਣ ਦਾ ਵਿਲੱਖਣ ਅਹਿਸਾਸ ਤੇ ਮਾਨਸਿਕ ਤਸੱਲੀ ਦਾ ਅਹਿਸਾਸ ਕਰਵਾਉਂਦਾ ਹੈ। ਖ਼ੂਨ ਕਿਸੇ ਫੈਕਟਰੀ ਵਿੱਚ ਨਹੀਂ ਤਿਆਰ ਹੁੰਦਾ, ਬਲਕਿ ਲੋੜ ਪੈਣ 'ਤੇ ਮਨੁੱਖ ਹੀ ਇਸ ਦੀ ਪੂਰਤੀ ਕਰ ਸਕਦਾ ਹੈ। ਸਭ ਦੇ ਖ਼ੂਨ ਦਾ ਰੰਗ ਇੱਕੋ ਜਿਹਾ ਹੈ, ਫਿਰ ਉਚ ਨੀਚ ਜਾਂ ਧਰਮ ਦੇ ਆਧਾਰ 'ਤੇ ਕਿਸੇ ਨਾਲ ਭੇਦਭਾਵ ਕਰਨਾ ਸਾਡੀ ਨਾਸਮਝੀ ਤੋਂ ਵੱਧ ਕੁੱਝ ਨਹੀਂ ਹੈ। ਇਨਸਾਨੀਅਤ ਦਾ ਪਾਠ ਸਿੱਖਣ ਲਈ ਹਰ ਇਨਸਾਨ ਨੂੰ ਖ਼ੂਨਦਾਨ ਦੇ ਰਸਤਿਓਂ ਲੰਘਣਾ ਅਤਿ ਜ਼ਰੂਰੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਰੂਰਲ ਐੱਨ ਜੀ ਓ ਮੋਗਾ ਦੇ ਪ੍ਰਧਾਨ ਹਰਭਿੰਦਰ ਸਿੰਘ ਜਾਨੀਆਂ ਨੇ ਅੱਜ ਕੈਂਬ੍ਰਿਜ ਕਾਨਵੈਂਟ ਸਕੂਲ ਕੋਟ ਈਸੇ ਖਾਂ ਵਿਖੇ ਫਰੈਂਡਜ਼ ਐਜੂਕੇਅਰ ਐਂਡ ਵੈੱਲਫੇਅਰ ਕਲੱਬ ਵੱਲੋਂ ਰੂਰਲ ਐੱਨ ਜੀ ਓ ਮੋਗਾ ਦੇ ਸਹਿਯੋਗ ਨਾਲ ਲਗਾਏ ਗਏ ਖ਼ੂਨਦਾਨ ਕੈਂਪ ਵਿੱਚ ਆਪਣੇ ਸੰਬੋਧਨ ਦੌਰਾਨ ਕੀਤਾ। ਇਸ ਕੈਂਪ ਵਿੱਚ 45 ਦੇ ਕਰੀਬ ਨੌਜਵਾਨਾਂ ਨੇ ਬੜੇ ਉਤਸ਼ਾਹ ਨਾਲ ਖ਼ੂਨ ਦਾਨ ਕੀਤਾ। ਇਸ ਮੌਕੇ ਰੂਰਲ ਐੱਨ ਜੀ ਓ ਮੋਗਾ ਦੇ ਚੀਫ ਪੈਟਰਨ ਮਹਿੰਦਰ ਪਾਲ ਲੂੰਬਾ ਨੇ ਆਪਣੇ ਪ੍ਰਭਾਵਸ਼ਾਲੀ ਸੰਬੋਧਨ ਦੌਰਾਨ ਨੌਜਵਾਨਾਂ ਨੂੰ ਖ਼ੂਨ ਦਾਨ ਕਰਨ ਲਈ ਪ੍ਰੇਰਿਤ ਕਰਦਿਆਂ ਖ਼ੂਨ ਦਾਨ ਦੇ ਫਾਇਦਿਆਂ ਤੇ ਜ਼ਰੂਰਤ ਬਾਰੇ ਜਾਣੂ ਕਰਵਾਇਆ। ਕਲੱਬ ਪ੍ਰਧਾਨ ਰਘਬੀਰ ਸਿੰਘ ਜਾਨੀਆਂ ਨੇ ਦੱਸਿਆ ਕਿ ਸਾਡੀ ਸੰਸਥਾ ਵੱਲੋਂ ਹਰ ਸਾਲ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਜਾਂਦਾ ਹੈ ਤੇ ਇਹ ਸਾਡਾ ਪੰਜਵਾਂ ਖ਼ੂਨਦਾਨ ਕੈਂਪ ਹੈ। ਉਨ੍ਹਾ ਕੈਂਪ ਨੂੰ ਕਾਮਯਾਬ ਬਣਾਉਣ ਲਈ ਰੂਰਲ ਐੱਨ ਜੀ ਓ ਮੋਗਾ, ਕੈਂਬ੍ਰਿਜ ਕਾਨਵੈਂਟ ਸਕੂਲ ਦੇ ਪ੍ਰਿੰਸੀਪਲ ਮੈਡਮ ਮੰਜੂ ਅਰੋੜਾ ਤੇ ਸਮੂਹ ਸਟਾਫ ਅਤੇ ਸਮੂਹ ਖ਼ੂਨਦਾਨੀ ਵੀਰਾਂ-ਭੈਣਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਮਨਦੀਪ ਮਾਲੜਾ, ਸੰਦੀਪ ਮਾਲੜਾ ਤੇ ਸਮੂਹ ਕਲੱਬ ਮੈਂਬਰਾਂ ਨੇ ਖ਼ੂਨਦਾਨੀਆਂ ਨੂੰ ਬੈਜ ਲਗਾ ਕੇ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ।

ਇਸ ਮੌਕੇ ਸਰਬੱਤ ਦਾ ਭਲਾ ਦੇ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ, ਰੂਰਲ ਐੱਨ ਜੀ ਓ ਮੋਗਾ ਦੇ ਚੇਅਰਮੈਨ ਦਵਿੰਦਰਜੀਤ ਸਿੰਘ ਗਿੱਲ, ਬਲਾਕ ਪ੍ਰਧਾਨ ਜਗਤਾਰ ਸਿੰਘ ਜਾਨੀਆਂ, ਬਲਾਕ ਚੇਅਰਮੈਨ ਗੁਰਚਰਨ ਸਿੰਘ ਮੁੰਨਣ, ਕਲੱਬ ਚੇਅਰਮੈਨ ਕੁਲਵਿੰਦਰ ਸਿੰਘ ਜਾਨੀਆਂ, ਜਨਰਲ ਸਕੱਤਰ ਜਸਪ੍ਰੀਤ ਸਿੰਘ, ਵੀ ਪੀ ਸਿੰਘ, ਪ੍ਰਿੰਸ ਸ਼ਰਮਾ, ਅਨਿਲ ਮੁਟਨੇਜਾ, ਕੈਂਬ੍ਰਿਜ ਕਾਨਵੈਂਟ ਸਕੂਲ ਦੇ ਪ੍ਰਿੰਸੀਪਲ ਮੈਡਮ ਮੰਜੂ ਅਰੋੜਾ, ਮਨਦੀਪ ਮਾਲੜਾ, ਮਹਿਕ ਮਾਲੜਾ, ਸੰਦੀਪ ਮਾਲੜਾ, ਕਾਜਲ ਕਾਲੜਾ ਆਦਿ ਹਾਜ਼ਰ ਸਨ।

# ਨੌਜਵਾਨ ਦਾ ਭੇਦਭਰੀ ਹਾਲਤ 'ਚ ਕਤਲ, ਪੁਲਸ ਜਾਂਚ 'ਚ ਜੁਟੀ



**ਨਾਭਾ (ਵਰਿੰਦਰ ਵਰਮਾ)**-ਨਾਭਾ ਦੇ ਨਜ਼ਦੀਕ ਵਾਪਰੀ ਜਿੱਥੇ ਪਿੰਡ ਲੁਹਾਰ ਮਾਜਰਾ ਦੇ 19 ਸਾਲਾਂ ਦੇ ਕਮਲਪ੍ਰੀਤ ਨਾਮ ਦੇ ਨੌਜਵਾਨ ਦਾ ਤੇਜ਼ਧਾਰ ਹਥਿਆਰਾਂ ਨਾਲ ਬੇਰਹਿਮੀ ਨਾਲ ਕਤਲ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ। ਮੌਕੇ ਤੋਂ ਮਿਲੀ ਜਾਣਕਾਰੀ ਮੁਤਾਬਕ ਮ੍ਰਿਤਕ ਨੌਜਵਾਨ ਨੇ ਕੁਝ ਦਿਨ ਬਾਅਦ ਹੀ ਪੜ੍ਹਾਈ ਲਈ ਆਸਟ੍ਰੇਲੀਆ ਜਾਣਾ ਸੀ, ਜਿਸ ਦੀਆਂ 3 ਜੁਲਾਈ ਤੋਂ ਕਲਾਸਾਂ ਸ਼ੁਰੂ ਹੋਣੀਆਂ ਸਨ। ਮ੍ਰਿਤਕ ਨੌਜਵਾਨ ਸ਼ਨੀਵਾਰ ਨੂੰ ਆਪਣੇ ਘਰ ਤੋਂ ਇਹ ਕਹਿ ਕੇ ਗਿਆ ਸੀ ਕਿ ਉਹ ਆਪਣੇ ਦੋਸਤ ਦੇ ਜਨਮ ਦਿਨ ਪਾਰਟੀ ਵਿੱਚ ਜਾ ਰਿਹਾ ਹੈ, ਪਰ ਬੀਤੀ ਰਾਤ ਉਹ ਆਪਣੇ ਘਰ ਵਾਪਸ ਨਾ ਪਰਤਿਆ ਤੇ ਐਤਵਾਰ ਸਵੇਰ ਨੂੰ ਪਿੰਡ ਦੇ ਨਜ਼ਦੀਕ ਖ਼ੂਨ ਨਾਲ ਲੱਥ-ਪੱਥ ਕਮਲ ਪ੍ਰੀਤ ਦੀ ਲਾਸ਼ ਨਗਨ ਹਾਲਤ ਵਿੱਚ ਮਿਲੀ। ਘਟਨਾ ਸਥਲ ਤੋਂ ਲੱਗਦਾ ਸੀ ਕਿ ਬੀਤੀ ਰਾਤ ਕਮਲਪ੍ਰੀਤ ਦੀ ਕਿਸੇ ਨਾਲ ਹੱਥੋ-ਪਾਈ ਹੋਈ ਸੀ, ਜਿਸ ਦੌਰਾਨ ਉਸ ਦੇ ਪਹਿਲਾਂ ਕੱਪੜੇ ਉਤਾਰੇ ਗਏ ਤੇ ਕੁਝ ਦੂਰੀ 'ਤੇ ਜਾ ਕੇ ਉਸ ਦਾ ਕਤਲ ਕਰ ਦਿੱਤਾ ਗਿਆ। ਥਾਣਾ ਸਦਰ ਪੁਲਸ ਦੇ ਇੰਚਾਰਜ ਗੁਰਪ੍ਰੀਤ ਸਿੰਘ ਭਿੰਡਰ ਤੇ ਸੀ ਆਈ ਏ ਪਟਿਆਲਾ ਦੀ ਟੀਮ ਮਾਮਲੇ ਦੀ ਜਾਂਚ ਕਰ ਰਹੀ ਹੈ ਫਰਾਂਸਿਕ ਦੀ ਟੀਮ ਵੀ ਮੌਕੇ ਤੋਂ ਕਈ ਸਬੂਤ ਇਕੱਠੇ ਕੀਤੇ। ਨੌਜਵਾਨ ਦੇ ਕਤਲ ਤੋਂ ਬਾਅਦ ਪਿੰਡ ਵਿੱਚ ਦਹਿਸ਼ਤ ਦਾ ਮਾਹੌਲ ਹੈ, ਜਦਕਿ ਆਪਣੇ ਇਕਲੌਤੇ ਪੁੱਤਰ ਨੂੰ ਖੋਹਣ ਤੋਂ ਬਾਅਦ ਉਸ ਦੇ ਮਾਂ-ਬਾਪ ਦਾ ਰੋ-ਰੋ ਕੇ ਬੁਰਾ ਹਾਲ ਹੈ। ਜ਼ਿਕਰਯੋਗ ਹੈ ਕਿ ਮ੍ਰਿਤਕ ਨੌਜਵਾਨ ਦੇ ਪਿਤਾ ਗਰੀਬ ਕਿਸਾਨ ਦਾ ਇਕਲੌਤਾ ਪੁੱਤਰ ਸੀ, ਜਿਸ ਨੂੰ ਕਰਜ਼ਾ ਚੁੱਕ ਕੇ ਵਿਦੇਸ਼ ਭੇਜਿਆ ਜਾ ਰਿਹਾ ਸੀ। ਇਸ ਸਬੰਧੀ ਮ੍ਰਿਤਕ ਨੌਜਵਾਨ ਦੇ ਪਿਤਾ ਸੁਖਵਿੰਦਰ ਸਿੰਘ ਤੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਕਮਲਪ੍ਰੀਤ ਸ਼ਨੀਵਾਰ ਨੂੰ ਦੁਪਹਿਰ ਸਮੇਂ ਆਪਣੇ ਘਰ ਤੋਂ ਇਹ ਕਹਿ ਕੇ ਗਿਆ ਸੀ ਕਿ ਉਹ ਆਪਣੇ ਦੋਸਤ ਦੀ ਜਨਮ ਦਿਨ ਪਾਰਟੀ ਵਿੱਚ ਜਾ ਰਿਹਾ ਹੈ, ਪਰ ਦੇਰ ਰਾਤ ਜ਼ਿਆਦਾ ਮੀਂਹ ਹੋਣ ਕਰਕੇ ਉਸ ਦੇ ਪਿਤਾ ਨੇ ਆਪਣੇ ਦੋਸਤ ਕੋਲ ਰੁਕਣ ਲਈ ਕਿਹਾ, ਪਰ ਸਵੇਰੇ ਪੁੱਤਰ ਦੇ ਕਤਲ ਦੀ ਖਬਰ ਉਨ੍ਹਾਂ ਕੋਲ ਪਹੁੰਚੀ ਉਨ੍ਹਾਂ ਆਪਣੇ ਇਕਲੌਤੇ ਪੁੱਤਰ ਦੇ ਕਾਤਲਾਂ ਨੂੰ ਜਲਦ ਫੜਨ ਤੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦੇਣ ਦੀ ਅਪੀਲ ਕੀਤੀ। ਇਸ ਮਾਮਲੇ ਦੀ ਤਫਤੀਸ਼ ਕਰ ਰਹੇ ਥਾਣਾ ਸਦਰ ਪੁਲਸ ਦੇ ਇੰਚਾਰਜ ਗੁਰਪ੍ਰੀਤ ਸਿੰਘ ਭਿੰਡਰ ਨੇ ਦੱਸਿਆ ਕਿ ਨਾਭਾ ਦੇ ਪਿੰਡ ਲਾਹੌਰ ਮਾਜਰਾ ਦਾ 19 ਸਾਲਾ ਕਮਲਪ੍ਰੀਤ ਨਾਮ ਦਾ ਨੌਜਵਾਨ ਆਪਣੇ ਘਰ ਤੋਂ ਗਿਆ ਸੀ, ਪਰ ਸਵੇਰੇ ਉਸ ਦੀ ਲਾਸ਼ ਸੂਏ ਨਜ਼ਦੀਕ ਮਿਲੀ। ਲਾਸ਼ ਨੂੰ ਵੇਖਣ ਤੋਂ ਜਾਪਦਾ ਸੀ ਕਿ ਕਮਲਪ੍ਰੀਤ ਦੀ ਕਿਸੇ ਨਾਲ ਹੱਥੋਪਾਈ ਹੋਈ ਤੇ ਉਸ ਦੇ ਕੱਪੜੇ ਪੂਰੀ ਤਰ੍ਹਾਂ ਉਤਾਰੇ ਗਏ, ਜਿਸ ਤੋਂ ਕੁਝ ਦੂਰੀ 'ਤੇ ਜਾ ਕੇ ਕਮਲਪ੍ਰੀਤ ਦਾ ਕਤਲ ਕਰ ਦਿੱਤਾ ਗਿਆ, ਜਿਸ ਦੇ ਸਰੀਰ 'ਤੇ ਚੋਟਾਂ ਦੇ ਕੁਝ ਨਿਸ਼ਾਨ ਵੀ ਮਿਲੇ। ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ, ਜਲਦੀ ਹੀ ਦੋਸ਼ੀਆਂ ਨੂੰ ਕਾਬੂ ਕਰਕੇ ਸਖਤ ਤੋਂ ਸਖਤ ਸਜ਼ਾ ਦਿਵਾਈ ਜਾਵੇਗੀ।

# ਭਾਸ਼ਾ ਵਿਭਾਗ ਵੱਲੋਂ ਵਿਸ਼ਵ ਰੰਗਮੰਚ ਦਿਵਸ ਨੂੰ ਸਮਰਪਤ ਨਾਟਕ



**ਬਰਨਾਲਾ (ਰਜਿੰਦਰ ਬਰਾੜ, ਰਾਕੇਸ਼ ਨੀਟਾ)**

ਬਾਬਾ ਸ਼ੇਖ ਫਰੀਦ ਹਾਈ ਸਕੂਲ ਵਿਖੇ ਭਾਸ਼ਾ ਵਿਭਾਗ ਜ਼ਿਲ੍ਹਾ ਬਰਨਾਲਾ ਵੱਲੋਂ ਵਿਸ਼ਵ ਰੰਗ ਮੰਚ ਦਿਵਸ ਨੂੰ ਸਮਰਪਤ ਪਰਵਾਜ਼ ਥੀਏਟਰ ਗਰੁੱਪ ਦਾ ਨਾਟਕ 'ਫਾਰਮ ਨੰਬਰ-65940' ਕਰਵਾਇਆ ਗਿਆ। ਵਿਭਾਗ ਦੇ ਜ਼ਿਲ੍ਹਾ ਭਾਸ਼ਾ ਅਫਸਰ ਸ੍. ਸੁਖਵਿੰਦਰ ਸਿੰਘ ਗੁਰਮ ਦੀ ਅਗਵਾਈ 'ਚ ਪਰਵਾਜ਼ ਥੀਏਟਰ ਦੇ ਸਹਿਯੋਗ ਨਾਲ ਬਾਬਾ ਸ਼ੇਖ ਫਰੀਦ ਹਾਈ ਸਕੂਲ ਵਿਖੇ ਕਰਵਾਏ ਸਮਾਗਮ ਦੀ ਪ੍ਰਧਾਨਗੀ ਜਸਵੀਰ ਸਿੰਘ ਸਿੱਧੂ ਨੇ ਕੀਤੀ ਤੇ ਰੰਗਕਰਮ ਸੁਰਜੀਤ ਸਿੰਘ ਸੰਧੂ, ਸਮਾਜਸੇਵੀ ਗੁਰਦਰਸ਼ਨ ਗੁੱਡੂ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ। ਨਿਰਦੇਸ਼ਕ ਤੇ ਲੇਖਕ ਦਿਲਪ੍ਰੀਤ ਚੁਹਾਨ ਤੇ ਉਨ੍ਹਾਂ ਦੀ ਸਮੁੱਚੀ ਟੀਮ ਨੇ ਸਰੋਤਿਆਂ ਨੂੰ ਬੰਨ੍ਹ ਕੇ ਰੱਖ ਦਿੱਤਾ। ਸਭ ਤੋਂ ਪਹਿਲਾਂ ਖੋਜ ਅਫਸਰ ਬਿੰਦਰ ਸਿੰਘ ਖੁੱਡੀ ਕਲਾਂ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਵਿਭਾਗ ਦੀ 75ਵੀਂ ਵਰ੍ਹੇਗੰਢ ਦੇ ਸਬੰਧ 'ਚ ਕਰਵਾਏ ਨਾਟਕ ਮੇਲੇ ਬਾਰੇ ਮਹਿਮਾਨਾਂ ਤੇ ਦਰਸ਼ਕਾਂ ਨੂੰ ਜਾਣਕਾਰੀ ਦਿੱਤੀ। ਨਾਟਕ ਦਾ ਮੈਡਮ ਕੁਲਦੀਪ ਕੌਰ, ਰਵਿੰਦਰ ਕੌਰ, ਨਰਿੰਦਰਜੀਤ ਕੌਰ, ਜਸਵਿੰਦਰ ਕੌਰ, ਮਨਪ੍ਰੀਤ ਕੌਰ, ਬਲਜਿੰਦਰ ਕੌਰ, ਮੈਡਮ ਪੂਜਾ ਤੇ ਸਕੂਲ ਦੇ ਵਿਦਿਆਰਥੀਆਂ ਨੇ ਖ਼ੂਬ ਆਨੰਦ ਮਾਣਿਆ।

# ਕਾਂਗਰਸੀ ਆਗੂਆਂ ਵੱਲੋਂ ਸੱਤਿਆਗ੍ਰਹਿ



**ਸੰਗਰੂਰ (ਪ੍ਰਵੀਨ ਸਿੰਘ)**-ਓਬੀਸੀ ਡੀਪਾਰਟਮੈਂਟ ਹਰਪਾਲ ਸਿੰਘ ਸੋਨੂੰ ਵਾਈਸ ਚੇਅਰਮੈਨ ਤੇ ਚਮਕੌਰ ਸਿੰਘ ਜੱਸੀ ਚੇਅਰਮੈਨ ਐੱਸ ਸੀ ਸੈੱਲ ਕਾਂਗਰਸ ਪਾਰਟੀ ਦੀ ਅਗਵਾਈ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਨਗਰ ਸੰਗਰੂਰ ਵਿਖੇ ਸ੍ਰੀ ਰਾਹੁਲ ਗਾਂਧੀ ਨੂੰ ਮੈਂਬਰ ਪਾਰਲੀਮੈਂਟ ਤੋਂ ਬਰਖਾਸਤ ਕਰਨ 'ਤੇ ਸਤਿਆਗ੍ਰਹਿ ਕੀਤਾ ਗਿਆ। ਇਸ ਮੌਕੇ ਸੁਭਾਸ਼ ਗਰੋਵਰ, ਰਣਜੀਤ ਸਿੰਘ ਤੂਰ, ਜਸਵਿੰਦਰ ਸਿੰਘ ਧੀਮਾਨ, ਸ਼ਕਤੀਜੀਤ ਸਿੰਘ, ਰਵੀ ਚਾਵਲਾ ਐੱਮ ਸੀ, ਅਸ਼ੋਕ ਕੁਮਾਰ ਐੱਮ ਸੀ, ਰਾਜ ਭਲਵਾਨ, ਸ਼ਸ਼ੀ ਚਾਵਰੀਆ, ਰਾਜੇਸ਼ ਲੌਟ, ਪਵਨ ਪੁਨੀ, ਦੀਪੂ ਮੁਸਤਫਾ, ਅਮਰਜੀਤ ਸਿੰਘ, ਗੁਰਜੰਟ ਸਿੰਘ, ਰੌਕੀ ਬਾਂਸਲ, ਕਾਕਾ ਮਨਚੰਦਾ, ਸੁਰਿੰਦਰ ਸਿੰਘ ਪਿੰਡਰ, ਚਰਨਜੀਤ ਕੌਰ ਬਲਾਕ ਪ੍ਰਧਾਨ, ਹਰਵਿੰਦਰ ਕੌਰ, ਅਰੁਣਾ ਤਿੜ੍ਹਿਆ, ਪੁਸ਼ਪਾ ਰੰਗਾ, ਨਰੇਸ਼ ਰੰਗਾ, ਬਾਬੂ ਲਾਲ ਰੰਗਾ, ਬੂਟਾ ਸਿੰਘ ਬਿਰਕਲਾ, ਰਣਜੀਤ ਸਿੰਘ ਲਿਧਰਾ, ਬਿਕਰ ਸਰਪੰਚ ਹਾਜ਼ਰ ਸਨ।

# ਅਖੰਡ ਪਾਠ ਸਾਹਿਬ ਦੇ ਭੋਗ ਪਾ ਕੇ ਕੀਤੀ ਨਵੇਂ ਸੈਸ਼ਨ ਦੇ ਸ਼ੁਰੂਆਤ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**

ਨਵੇਂ ਸੈਸ਼ਨ 2023-2024 ਦੀ ਸ਼ੁਰੂਆਤ ਹੋਣ 'ਤੇ ਵਾਹਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰਨ ਤੇ ਸਕੂਲ ਦੀ ਫਾਊਂਡਰ ਸਵਰਗਵਾਸੀ ਪ੍ਰਿੰਸੀਪਲ ਸ੍ਰੀਮਤੀ ਪੁਸ਼ਪਾ ਅਰੋੜਾ ਦੀ ਯਾਦ ਵਿੱਚ ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਕਾਸ਼ ਕਰਵਾਏ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਸ਼ਰਧਾ ਭਾਵਨਾ ਨਾਲ ਪਾਇਆ ਗਿਆ। ਡੇਰਾ ਬਾਬਾ ਰੂਮੀ ਵਾਲੇ ਤੋਂ ਪਹੁੰਚੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਵਾਹਿਗੁਰੂ ਅੱਗੇ ਬੱਚਿਆਂ ਦੇ ਉੱਜਵਲ ਭਵਿੱਖ, ਸਕੂਲ ਦੀ ਤਰੱਕੀ, ਸੁੱਖ-ਸ਼ਾਂਤੀ ਤੇ ਖੁਸ਼ਹਾਲੀ, ਆਵਾਜਾਈ ਦੇ ਸਾਧਨਾਂ ਦੇ ਅੰਗ-ਸੰਗ ਰਹਿਣ ਤੇ ਅਧਿਆਪਕਾਂ ਨੂੰ ਹੋਰ ਮਿਹਨਤ ਕਰਨ ਦਾ ਬਲ ਬਖਸ਼ਣ ਲਈ ਅਰਦਾਸ ਕੀਤੀ ਗਈ। ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਪ੍ਰੋ. ਮੋਹਨ ਲਾਲ ਅਰੋੜਾ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਸਮਾਪਤੀ 'ਤੇ ਗੁਰੂ ਦਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਸਕੂਲ ਮੈਨੇਜਿੰਗ ਕਮੇਟੀ ਦੇ ਮੈਂਬਰ, ਪ੍ਰਿੰਸੀਪਲ, ਸਮੂਹ ਸਟਾਫ, ਵਿਦਿਆਰਥੀ, ਬੱਚਿਆਂ ਦੇ ਮਾਪੇ ਤੇ ਪਤਵੰਤੇ ਹਾਜ਼ਰ ਸਨ।

# ਵਾਤਾਵਰਨ ਦੀ ਸ਼ੁੱਧਤਾ ਲਈ ਏ ਆਰ ਦਫਤਰ 'ਚ ਬੂਟੇ ਲਗਾਏ



**ਧੂਰੀ (ਸੁਖਦੇਵ ਧੂਰੀ, ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਵਾਤਾਵਰਨ ਦੀ ਸ਼ੁੱਧਤਾ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਟੀਮ ਵੱਲੋਂ ਸਥਾਨਕ ਏ. ਆਰ. ਦਫਤਰ ਵਿਖੇ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ. ਅਨਵਰ ਭਸੌੜ ਦੀ ਅਗਵਾਈ ਹੇਠ ਫਲਦਾਰ ਤੇ ਛਾਂਦਾਰ ਬੂਟੇ ਲਗਾਏ ਗਏ। ਇਸ ਮੌਕੇ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਤੇ ਆਪ ਦੇ ਆਗੂ ਡਾ. ਅਨਵਰ ਭਸੌੜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਨੂੰ ਹਰਿਆ ਭਰਿਆ ਬਣਾਉਣ ਚਲਾਈ ਗਈ ਮੁਹਿੰਮ ਤਹਿਤ ਅੱਜ ਫਲਦਾਰ ਤੇ ਛਾਂਦਾਰ ਪੌਦੇ ਲਗਾਏ ਗਏ। ਉਨ੍ਹਾ ਕਿਹਾ ਕਿ ਵਾਤਾਵਰਨ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਆਪਾਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ। ਇਸ ਮੌਕੇ ਸਹਾਇਕ ਰਜਿਸਟਰਾਰ ਸੰਦੀਪ ਕੌਰ ਰੰਧਾਵਾ, ਸੁਪਰਡੈਂਟ ਸਮਸ਼ੇਰ ਸਿੰਘ, ਐੱਸ. ਏ. ਅਰਸ਼ਦੀਪ ਸ਼ਰਮਾ ਜੱਖਲਾਂ, ਹਰਸ਼ਿਤ ਵਧਵਾ, ਗੁਰਮੇਲ ਸਿੰਘ, ਗੁਰਪ੍ਰੀਤ ਸਿੰਘ, ਆਪ ਆਗੂ ਭਿੰਦਾ ਵਿਰਕ, ਗੁਰਜੀਤ ਸਿੰਘ ਕਾਂਝਲਾ ਬਲਾਕ ਪ੍ਰਧਾਨ ਆਪ ਤੇ ਗੁਰਪ੍ਰੀਤ ਸਿੰਘ ਗੁਰੀ ਮਾਨ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਐੱਸ ਐੱਸ ਜੈਨ ਸਭਾ ਵੱਲੋਂ ਗੁਰੂ ਸੁਦਰਸ਼ਨ ਜਨਮ ਸ਼ਤਾਬਦੀ ਮੌਕੇ ਖ਼ੂਨਦਾਨ ਕੈਂਪ

**ਬੁਢਲਾਡਾ (ਅਸ਼ੋਕ ਲਾਕੜਾ)**-ਐੱਸ. ਐੱਸ. ਜੈਨ ਸਭਾ ਬੁਢਲਾਡਾ ਨੇ ਗੁਰੂ ਸੁਦਰਸ਼ਨ ਜਨਮ ਸ਼ਤਾਬਦੀ ਮੌਕੇ ਇੱਕ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ. ਐੱਸ. ਜੈਨ ਸਭਾ ਦੇ ਆਗੂ ਵਿਨੋਦ ਕੁਮਾਰ ਜੈਨ ਨੇ ਕਿਹਾ ਕਿ ਇਸ ਕੈਂਪ ਦਾ ਉਦੇਸ਼ ਮਨੁੱਖਤਾ ਭਲਾਈ ਦੇ ਕੰਮਾਂ ਵਿੱਚ ਆਪਣਾ ਯੋਗਦਾਨ ਦੇ ਕੇ ਕਿਸੇ ਨੂੰ ਨਵੀਂ ਜ਼ਿੰਦਗੀ ਪ੍ਰਦਾਨ ਕਰਨਾ ਹੈ। ਇਸ ਕੜੀ ਤਹਿਤ ਸ਼ਹਿਰ ਦੇ ਸਮੂਹ ਜੈਨ ਸਮਾਜ ਤੋਂ ਇਲਾਵਾ ਇਲਾਕੇ ਦੇ ਸਮੂਹ ਨਿਵਾਸੀਆਂ ਵੱਲੋਂ ਇਸ ਕੈਂਪ ਵਿੱਚ ਹਿੱਸਾ ਲਿਆ ਗਿਆ, ਜਿਸ ਵਿੱਚ ਗੁਰੂ ਸੁਦਰਸ਼ਨ ਸਮਿਤੀ ਦਿੱਲੀ ਦੇ ਚੇਅਰਮੈਨ ਰਵਿੰਦਰ ਜੈਨ ਤੇ ਪੰਜਾਬ ਸਮਿਤੀ ਦੇ ਚੇਅਰਮੈਨ ਪ੍ਰਵੀਨ ਜੈਨ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸ ਮੌਕੇ ਬੁਢਲਾਡਾ ਦੇ ਮਾਨਯੋਗ ਸਵਰਗਵਾਸੀ ਸ੍ਰ: ਹਰਬੰਸ ਸਿੰਘ ਵਾਲੀਆ ਦੇ ਸਪੁੱਤਰ ਭਲਿੰਦਰ ਸਿੰਘ ਵਾਲੀਆ ਦੇ ਬੇਟੇ ਅਰਸ਼ਦੀਪ ਸਿੰਘ ਵਾਲੀਆ ਨੇ ਆਪਣੇ ਦਾਦਾ ਜੀ ਦੇ ਜਨਮ ਦਿਨ ਮੌਕੇ ਖ਼ੂਨਦਾਨ ਕੈਂਪ ਵਿੱਚ ਆਪਣਾ ਖ਼ੂਨ ਦਾਨ ਦੇ ਕੇ ਨੇਕ ਭਲਾਈ ਦਾ ਕਾਰਜ ਕੀਤਾ। ਇਸ ਮੌਕੇ ਉਨ੍ਹਾਂ ਵੱਲੋਂ ਜੈਨ ਸਭਾ ਦੇ ਸਮੂਹ ਮੈਂਬਰਾਂ ਤੇ ਇਲਾਕਾ ਨਿਵਾਸੀਆਂ ਦਾ ਖ਼ੂਨਦਾਨ ਕੈਂਪ ਵਿੱਚ ਪਹੁੰਚਣ 'ਤੇ ਵਿਸ਼ੇਸ਼ ਧੰਨਵਾਦ ਕੀਤਾ।

# ਜੇ ਕੇ ਐੱਸ ਪਬਲਿਕ ਸਕੂਲ ਦਾ ਸਥਾਪਨਾ ਦਿਵਸ ਮਨਾਇਆ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**

ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਜੇ ਕੇ ਐੱਸ ਪਬਲਿਕ ਸਕੂਲ ਦਾ 21ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਗੁਰੂ ਹਰਸਹਾਏ ਇਲਾਕੇ ਵਿੱਚ ਸੀ ਬੀ ਐੱਸ ਈ ਸਕੂਲ ਦੀ ਕਮੀ ਨੂੰ ਦੇਖਦੇ ਹੋਏ ਕਸ਼ਮੀਰ ਲਾਲ ਮੋਂਗਾ ਦੁਆਰਾ 2 ਅਪ੍ਰੈਲ 2003 ਨੂੰ ਇਸ ਸਕੂਲ ਦੀ ਸਥਾਪਨਾ ਕੀਤੀ ਗਈ। ਉਨ੍ਹਾਂ ਦੁਆਰਾ ਦੱਸੇ ਹੋਏ ਰਾਹ 'ਤੇ ਚਲਦੇ ਉਨ੍ਹਾਂ ਦੇ ਸਪੁੱਤਰ ਰਮਨ ਕੁਮਾਰ ਮੋਂਗਾ ਤੇ ਮੈਨੇਜਮੈਂਟ ਮੈਂਬਰ ਸਤਪਾਲ ਅਰੋੜਾ ਦੀ ਦੇਖ-ਰੇਖ ਵਿੱਚ ਇਹ ਸਕੂਲ ਸਫਲਤਾਪੂਰਵਕ ਅੱਗੇ ਵਧ ਰਿਹਾ ਹੈ। ਇਸ ਦਿਵਸ ਦੇ ਮੌਕੇ 'ਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ। ਇਸ ਪਾਠ ਵਿੱਚ ਸਕੂਲ ਮੈਨੇਜਮੈਂਟ ਮੈਂਬਰਾਂ, ਪ੍ਰਿੰਸੀਪਲ, ਅਧਿਆਪਕਾਂ ਤੇ ਬੱਚਿਆਂ ਨੇ ਸ਼ਾਮਲ ਹੋ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਬਾਬਾ ਜੀ ਦੁਆਰਾ ਸਕੂਲ ਦੀ ਸਫਲਤਾ ਤੇ ਬੱਚਿਆਂ ਦੇ ਉੱਜਲ ਭਵਿੱਖ ਲਈ ਅਰਦਾਸ ਕੀਤੀ ਗਈ। ਬਾਬਾ ਜੀ ਨੂੰ ਸੋਹਣੇ ਰੁਮਾਲੇ ਵੀ ਭੇਟ ਕੀਤੇ ਗਏ। ਕੜਾਹ ਪ੍ਰਸਾਦ ਦੀ ਦੇਗ ਵੀ ਵਰਤਾਈ ਗਈ। ਇਸ ਉਪਰੰਤ ਗੁਰੂ ਜੀ ਦਾ ਅਤੁੱਟ ਲੰਗਰ ਵੀ ਵਰਤਾਇਆ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਮੀਨੂੰ ਮੋਂਗਾ ਨੇ ਅਧਿਆਪਕਾਂ, ਵਿਦਿਆਰਥੀਆਂ ਤੇ ਮਾਪਿਆਂ ਨੂੰ ਸਥਾਪਨਾ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਆਪ ਸਭ ਦੇ ਯੋਗਦਾਨ ਦੇ ਸਦਕਾ ਹੀ ਸਕੂਲ ਤਰੱਕੀ ਵੱਲ ਵੱਧ ਰਿਹਾ ਹੈ ਤੇ ਸਭ ਨੇ ਭਵਿੱਖ ਵਿੱਚ ਵੀ ਇਸ ਨੂੰ ਬਰਕਰਾਰ ਰੱਖਣਾ ਹੈ।

# ਸ. ਪ੍ਰਾ. ਸਕੂਲ ਵਿਖੇ 'ਮਾਪੇ-ਅਧਿਆਪਕ ਮਿਲਣੀ' ਪ੍ਰੋਗਰਾਮ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**

ਸ. ਪ੍ਰਾ. ਸਕੂਲ ਲਹਿਰਾ ਮੁਹੱਬਤ ਵਿਖੇ ਸਾਲਾਨਾ ਇਮਤਿਹਾਨਾਂ ਦਾ ਨਤੀਜਾ ਦੇਣ ਲਈ ਆਯੋਜਤ 'ਮਾਪੇ-ਅਧਿਆਪਕ ਮਿਲਣੀ' ਪ੍ਰੋਗਰਾਮ ਵਿੱਚ ਬੱਚੇ ਆਪਣੇ ਮਾਪਿਆਂ ਸਮੇਤ ਸਕੂਲ ਪਹੁੰਚੇ। ਸਕੂਲ ਮੁਖੀ ਗੁਰਵਿੰਦਰ ਸਿੰਘ ਤੇ ਸਟਾਫ ਵੱਲੋਂ ਪਹਿਲੀ ਤੋਂ ਚੌਥੀ ਜਮਾਤ ਤੱਕ ਦੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਸਨਮਾਨ ਵਜੋਂ ਇਨਾਮ ਵੰਡ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਬਾਕੀ ਬੱਚਿਆਂ ਨੂੰ ਵੀ ਹੋਰ ਮਿਹਨਤ ਕਰਨ ਤੇ ਪੁਜ਼ੀਸ਼ਨਾਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਪਹਿਲੀ ਤੋਂ ਤੀਜੀ ਜਮਾਤ ਦੇ ਅਧਿਆਪਕਾਂ ਵੱਲੋਂ ਬੱਚਿਆਂ ਦੇ ਮਾਪਿਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਵਿੱਚ ਪਹਿਲੀ ਜਮਾਤ 'ਚੋਂ ਨਵਰੀਤ ਕੌਰ ਨੇ ਪਹਿਲਾ, ਯਸ਼ਕਿਤ ਸੈਨ ਤੇ ਰੋਬਨਦੀਪ ਸਿੰਘ ਨੇ ਦੂਜਾ ਤੇ ਜੈਸਮੀਨ ਕੌਰ ਨੇ ਤੀਜਾ, ਦੂਜੀ ਜਮਾਤ 'ਚੋਂ ਜਸਪ੍ਰੀਤ ਕੌਰ ਨੇ ਪਹਿਲਾ, ਸ਼ਿਵਆਰਿਆ ਨੇ ਦੂਜਾ ਤੇ ਤਰਿਸ਼ਾ ਨੇ ਤੀਜਾ, ਤੀਜੀ ਏ 'ਚੋਂ ਹਰਸ਼ ਨੇ ਪਹਿਲਾ, ਕੁਮਾਰੀ ਮੋਹਿਨੀ ਨੇ ਦੂਜਾ ਤੇ ਰਣਵੀਰ ਸਿੰਘ ਨੇ ਤੀਜਾ, ਤੀਜੀ ਬੀ' 'ਚੋਂ ਸੁਖਵਿੰਦਰ ਸਿੰਘ ਨੇ ਪਹਿਲਾ, ਲਵਲੀਨ ਕੌਰ ਨੇ ਦੂਜਾ, ਕਿਰਨਦੀਪ ਕੌਰ ਨੇ ਤੀਜਾ ਤੇ ਚੌਥੀ ਜਮਾਤ 'ਚੋਂ ਪੁਲਕਿਤ ਸੈਨ ਨੇ ਪਹਿਲਾ, ਅਵਰੀਤ ਕੌਰ ਨੇ ਦੂਜਾ ਤੇ ਕਰਿਸ਼ ਆਰਿਆ ਨੇ ਤੀਜਾ ਸਥਾਨ ਹਾਸਲ ਕੀਤਾ।

# ਨਵਾਬ ਸ਼ੇਰ ਮੁਹੰਮਦ ਖਾਨ ਦੀ ਆਖਰੀ ਵੰਸ਼ਿਜ਼ ਬੇਗਮ ਮੁਨੱਵਰ ਉਲ ਨਿਸ਼ਾ ਦਾ ਸਨਮਾਨ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੁਗਲ ਹਕੂਮਤ ਵਿਰੁੱਧ ਜਾ ਕੇ ਸਿੱਖ ਪੰਥ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਹਿ ਸਿੰਘ ਜੀ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਨ ਵਾਲੇ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਨ ਦੇ ਵੰਸ਼ ਦੀ ਅੱਠਵੀਂ ਪੀੜ੍ਹੀ ਦੀ ਆਖਰੀ ਬੇਗਮ ਰਾਜ ਮਾਤਾ ਮੁਨੱਵਰ ਉਲ ਨਿਸ਼ਾਂ ਦਾ ਇਤਿਹਾਸਕ ਅਸਥਾਨ ਗੁਰੂਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸੰਗਤਾਂ ਵੱਲੋਂ ਜੈਕਾਰਿਆਂ ਦੀ ਗੂੰਜ 'ਚ ਸਨਮਾਨ ਕੀਤਾ ਗਿਆ। ਗੁਰੂਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਪਹੁੰਚੇ ਰਾਜ ਮਾਤਾ ਮੁਨੱਵਰ ਉਲ ਨਿਸ਼ਾਂ, ਜਿਨ੍ਹਾਂ ਦੀ ਉਮਰ ਕਰੀਬ 102 ਸਾਲ ਦੱਸੀ ਜਾਂਦੀ ਹੈ, ਦੇ ਗੱਡੀਆਂ ਦੇ ਕਾਫਲੇ ਦੀ ਅਗਵਾਈ ਫੁੱਲਾਂ ਨਾਲ ਸਜਾਈ ਗਈ ਪਾਲਕੀ ਵਾਲੀ ਗੱਡੀ ਵੱਲੋਂ ਕੀਤੀ ਜਾ ਰਹੀ ਸੀ, ਜਿਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਨਵਾਬ ਸ਼ੇਰ ਮੁਹੰਮਦ ਖਾਨ ਨੂੰ ਭੇਟ ਕੀਤੀ ਗਈ ਸ੍ਰੀ ਸਾਹਿਬ ਸੁਸ਼ੋਭਿਤ ਕੀਤੀ ਹੋਈ ਸੀ, ਜਿਸ ਦਾ ਸਵਾਗਤ ਸੰਗਤਾਂ ਵੱਲੋਂ ਫੁੱਲ ਵਰਸਾ ਕੇ ਕੀਤਾ ਗਿਆ। ਵੀਲ੍ਹ ਚੇਅਰ 'ਤੇ ਬਿਠਾ ਕੇ ਸਨਮਾਨ ਸਮਾਗਮ ਵਾਲੀ ਥਾਂ 'ਤੇ ਲਿਆਂਦੀ ਗਈ ਬੇਗਮ ਰਾਜ ਮਾਤਾ ਮੁਨੱਵਰ ਉਲ ਨਿਸ਼ਾਂ ਨੇ ਸਿੱਖ ਸੰਗਤਾਂ ਵੱਲੋਂ ਦਿਖਾਏ ਗਏ ਪ੍ਰੇਮ ਲਈ ਉਨ੍ਹਾਂ ਦਾ ਧੰਨਵਾਦ ਪ੍ਰਗਟ ਕੀਤਾ।

**■ ਬੇਗਮ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਨਵਾਬ ਮਲੇਰਕੋਟਲਾ ਨੂੰ ਬਖ਼ਸ਼ਿਸ਼ ਕੀਤੀ ਸ੍ਰੀ ਸਾਹਿਬ ਦੇ ਸੰਗਤਾਂ ਨੂੰ ਕਰਵਾਏ ਗਏ ਦਰਸ਼ਨ**

ਬੇਗਮ ਦਾ ਸਨਮਾਨ ਕੀਤੇ ਜਾਣ ਦਾ ਉਪਰਾਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਵੱਲੋਂ ਕੀਤਾ ਗਿਆ। ਰਾਜ ਮਾਤਾ ਬੇਗਮ ਮੁਨੱਵਰ ਉਲ ਨਿਸ਼ਾਂ ਦਾ ਸਨਮਾਨ ਕਰਨ ਉਪਰੰਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਸੀਨੀਅਰ ਅਕਾਲੀ ਆਗੂ ਜਥੇ ਜਗਦੀਪ ਸਿੰਘ ਚੀਮਾ, ਸੰਤ ਬਾਬਾ ਹਰੀ ਸਿੰਘ ਰੰਧਾਵੇ ਵਾਲੇ, ਸ਼੍ਰੋਮਣੀ ਕਮੇਟੀ ਦੇ ਮੈਂਬਰ ਕਾਰਜਕਾਰਨੀ ਭਾਈ ਗੁਰਪ੍ਰੀਤ ਸਿੰਘ ਰੰਧਾਵੇ ਵਾਲੇ, ਸ਼੍ਰੋਮਣੀ ਕਮੇਟੀ ਦੇ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਹੈੱਡ ਗ੍ਰੰਥੀ ਗਿਆਨੀ ਹਰਪਾਲ ਸਿੰਘ, ਅਕਾਲੀ ਦਲ ਦੇ ਬੁਲਾਰੇ ਐਡਵੋਕੇਟ ਅਮਰਦੀਪ ਸਿੰਘ ਧਾਰਨੀ, ਭਾਈ ਗੁਰਚਰਨ ਸਿੰਘ ਗਰੇਵਾਲ, ਗੁਰੂਦੁਆਰਾ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਦੇ ਪ੍ਰਧਾਨ ਲਖਵਿੰਦਰ ਸਿੰਘ ਕਾਹਨੇਕੇ ਨੇ ਕਿਹਾ ਕਿ ਨਵਾਬ ਸ਼ੇਰ ਮੁਹੰਮਦ ਖਾਨ ਸਿੱਖ ਸੰਗਤਾਂ ਲਈ ਬੇਹੱਦ ਸਤਿਕਾਰ ਦੇ ਪਾਤਰ ਹਨ, ਜਿਨਾਂ ਵੱਲੋਂ ਸੱਚ ਤੇ ਹੱਕ ਲਈ ਬੁਲੰਦ ਕੀਤੀ ਗਈ ਆਵਾਜ਼ ਨੂੰ ਰਹਿੰਦੀ ਦੁਨੀਆ ਤੱਕ ਯਾਦ ਰੱਖਿਆ ਜਾਵੇਗਾ। ਇਸ ਮੌਕੇ ਬੇਗਮ ਕੋਲ ਮਹਿਫੂਜ਼ ਨਵਾਬ ਸ਼ੇਰ ਮੁਹੰਮਦ ਖਾਨ ਨੂੰ ਗੁਰੂ ਸਾਹਿਬ ਵੱਲੋਂ ਭੇਟ ਕੀਤੀ ਗਈ ਸ੍ਰੀ ਸਾਹਿਬ ਦੇ ਦਰਸ਼ਨ ਵੀ ਸੰਗਤਾਂ ਨੂੰ ਕਰਵਾਏ ਗਏ। ਸਿੱਖ-ਮੁਸਲਮ ਸਾਂਝ ਨੂੰ ਹੋਰ ਮਜ਼ਬੂਤ ਕਰਨ ਲਈ ਲੰਮੇ ਸਮੇਂ ਤੋਂ ਯਤਨਸ਼ੀਲ ਡਾ. ਨਸੀਰ ਅਖਤਰ ਸਮੇਤ ਮਲੇਰਕੋਟਲਾ ਨਾਲ ਸਬੰਧਤ ਵੱਡੀ ਗਿਣਤੀ 'ਚ ਮੁਸਲਮ ਭਾਈਚਾਰੇ ਦੇ ਲੋਕਾਂ ਵੱਲੋਂ ਵੀ ਇਸ ਸਨਮਾਨ ਸਮਾਗਮ 'ਚ ਸ਼ਿਰਕਤ ਕੀਤੀ ਗਈ।

# ਸਕੂਲਾਂ 'ਚ ਆਰਗੈਨਿਕ ਬਗੀਚਿਆਂ ਤੇ ਫੁਲਵਾੜੀ ਨੂੰ ਕੀਤਾ ਜਾ ਰਿਹੈ ਉਤਸ਼ਾਹਤ : ਵਿਪੇਸ਼ ਗਰਗ



**ਮਾਨਸਾ (ਮੁਨੀਸ਼ ਕੁਮਾਰ)**

ਬਾਗਬਾਨੀ ਵਿਭਾਗ ਪੰਜਾਬ ਜੋ ਕਿ ਸਕੂਲਾਂ, ਪੰਚਾਇਤਾਂ, ਯੂਥ ਕਲੱਬਾਂ ਤੇ ਸਰਕਾਰੀ ਦਫਤਰਾਂ ਨਾਲ ਮਿਲ ਕੇ ਬਾਗਬਾਨੀ ਨੂੰ ਪ੍ਰਫੁਲਤ ਕਰਨ ਲਈ ਸਮੇਂ ਸਮੇਂ 'ਤੇ ਵੱਖ ਵੱਖ ਪ੍ਰੋਜੈਕਟ ਉਲੀਕ ਰਿਹਾ ਹੈ। ਬਾਗਬਾਨੀ ਵਿਕਾਸ ਅਫ਼ਸਰ ਵਿਪੇਸ਼ ਗਰ, ਸਟੇਟ ਨੋਡਲ ਅਫ਼ਸਰ ਸਕੂਲ ਬਗੀਚਿਆਂ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਆਰਗੈਨਿਕ ਬਗੀਚਿਆਂ ਤੇ ਫੁੱਲਾਂ ਦੀਆਂ ਫੁਲਵਾੜੀਆਂ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਇੰਗਲੈਂਡ ਤੋਂ ਐਡਵਰਡ ਫੋਰਬਸ ਵਿਸ਼ੇਸ਼ ਤੌਰ 'ਤੇ ਪੰਜਾਬ ਦੀਆਂ ਖੇਤੀ ਸਮੱਸਿਆਵਾਂ ਨੂੰ ਸਮਝਣ ਲਈ ਮਾਨਸਾ ਦਾ ਦੌਰਾ ਕਰ ਰਹੇ ਹਨ। ਉਨ੍ਹਾ ਦੱਸਿਆ ਕਿ ਸ੍ਰੀ ਐਡਵਰਡ ਫੋਰਬਸ ਵੱਲੋਂ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ, ਕਿਸਾਨਾਂ ਦੇ ਖੇਤਾਂ ਤੇ ਸਰਕਾਰੀ ਦਫ਼ਤਰਾਂ ਦਾ ਦੌਰਾ ਕਰਕੇ ਡਿਪਟੀ ਕਮਿਸ਼ਨਰ ਬਲਦੀਪ ਕੌਰ ਨਾਲ ਸੂਬੇ ਅਤੇ ਜ਼ਿਲ੍ਹੇ ਦੇ ਵਿਕਾਸ ਅਤੇ ਖੇਤੀ ਵਿੱਚ ਬਾਗਬਾਨੀ ਨੂੰ ਪ੍ਰਫੁਲਤ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਬਾਗਬਾਨੀ ਵਿਕਾਸ ਅਫ਼ਸਰ ਨੇ ਦੱਸਿਆ ਕਿ ਸ੍ਰੀ ਐਡਵਰਡ ਫੋਰਬਸ ਪਿਛਲੇ 4 ਦਿਨਾਂ ਤੋਂ ਮਾਨਸਾ ਦਾ ਦੌਰਾ ਕਰ ਰਿਹਾ ਹੈ, ਜਿਸ ਦੌਰਾਨ ਉਨ੍ਹਾਂ ਸਰਕਾਰੀ ਸਕੂਲ ਦੋਦੜਾ, ਚੱਕ ਭਾਈ ਕੇ, ਮਲ ਸਿੰਘ ਵਾਲਾ, ਰਿਓਂਦ ਕਲਾਂ ਬਲਾਕ ਬੁਢਲਾਡਾ ਦੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨਾਲ ਮਿਲ ਕੇ ਉਨ੍ਹਾਂ ਨੂੰ ਬਾਗ਼ਬਾਨੀ ਨੂੰ ਆਪਣਾ ਕੇ ਪੰਜਾਬ ਦੀ ਖੇਤੀ, ਜ਼ਮੀਨ, ਪੌਣ ਪਾਣੀ ਨੂੰ ਸੋਧਣ ਲਈ ਉਤਸ਼ਾਹਤ ਕੀਤਾ। ਐਡਵਰਡ ਫੋਰਬਸ ਨੇ ਸਰਕਾਰੀ ਗਊਸ਼ਾਲਾ ਖੋਖਰ ਕਲਾਂ ਪਹੁੰਚ ਕੇ ਖੇਤੀ ਵਿੱਚ ਕੁਦਰਤੀ ਸੋਮਿਆਂ ਨੂੰ ਬਚਾ ਕੇ ਵਾਤਾਵਰਨ ਨੂੰ ਸਾਫ ਸੁਥਰਾ ਬਣਾਉਣ ਲਈ ਗੱਲਬਾਤ ਕੀਤੀ।

# ਕਿਸਾਨ-ਮਜ਼ਦੂਰ ਜਥੇਬੰਦੀ ਵੱਲੋਂ ਬਟਾਲਾ ਰੇਲ ਰੋਕੋ ਮੋਰਚਾ ਮੁਲਤਵੀ

## ਮੰਗਾਂ ਮੰਨੇ ਜਾਣ ਦਾ ਡੀ ਸੀ ਅਗਰਵਾਲ ਨੇ ਦਿੱਤਾ ਭਰੋਸਾ

**ਤਰਸਿੱਕਾ/ਗੁਰਦਾਸਪੁਰ (ਤਰਸੇਮ ਸਿੰਘ ਸਾਧਪੁਰ/ਜਨਕ ਮਹਾਜਨ)**—ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ 2 ਮਾਰਚ ਤੋਂ ਭਾਰਤ ਮਾਲਾ ਪ੍ਰੋਜੈਕਟ ਲਈ ਐਕੁਆਇਰ ਕੀਤੀਆਂ ਜ਼ਮੀਨਾਂ ਦੇ ਰੇਟਾਂ ਅਤੇ ਬੇਮੌਸਮੀ ਬਰਸਾਤ ਕਾਰਨ ਖਰਾਬ ਹੋਈਆਂ ਫਸਲਾਂ ਦੀਆਂ ਗਿਰਦਾਵਰੀਆ ਅਤੇ ਹੋਰ ਮਸਲਿਆਂ ਨੂੰ ਲੈ ਕੇ ਸ਼ੁਰੂ ਹੋਇਆ ਰੇਲ ਰੋਕੋ ਮੋਰਚਾ ਪ੍ਰਸ਼ਾਸਨ ਦੁਆਰਾ ਚੱਲੀਆਂ ਲੰਬੀਆਂ ਮੀਟਿੰਗਾਂ ਦੇ ਦੌਰਾਂ ਤੋਂ ਬਾਅਦ ਮੋਰਚੇ ਦੀ ਸਟੇਜ ਤੋਂ ਡੀਸੀ ਹਿਮਾਂਸ਼ੂ ਅਗਰਵਾਲ ਵੱਲੋਂ ਭਰੋਸਾ ਦਿੱਤੇ ਜਾਣ ਮਗਰੋਂ ਮੁਲਤਵੀ ਕਰ ਦਿਤਾ ਗਿਆ। ਇਹ ਜਾਣਕਰੀ ਜਥੇਬੰਦੀ ਦੇ ਸੂਬਾ ਆਗੂ ਸਵਿੰਦਰ ਸਿੰਘ ਚੁਤਾਲਾ, ਸੀਨੀਅਰ ਆਗੂ ਸਰਵਣ ਸਿੰਘ ਪੰਧੇਰ ਅਤੇ ਲਖਵਿੰਦਰ ਸਿੰਘ ਵਰਿਆਮ ਨੰਗਲ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਡੀਸੀ ਗੁਰਦਾਸਪੁਰ ਵੱਲੋਂ ਭਾਰਤ ਮਾਲਾ ਤਹਿਤ ਨਿਕਲਣ ਵਾਲੀਆਂ ਸੜਕਾਂ ਲਈ ਐਕੁਆਇਰ ਕੀਤੀਆਂ ਜਾਣ ਵਾਲੀਆਂ ਜ਼ਮੀਨਾਂ ਦੇ ਐਵਾਰਡ ਜੁਲਾਈ ਮਹੀਨੇ ਤੱਕ, ਇੱਕਸਾਰ ਰੇਟ ਅਤੇ ਪਹਿਲਾਂ ਡਿਕਲੇਰ ਕੀਤੇ ਗਏ ਐਵਾਰਡ ਦੇ ਮੁਤਾਬਿਕ, ਕਲੀਅਰ ਕਰਨ ਦਾ ਭਰੋਸਾ ਦੁਆਇਆ ਗਿਆ ਹੈ ਅਤੇ ਓਨੀ ਦੇਰ ਜ਼ਮੀਨਾਂ ਦੇ ਕਬਜ਼ੇ ਨਹੀਂ ਲਏ ਜਾਣਗੇ।



ਉਨ੍ਹਾਂ ਕਿਹਾ ਕਿ ਬੇਮੌਸਮੀ ਬਰਸਾਤ ਕਾਰਨ ਖਰਾਬ ਹੋਈਆਂ ਫਸਲਾਂ ਦੀ ਗਿਰਦਾਵਰੀ 10 ਮਾਰਚ ਤੱਕ ਪੂਰੀ ਕਰਕੇ 15 ਮਾਰਚ ਤੱਕ ਪੈਸੇ ਪਾ ਦਿੱਤੇ ਜਾਣਗੇ, ਚਾਲੂ ਸੀਜ਼ਨ ਵਿਚ ਗੰਨੇ ਦੀ ਫਸਲ ਦੇ ਪੈਸੇ ਮਈ ਮਹੀਨੇ ਦੇ ਅੰਦਰ ਅੰਦਰ ਪਾ ਦਿੱਤੇ ਜਾਣਗੇ, ਜਥੇਬੰਦੀ ਦੀ ਮੰਗ ਤੇ ਉਨ੍ਹਾਂ ਭਰੋਸਾ ਦੁਆਇਆ ਕਿ ਬਰਸਾਤ ਦੀ ਮਾਰ ਕਾਰਨ ਬਦਰੰਗੇ ਅਤੇ ਘਟ ਵਿਕਸਤ ਹੋਏ ਦਾਣੇ ਦੀਆਂ ਸ਼ਰਤਾਂ, ਦਾਣੇ ਮੰਡੀ ਵਿਚ ਆਉਣ ਤੋਂ ਬਾਅਦ ਮੁਆਇਨਾ ਕਰਕ ਨਰਮ ਕੀਤੀਆਂ ਜਾਣਗੀਆਂ। ਪੰਜਗਰਾਈਆਂ ਪੋਲਟਰੀ ਫਾਰਮ ਪ੍ਰਦੂਸ਼ਣ ਦੇ ਮਾਮਲੇ ਵਿਚ ਕਾਰਵਾਈ ਹੋਵੇਗੀ। ਉਨ੍ਹਾਂ ਦੱਸਿਆ ਕਿ ਸ਼ਹੀਦ ਪਰਿਵਾਰਾਂ ਨੂੰ ਨੌਕਰੀ ਦੇਣ ਦਾ ਮਸਲਾ ਪ੍ਰੋਸੈਸ ਅਧੀਨ ਹੈ ਅਤੇ ਜਲਦ ਸਿਰੇ ਲਗਾ ਦਿੱਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਅਗਰ ਪ੍ਰਸ਼ਾਸਨ ਵੱਲੋਂ ਮੰਨੀਆਂ ਮੰਗਾਂ 'ਤੇ ਤਸੱਲੀਯੋਗ ਕੰਮ ਨਹੀਂ ਕੀਤਾ ਜਾਂਦਾ ਤਾਂ ਜਥੇਬੰਦੀ 1 ਸਤੰਬਰ ਤੋਂ ਇੱਕ ਵਾਰ ਫਿਰ ਤੋਂ ਰੇਲ ਚੱਕਾ ਜਾਮ ਕਰਨ ਲਈ ਮਜਬੂਰ ਹੋਵੇਗੀ। ਉਨ੍ਹਾਂ ਸਰਕਾਰ ਨੂੰ ਕਣਕ ਦੀ ਫਸਲ ਦੀ ਮੰਡੀਆਂ ਵਿੱਚੋਂ ਚੁਕਾਈ ਨੂੰ ਲੈ ਕੇ ਚਿਤਾਵਨੀ ਦਿੰਦੇ ਕਿਹਾ ਕਿ ਅਗਰ ਕਿਸਾਨਾਂ ਦੀ ਫਸਲ ਮੰਡੀਆਂ ਵਿਚ ਰੁਲਦੀ ਹੈ ਤਾਂ ਤਿੱਖੇ ਸੰਘਰਸ਼ ਕੀਤੇ ਜਾਣਗੇ। ਇਸ ਮੌਕੇ ਸੂਬਾਈ ਆਗੂ ਰਣਜੀਤ ਸਿੰਘ ਕਲੇਰ ਬਾਲਾ, ਕੰਵਰਦਲੀਪ ਸੈਦੋਲੇਹਲ, ਬਲਦੇਵ ਸਿੰਘ ਬੱਗਾ, ਕੰਧਾਰ ਸਿੰਘ ਭੋਏਵਾਲ, ਸਵਿੰਦਰ ਸਿੰਘ ਰੂਪੋਵਾਲੀ, ਹਰਵਿੰਦਰ ਸਿੰਘ ਮਸਾਣੀਆਂ, ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਫੌਜੀ, ਸੁਖਜਿੰਦਰ ਸਿੰਘ, ਗੁਰਮੁਖ ਸਿੰਘ, ਰਸ਼ਪਾਲ ਸਿੰਘ, ਜਸਬੀਰ ਸਿੰਘ, ਹਰਜੀਤ ਸਿੰਘ, ਹਰਭਜਨ ਸਿੰਘ, ਮਾਸਟਰ ਗੁਰਜੀਤ ਸਿੰਘ, ਸੁਖਵਿੰਦਰ ਸਿੰਘ, ਸਤਨਾਮ ਸਿੰਘ, ਗੁਰਪ੍ਰੀਤ ਨਾਨੋਵਾਲ, ਰਾਜਿੰਦਰ ਸਿੰਘ, ਗੁਰਪ੍ਰੀਤ ਖਾਨਪੁਰ, ਪਰਮਿੰਦਰ ਸਿੰਘ ਚੀਮਾ ਸਮੇਤ ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨ, ਮਜ਼ਦੂਰ ਅਤੇ ਬੀਬੀਆਂ ਹਾਜ਼ਰ ਹੋਏ।

# ਗੋਹਤ ਪੋਖਰ 'ਚ ਬਾਰਸ਼ ਨਾਲ ਨੁਕਸਾਨੀ ਕਣਕ ਦੀ ਫਸਲ ਦਾ ਚੇਅਰਮੈਨ ਬਹਿਲ ਨੇ ਲਿਆ ਜਾਇਜ਼ਾ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਪਿੰਡ ਗੋਹਤ ਪੋਖਰ ਵਿਖੇ ਬੇਮੌਸਮੀ ਬਾਰਸ਼ ਕਾਰਨ ਨੁਕਸਾਨੀ ਗਈ ਕਣਕ ਦੀ ਫਸਲ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਐਸ. ਡੀ. ਐਮ. ਗੁਰਦਾਸਪੁਰ ਅਮਨਦੀਪ ਕੌਰ ਘੁੰਮਣ, ਤਹਿਸੀਲਦਾਰ ਗੁਰਦਾਸਪੁਰ ਜਗਤਾਰ ਸਿੰਘ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਵੀ ਨਾਲ ਮੌਜੂਦ ਸਨ। ਕਣਕ ਦੀ ਫਸਲ ਦਾ ਜਾਇਜ਼ਾ ਲੈਣ ਤੋਂ ਬਾਅਦ ਚੇਅਰਮੈਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਵਿਸ਼ੇਸ਼ ਗਿਰਦਾਰੀ ਕਰਵਾਉਣ ਦੇ ਹੁਕਮ ਜਾਰੀ ਕਰ ਦਿੱਤੇ ਹਨ ਅਤੇ ਵਿਸਾਖੀ ਤੋਂ ਪਹਿਲਾਂ ਮੁਆਵਜ਼ਾ ਦੇਣ ਦੇ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਬੇਮੌਸਮੀ ਬਾਰਸ਼ ਅਤੇ ਗੜੇਮਾਰੀ ਕਾਰਨ ਫ਼ਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੋ ਕਿ ਖੁਦ ਇੱਕ ਕਿਸਾਨ ਹਨ ਅਤੇ ਫਸਲਾਂ ਦੇ ਹੋਏ ਨੁਕਸਾਨ ਕਾਰਨ ਕਿਸਾਨਾਂ ਦੀ ਮਨੋਦਸ਼ਾ ਨੂੰ ਚੰਗੀ ਤਰਾਂ ਸਮਝਦੇ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਮਾਲ ਵਿਭਾਗ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਤੁਰੰਤ ਗਿਰਦਾਵਰੀ ਕਰਨ ਦੇ ਹੁਕਮ ਦੇ ਦਿੱਤੇ ਹਨ। ਉਨ੍ਹਾਂ ਕਿਹਾ ਕਿ ਕਣਕ ਤੋਂ ਇਲਾਵਾ ਹੋਰ ਵੀ ਜਿਹੜੀਆਂ ਫਸਲਾਂ ਦਾ ਬਾਰਸ਼ ਕਾਰਨ ਨੁਕਸਾਨ ਹੋਇਆ ਹੈ ਉਨ੍ਹਾਂ ਦਾ ਮੁਆਵਜ਼ਾ ਵੀ ਸਰਕਾਰ ਵੱਲੋਂ ਦਿੱਤਾ ਜਾਵੇਗਾ। ਚੇਅਰਮੈਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਡੂੰਘੇ ਸੰਕਟ ਦੀ ਇਸ ਘੜੀ ਵਿੱਚ ਪੂਰੀ ਤਰਾਂ ਪੀੜਤ ਕਿਸਾਨੀ ਦੇ ਨਾਲ ਹੈ। ਉਨ੍ਹਾਂ ਕਿਹਾ ਕਿ ਗਿਰਦਾਵਰੀ ਤੋਂ ਪਹਿਲਾਂ ਸਾਰੀ ਪ੍ਰਕਿਰਿਆ ਬਾਰੇ ਜਨਤਕ ਮੁਨਾਦੀ ਕੀਤੀ ਜਾ ਰਹੀ ਹੈ ਤਾਂ ਜੋ ਸਾਰੇ ਲੋਕਾਂ ਨੂੰ ਇਸ ਬਾਰੇ ਜਾਗਰੂਕ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਮੁਸ਼ਕਲ ਦੀ ਇਸ ਘੜੀ ਵਿੱਚ ਕਿਸਾਨਾਂ ਦਾ ਸਾਥ ਦੇਣ ਲਈ ਰਾਜ ਸਰਕਾਰ ਪ੍ਰਤੀ ਏਕੜ ਮੁਆਵਜ਼ੇ ਵਿੱਚ 25 ਫੀਸਦੀ ਵਾਧਾ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਇਕ ਵੱਡੀ ਕਿਸਾਨ ਪੱਖੀ ਪਹਿਲਕਦਮੀ ਵਿੱਚ ਸੂਬਾ ਸਰਕਾਰ ਨੇ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਤੋਂ ਕਿਸਾਨਾਂ ਵੱਲੋਂ ਲਏ ਕਰਜ਼ਿਆਂ ਦੀ ਮੁੜ ਅਦਾਇਗੀ ਰੋਕਣ ਦਾ ਫੈਸਲਾ ਕੀਤਾ ਹੈ।



ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਇਸ ਨਾਲ ਕਿਸਾਨਾਂ ਨੂੰ ਇਸ ਸੰਕਟ ਦੀ ਘੜੀ ਵਿੱਚ ਲੋੜੀਂਦੀ ਰਾਹਤ ਮਿਲੇਗੀ ਅਤੇ ਕਿਸਾਨ ਨੁਕਸਾਨ ਤੋਂ ਬਾਅਦ ਇਹ ਰਕਮ ਵਾਪਸ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਸੂਬੇ ਦੇ ਕਿਸਾਨਾਂ ਨੂੰ ਹੋਏ ਨੁਕਸਾਨ ਦਾ ਪੂਰਾ ਮੁਆਵਜ਼ਾ ਦੇਵੇਗੀ।

ਇਸੇ ਦੌਰਾਨ ਐੱਸਡੀਐੱਮ ਗੁਰਦਾਸਪੁਰ ਅਮਨਦੀਪ ਕੌਰ ਨੇ ਕਿਹਾ ਕਿ ਰਾਜ ਸਰਕਾਰ ਦੀਆਂ ਹਦਾਇਤਾਂ ਤਹਿਤ ਵਿਸ਼ੇਸ਼ ਗਿਰਦਾਵਰੀ ਚੱਲ ਰਹੀ ਹੈ ਅਤੇ ਬਹੁਤ ਜਲਦ ਇਸਦੀ ਰਿਪੋਰਟ ਸਰਕਾਰ ਨੂੰ ਭੇਜ ਦਿੱਤੀ ਜਾਵੇਗੀ।

# ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ 'ਚ 357 ਵਿਦਿਆਰਥੀਆਂ ਨੂੰ ਡਿਗਰੀਆਂ ਵੰਡੀਆਂ

ਸਰਹਾਲੀ ਕਲਾਂ 3 ਅਪ੍ਰੈਲ (ਹਰਪ੍ਰੀਤ ਸਿੰਘ ਚੰਬਾ)-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਵਿੱਚ ਸਲਾਨਾ ਡਿਗਰੀ ਵੰਡ ਸਮਾਰੋਹ 'ਤੇ ਡਾ. ਗੁਰਦੀਪ ਸਿੰਘ ਹੁਰਾ, ਪ੍ਰੋਫੈਸਰ ਕੰਪਿਊਟਰ ਸਾਇੰਸ ਅਤੇ ਗਣਿਤ ਵਿਭਾਗ, ਮੈਰੀਲੈਂਡ ਯੂਨੀਵਰਸਿਟੀ, ਅਮਰੀਕਾ ਅਤੇ ਕਾਲਜ ਪ੍ਰਬੰਧਕੀ ਕਮੇਟੀ ਦੇ ਆਨਰੇਰੀ ਸਕੱਤਰ ਹਰਜਿੰਦਰ ਸਿੰਘ ਅਤੇ ਪ੍ਰਿੰ. ਡਾ ਜਸਬੀਰ ਸਿੰਘ ਗਿੱਲ ਵੱਲੋਂ 357 ਵਿਦਿਆਰਥੀਆ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਸਮਾਰੋਹ ਦੀ ਸ਼ੁਰੂਆਤ ਸ਼ਬਦ ਨਾਲ ਕੀਤੀ ਗਈ। ਉਪਰੰਤ ਪ੍ਰਿੰ. ਡਾ. ਜਸਬੀਰ ਸਿੰਘ ਗਿੱਲ ਵੱਲੋਂ ਆਪਣੇ ਭਾਸ਼ਣ ਵਿੱਚ ਮੁੱਖ ਮਹਿਮਾਨ ਡਾ. ਗੁਰਦੀਪ ਸਿੰਘ , ਵਿਸ਼ੇਸ਼ ਮਹਿਮਾਨ ਡਾ. ਬਲਜੀਤ ਸਿੰਘ, ਡਾਇਰੈਕਟਰ (ਐੱਲਐੱਸਸੀ), ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਡਾ. ਵਿਜੇਬੰਗਾ, ਪ੍ਰਿੰਸੀਪਲ, ਅੰਮ੍ਰਿਤਸਰ ਗਰੁੱਪ ਆਫ਼ ਕਾਲਜਿਜ਼, ਅੰਮ੍ਰਿਤਸਰ, ਡਾ. ਅਰਜਿੰਦਰ ਸਿੰਘ, ਕਾਲਜ ਪ੍ਰਬੰਧਕੀ ਕਮੇਟੀ ਦੇ ਸੀਨੀਅਰ ਮੈਂਬਰ ਜਸਵਿੰਦਰ ਸਿੰਘ, ਕਮੇਟੀ ਮੈਂਬਰ ਸਾਹਿਬਾਨ ਅਤੇ ਇਲਾਕੇ ਦੇ ਪਤਵੰਤੇ ਸੱਜਣਾਂ ਦਾ ਹਾਰਦਿਕ ਸਵਾਗਤ ਕਰਦਿਆਂ ਉਨ੍ਹਾਂ ਨੂੰ ਜੀ ਆਇਆਂ ਆਖਿਆ। ਉਨ੍ਹਾਂ ਦੱਸਿਆ ਕਿ ਵਿਦਿਆਰਥੀ ਖ਼ੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਇਕ ਸਿਰਕੱਢ ਅਕੈਡਮਿਸ਼ਨ ਡਾ: ਗੁਰਦੀਪ ਸਿੰਘ ਤੋਂ ਡਿਗਰੀਆਂ ਮਿਲੀਆਂ ਹਨ। ਉਹ ਭਾਰਤ ਸਮੇਤ ਦੁਨੀਆ ਦੇ ਕਈ ਮੁਲਕਾਂ ਦੀਆਂ ਯੂਨਿਵਰਸਿਟੀਆਂ ਜਿਵੇਂ ਸਿੰਗਾਪੁਰ, ਕੈਨੇਡਾ, ਅਮਰੀਕਾ ਆਦਿ ਵਿੱਚ ਅਧਿਆਪਨ ਦੀਆਂ ਸੇਵਾਵਾਂ ਨਿਭਾ ਚੁੱਕੇ ਹਨ।

ਡਾ. ਗੁਰਦੀਪ ਸਿੰਘ ਨੇ ਇਸ ਮੌਕੇ ਸੰਬੋਧਨ ਕਰਦਿਆਂ ਡਿਗਰੀ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਤੇ ਕਿਹਾ ਕਿ ਡਿਗਰੀ ਹਾਸਲ ਕਰ ਲੈਣ ਤੋਂ ਬਾਅਦ ਸਿੱਖਣ ਦੀ ਭਾਵਨਾ ਖ਼ਤਮ ਨਹੀਂ ਹੋਣੀ ਚਾਹੀਦੀ ਸਗੋਂ ਸਿੱਖਣ ਦੀ ਸਪਿਰਟ ਉਮਰ ਭਰ ਰਹਿਣੀ ਚਾਹੀਦੀ ਹੈ। ਵਿਦਿਆਰਥੀਆ ਦੇਸ਼ ਦਾ ਅਸਲ ਸਰਮਾਇਆ ਹਨ, ਉਹ ਪਰਿਵਾਰ, ਸਮਾਜ ਅਤੇ ਦੇਸ਼ ਦੀ ਆਸ ਹਨ। ਉਨ੍ਹਾਂ ਦੱਸਿਆ ਕਿ ਵਿੱਦਿਆ ਦੇ ਖੇਤਰ ਵਿੱਚ ਮੱਲਾਂ ਮਾਰ ਰਹੇ ਇਸ ਕਾਲਜ ਵਿੱਚ ਉੱਚ ਯੋਗਤਾ ਪ੍ਰਾਪਤ, ਤਜਰਬੇਕਾਰ ਅਤੇ ਮਿਹਨਤੀ ਸਟਾਫ਼ ਵਲੋਂ ਵਿਦਿਆਰਥੀਆ ਦੀ ਸਮੁੱਚੀ ਸ਼ਖ਼ਸੀਅਤ-ਉਸਾਰੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਸਟੇਜ ਸੰਚਾਲਨ ਦੀ ਜ਼ਿਮੇਵਾਰੀ ਪ੍ਰੋ. ਪਰਮਵੀਰ ਸਿੰਘ ਵੱਲੋਂ ਬਾਖ਼ੂਬੀ ਨਿਭਾਈ ਗਈ।



# ਪੰਜਾਬ ਦੇ ਲੋਕ ਅੱਜ ਵੀ ਸਿਆਸੀ ਤਬਦੀਲੀ ਦੇ ਰੌਅ 'ਚ : ਜਸਮਿੱਤਰ ਚੋਗਾਵਾਂ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਪੰਜਾਬ ਦੇ ਲੋਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਭਾਰਤੀ ਜਨਤਾ ਪਾਰਟੀ ਨਾਲ ਜੁੜ ਰਹੇ ਹਨ।



ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੀਨੀਅਰ ਭਾਜਪਾ ਆਗੂ ਜਸਮਿੱਤਰ ਸਿੰਘ ਚੁਗਾਵਾਂ ਨੇ ਹਲਕਾ ਜੰਡਿਆਲਾ ਗੁਰੂ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਜਸਮਿੱਤਰ ਸਿੰਘ ਨੇ ਕਿਹਾ ਕਿ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦੀਆਂ ਬਦਲ ਬਦਲ ਕੇ ਆਈਆਂ ਸਰਕਾਰਾਂ ਤੋਂ ਦੁਖੀ ਪੰਜਾਬ ਵਾਸੀਆਂ ਨੇ ਬਦਲਾਅ ਦੀ ਆਸ ਨਾਲ ਪੰਜਾਬ ਅੰਦਰ ਆਮ ਆਦਮੀ ਪਾਰਟੀ ਨੂੰ ਮੌਕਾ ਦਿੱਤਾ ਸੀ ਪਰ ਪੰਜਾਬ ਦੇ ਮੌਜੂਦਾ ਹਾਲਾਤ ਨੂੰ ਦੇਖੀਏ ਤਾਂ ਪੰਜਾਬ ਅੰਦਰ ਜਿਥੇ ਨਸ਼ਿਆਂ ਦਾ ਹੜ੍ਹ ਵਗ ਰਿਹਾ ਹੈ ਉੱਥੇ ਹਰ ਪਾਸੇ ਲੁੱਟਾਂ-ਖੋਹਾਂ, ਚੋਰੀਆਂ ਤੇ ਡਕੈਤੀਆਂ ਦਾ ਬੋਲਬਾਲਾ ਹੈ ਜਿਸ ਤੋਂ ਪੰਜਾਬ ਦੇ ਲੋਕ ਬਹੁਤ ਦੁਖੀ ਹਨ ਅਤੇ ਹੁਣ ਬਦਲਾਅ ਲਿਆਉਣ ਲਈ ਹੀ ਪੰਜਾਬ ਦੇ ਲੋਕ ਬਾਕੀ ਪਾਰਟੀਆਂ ਨੂੰ ਤਿਆਗਦੇ ਹੋਏ ਭਾਰਤੀ ਜਨਤਾ ਪਾਰਟੀ ਦੇ ਨਾਲ ਜੁੜ ਰਹੇ ਹਨ।

ਸ. ਚੁਗਾਵਾਂ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਦੇ ਸੁਨਹਿਰੇ ਭਵਿਖ ਵਾਸਤੇ ਬਾਕੀ ਪਾਰਟੀ ਨੂੰ ਤਿਆਗਦੇ ਹੋਏ ਭਾਰਤੀ ਜਨਤਾ ਪਾਰਟੀ ਦੇ ਨਾਲ ਜੁੜਿਆ ਜਾਵੇ ਅਤੇ ਅਤੇ ਭਾਰਤੀ ਜਨਤਾ ਪਾਰਟੀ ਨੂੰ ਪਿੰਡ ਪੱਧਰ 'ਤੇ ਮਜ਼ਬੂਤ ਕਰਨ ਦੇ ਮੰਤਵ ਨਾਲ ਪਿੰਡਾਂ ਦੇ ਵਿੱਚ ਵੱਧ ਤੋਂ ਵੱਧ ਭਾਜਪਾ ਨਾਲ ਜੁੜਿਆ ਜਾਵੇ ਤਾਂ ਜੋ ਪੰਜਾਬ ਵਿੱਚੋਂ ਸਾਰੀਆਂ ਹੀ ਸੀਟਾਂ 'ਤੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਪੰਜਾਬ ਦਾ ਨਾਮ ਉੱਚਾ ਕਰ ਸਕਣ ਅਤੇ ਪੰਜਾਬ ਦੇ ਮੁੱਦਿਆਂ ਨੂੰ ਸਾਡੇ ਬਣੇ ਹੋਏ ਐੱਮਪੀ ਲੋਕ ਸਭਾ ਵਿਚ ਉਠਾ ਸਕਣ।

ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਹਲਕਾ ਜੰਡਿਆਲਾ ਦੇ ਪਿੰਡਾਂ ਵਿੱਚ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰਨਗੇ ਤਾਂ ਜੋ ਹਰ ਪਿੰਡ ਦੇ ਵਾਸੀ ਨੂੰ ਭਾਜਪਾ ਦੇ ਨਾਲ ਜੋੜਿਆ ਜਾ ਸਕੇ।

# ਸੇਂਟ ਕਬੀਰ ਸਕੂਲ ਵੱਲੋਂ ਨਵੇਂ ਵਿੱਦਿਅਕ ਸੈਸ਼ਨ ਦਾ ਆਗਾਜ਼

## ਚੇਅਰਮੈਨ ਹਰਪਾਲ ਸਿੰਘ ਦੀ ਯਾਦ 'ਚ ਕਰਵਾਇਆ ਸਮਾਗਮ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਵਿੱਚ ਨਵੇਂ ਸੈਸ਼ਨ ਦੀ ਸ਼ੁਰੂਆਤ ਚੇਅਰਮੈਨ ਸਰਦਾਰ ਹਰਪਾਲ ਸਿੰਘ ਦੇ ਜਨਮ ਦਿਨ ਦੇ ਸ਼ੁੱਭ ਅਵਸਰ ਤੇ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਸੰਸਥਾਪਕ ਦਿਵਸ ਮਨਾਉਂਦਿਆਂ ਕੀਤੀ ਗਈ। ਨਵੇਂ ਅਕਾਦਮਿਕ ਸਾਲ ਦੀ ਸ਼ੁਰੂਆਤ ਕਰਨ ਮੌਕੇ ਸਕੂਲ ਦੇ ਬਲਾਕ ਡੀ ਵਿੱਚ ਸਕੂਲ ਪ੍ਰਬੰਧਕਾਂ ਵਲੋਂ ਪ੍ਰਿੰਸੀਪਲ ਐੱਸ. ਬੀ. ਨਾਯਰ ਅਤੇ ਪ੍ਰਬੰਧਕ ਮੈਂਬਰਾਂ ਨਵਦੀਪ ਕੌਰ ਤੇ ਕੁਲਦੀਪ ਕੌਰ ਦੀ ਰੇਖ ਦੇਖ ਵਿੱਚ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਸਬੰਧ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਸਕੂਲੀ ਵਿਦਿਆਰਥੀਆਂ ਚਾਹਤ ਬੀਰ ਸਿੰਘ, ਜਸਨਪ੍ਰੀਤ ਕੌਰ ਅਤੇ ਅਰਸ਼ਦੀਪ ਸਿੰਘ ਵਲੋਂ ਮਧੁਰ ਸ਼ਬਦ ਦਾ ਗਾਇਨ ਕਰਕੇ ਸੰਗਤ ਰੂਪ ਵਿੱਚ ਬੈਠੇ ਸਕੂਲ ਦੇ ਬੱਚਿਆਂ ਤੇ ਸਟਾਫ ਨੂੰ ਗੁਰੂ ਦੇ ਚਰਨਾਂ ਨਾਲ ਜੋੜਿਆ। ਇਸ ਉਪਰੰਤ ਮੈਡਮ ਨਿਸ਼ਾ ਸੱਘੜ ਵਲੋਂ ਸਰਦਾਰ ਹਰਪਾਲ ਸਿੰਘ ਦੇ ਜ਼ਿੰਦਗੀ ਦੇ ਸੁਨਹਿਰੀ ਪਲਾਂ ਦੀਆਂ ਝਲਕੀਆਂ ਸਾਰਿਆਂ ਦੇ ਰੂਬਰੂ ਕੀਤੀਆਂ। ਸਕੂਲ ਪ੍ਰਿੰਸੀਪਲ ਐੱਸ. ਬੀ. ਨਾਯਰ ਵੱਲੋਂ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਸਰਦਾਰ ਹਰਪਾਲ ਸਿੰਘ ਦੀਆਂ ਬੱਚਿਆਂ ਅਤੇ ਇਲਾਕੇ ਪ੍ਰਤੀ ਖਾਹਿਸ਼ਾਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਸਕੂਲ ਦੀ ਚੜ੍ਹਦੀ ਲਈ ਅਰਦਾਸ ਕੀਤੀ ਗਈ। ਇਸ ਦੌਰਾਨ ਪ੍ਰਿੰਸੀਪਲ ਐੱਸ. ਬੀ. ਨਾਯਰ ਅਤੇ ਪ੍ਰਬੰਧਕ ਮੈਂਬਰਾਂ ਨਵਦੀਪ ਕੌਰ ਤੇ ਕੁਲਦੀਪ ਕੌਰ ਨੇ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਕੜਾਹ ਪ੍ਰਸ਼ਾਦ ਵਰਤਾਉਣ ਦੇ ਬਾਅਦ ਸਕੂਲ ਪ੍ਰਬੰਧਕਾਂ ਵੱਲੋਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਕਾਰਜ ਦੀ ਸੇਵਾ ਸਕੂਲੀ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਬੜੇ ਉਤਸ਼ਾਹ ਨਾਲ ਬਾਖੂਬੀ ਨਿਭਾਈ। ਸਮਾਗਮ ਵਿੱਚ ਸਕੂਲ ਦੇ ਸਮੂਹ ਵਿਦਿਆਰਥੀ ਤੇ ਸਟਾਫ ਮੈਂਬਰ ਹਾਜ਼ਰ ਸਨ।



# ਪਿਸਤੌਲ ਤੇ 4 ਜ਼ਿੰਦਾ ਰੌਂਦ ਸਮੇਤ ਨੌਜਵਾਨ ਕਾਬੂ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਐੱਸਐੱਸਪੀ ਤਰਨਤਾਰਨ ਦੇ ਨਿਰਦੇਸ਼ਾਂ 'ਤੇ ਝਬਾਲ ਪੁਲਸ ਵੱਲੋਂ ਇਕ ਨੌਜਵਾਨ ਨੂੰ 9 ਐੱਮ ਐੱਮ ਦੇ ਪਿਸਤੌਲ ਤੇ 4 ਜ਼ਿੰਦਾ ਰੌਂਦ ਸਮੇਤ ਇਕ ਵਿਅਕਤੀ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਐੱਸਪੀ ਜਸਪਾਲ ਸਿੰਘ ਢਿੱਲੋਂ ਨੇ ਦੱਸਿਆ ਕਿ ਥਾਣਾ ਝਬਾਲ ਦੇ ਐਡੀਸ਼ਨਲ ਥਾਣਾ ਮੁੱਖੀ ਬਲਰਾਜ ਸਿੰਘ ਨੇ ਪੁਲਸ ਪਾਰਟੀ ਸਮੇਤ ਇਕ ਨੌਜਵਾਨ ਜਿਸ ਦੀ ਪਛਾਣ ਗੁਰਨਿਸ਼ਾਨ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਸਰਾਏ ਦੀਵਾਨਾ ਵਜੋਂ ਹੋਈ, ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜ਼ੇ ਵਿਚੋਂ ਇਕ 9 ਐੱਮਐੱਮ ਦਾ ਪਿਸਤੌਲ ਤੇ 4 ਜ਼ਿੰਦਾ ਰੌਂਦ ਬਰਾਮਦ ਹੋਏ ਸਮੇਤ ਕਾਬੂ ਕੀਤਾ, ਜਿਸ ਦੇ ਵਿਰੁੱਧ ਥਾਣਾ ਝਬਾਲ ਵਿਖੇ ਕੇਸ ਦਰਜ ਕਰ ਲਿਆ ਗਿਆ ਹੈ।

# ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਖੇਡਾਂ ਵੱਲ ਪ੍ਰੇਰਿਤ ਕਰਨਾ ਸਮੇਂ ਦੀ ਮੁੱਖ ਲੋੜ: ਮਨਜਿੰਦਰ ਸਿੰਘ ਭੀਰੀ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਬਚਾਉਣ ਵਾਸਤੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਸਾਡਾ ਮੁੱਢਲਾ ਫਰਜ਼ ਬਣਦਾ ਹੈ ਅਤੇ ਸਾਨੂੰ ਸਭ ਨੂੰ ਰਲਮਿਲ ਕੇ ਪਿੰਡਾਂ, ਸ਼ਹਿਰਾਂ, ਕਸਬਿਆਂ ਵਿੱਚ ਸਮੇਂ ਸਮੇਂ ਤੇ ਖੇਡਾਂ ਕਰਵਾਉਣ ਲਈ ਇੱਕ ਦੂਜੇ ਦਾ ਸਹਿਯੋਗ ਕਰਨ ਵਿੱਚ ਅਹਿਮ ਰੋਲ ਅਦਾ ਕਰਨਾ ਚਾਹੀਦਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਮਨਜਿੰਦਰ ਸਿੰਘ ਭੀਰੀ ਉਪ ਪ੍ਰਧਾਨ ਯੂਥ ਅਕਾਲੀ ਦਲ ਪੰਜਾਬ ਨੇ ਅੱਗੇ ਕਿਹਾ ਕਿ ਸਪੋਰਟਸ ਕਲੱਬ ਗਹਿਰੀ ਮੰਡੀ ਵੱਲੋਂ ਛੋਟਾ ਜਿਹਾ ਉਪਰਾਲਾ ਕਰਦਿਆਂ ਹੋਇਆਂ ਬੀਤੇ ਸਮੇਂ ਦੌਰਾਨ ਦੋ ਸਾਲ ਤੋਂ ਦੋ ਟੂਰਨਾਮੈਂਟ ਕਰਵਾਏ ਜਾ ਚੁੱਕੇ ਹਨ।



ਇਸ ਸਾਲ ਤੀਸਰਾ ਦੋ ਦਿਨਾ ਵਾਲੀਬਾਲ ਟੂਰਨਾਮੈਂਟ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਬੈਕ ਸਾਈਡ ਗਰਾਊਂਡ ਵਿੱਚ ਸ਼ਨੀਵਾਰ 8 ਅਪ੍ਰੈਲ ਅਤੇ ਐਤਵਾਰ 9 ਅਪ੍ਰੈਲ ਨੂੰ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਕੁਲ 16 ਟੀਮਾਂ ਭਾਗ ਲੈਣਗੀਆਂ ਅਤੇ ਇਹ ਟੂਰਨਾਮੈਂਟ ਪਿੰਡ ਪੱਧਰ 'ਤੇ ਹੋਵੇਗਾ। ਟੂਰਨਾਮੈਂਟ ਕਮੇਟੀ ਵੱਲੋਂ ਦੋ ਖਿਡਾਰੀ ਬਾਹਰੋਂ ਖਿਡਾਏ ਜਾ ਸਕਦੇ ਹਨ। ਜਿਹੜੀ ਵੀ ਟੀਮ ਟੂਰਨਾਮੈਂਟ ਵਿੱਚ ਹਿੱਸਾ ਲੈਣਾ ਚਾਹੁੰਦੀ ਹੈ ਉਸ ਕੋਲ ਆਪਣੀ ਪੂਰੀ ਕਿੱਟ ਹੋਣੀ ਚਾਹੀਦੀ ਹੈ। ਖੇਡ ਮੌਕੇ ਰੈਫਰੀ ਅਤੇ ਕਮੇਟੀ ਦਾ ਜੋ ਫੈਸਲਾ ਹੋਵੇਗਾ ਉਸ ਨੂੰ ਮੰਨਿਆ ਜਾਵੇਗਾ। ਜੋ ਵੀ ਟੀਮ ਪਹਿਲਾਂ ਐਂਟਰੀ ਕਰੇਗੀ ਉਹ ਹੀ ਟੀਮ ਐਂਟਰ ਮੰਨੀ ਜਾਵੇਗੀ। ਖੇਡਣ ਆਏ ਖਿਡਾਰੀਆਂ ਕੋਲ ਇਕੱਲੇ ਇਕੱਲੇ ਖਿਡਾਰੀ ਕੋਲ ਆਈ ਡੀ ਪਰੂਫ ਹੋਣਾ ਲਾਜ਼ਮੀ ਹੋਵੇਗਾ। ਐਂਟਰੀ ਫੀਸ ਤਿੰਨ ਸੌ ਰੁਪਏ ਲਈ ਜਾਵੇਗੀ। ਟੂਰਨਾਮੈਂਟ ਦੀ ਸ਼ੁਰੂਆਤ 8 ਅਪ੍ਰੈਲ ਨੂੰ ਸਵੇਰੇ 9 ਵਜੇ ਕੀਤੀ ਜਾਵੇਗੀ। ਇਸ ਟੂਰਨਾਮੈਂਟ ਵਿਚ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਵਜੋਂ ਹਲਕਾ ਇੰਚਾਰਜ ਸਤਿੰਦਰਜੀਤ ਸਿੰਘ ਛੱਜਲਵੱਡੀ ਖਿਡਾਰੀਆਂ ਦਾ ਹੌਸਲਾ ਅਫਜ਼ਾਈ ਕਰਨ ਲਈ ਪਹੁੰਚਣਗੇ। ਜੇਤੂ ਟੀਮਾਂ ਵਿਚੋਂ ਜੋ ਪਹਿਲੇ ਸਥਾਨ 'ਤੇ ਟੀਮ ਆਵੇਗੀ ਉਸ ਨੂੰ ਪੰਦਰਾਂ ਹਜ਼ਾਰ ਰੁਪਏ, ਦੂਸਰਾ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ ਗਿਆਰਾਂ ਹਜ਼ਾਰ ਅਤੇ ਤੀਸਰਾ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ ਅੱਠ ਹਜ਼ਾਰ ਇਕ ਸੌ ਰੁਪਏ ਹੌਸਲਾ ਅਫਜ਼ਾਈ ਲਈ ਦਿੱਤੇ ਜਾਣਗੇ ।

ਉਨ੍ਹਾਂ ਨੇ ਇਲਾਕਾ ਨਿਵਾਸੀ ਸੰਗਤਾਂ ਨੂੰ ਅਪੀਲ ਕਰਦਿਆਂ ਹੋਇਆਂ ਕਿਹਾ ਕਿ ਬੱਚਿਆਂ ਨੂੰ ਨਸ਼ੇ ਦੀ ਭੈੜੀ ਅਲਾਮਤ ਤੋਂ ਦੂਰ ਕਰਨ ਲਈ ਖੇਡਾਂ ਵੱਲ ਪ੍ਰੇਰਿਤ ਕਰਨਾ ਸਮੇਂ ਦੀ ਮੁੱਖ ਲੋੜ ਬਣ ਚੁੱਕੀ ਹੈ। ਇਸ ਲਈ ਆਪਣੇ ਬੱਚਿਆਂ ਸਮੇਤ ਇਨ੍ਹਾਂ ਟੂਰਨਾਮੈਂਟਾਂ ਵਿੱਚ ਹਿਸਾ ਲੈਣ ਵਾਲੇ ਬੱਚਿਆਂ ਦੀ ਹੌਸਲਾ ਅਫਜ਼ਾਈ ਲਈ ਵੱਧ-ਚੜ੍ਹ ਕੇ ਇਲਾਕਾ ਨਿਵਾਸੀ ਸੰਗਤਾਂ ਪਹੁੰਚੋ। ਆਈਆਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਅਤੁੱਟ ਲੰਗਰ ਛਕਾਏ ਜਾਣਗੇ।

# ਬੀ ਨੈਚੁਰਲ ਜੂਸ ਐਂਡ ਬੈਵਰੇਜਜ਼ ਵੱਲੋਂ ਆਈ ਪੀ ਐੱਲ ਪੰਜਾਬ ਕਿੰਗਜ਼ ਨਾਲ ਸਾਂਝੇਦਾਰੀ ਦਾ ਐਲਾਨ

ਅੰਮ੍ਰਿਤਸਰ, ਬੀ ਨੈਚੁਰਲ ਜੂਸ ਐਂਡ ਬੇਵਰੇਜਜ, ਆਈਟੀਸੀ ਦੇ ਇੱਕ ਪ੍ਰਸਿੱਧ ਅਤੇ ਵਿਆਪਕ ਤੌਰ 'ਤੇ ਪਸੰਦ ਕੀਤੇ ਜਾਣ ਵਾਲੇ ਬ੍ਰਾਂਡ ਨੇ ਅੱਜ ਆਗਾਮੀ ਆਈਪੀਐੱਲ 2023 ਸੀਜ਼ਨ ਲਈ ਪੰਜਾਬ ਕਿੰਗਜ਼ ਨਾਲ ਆਪਣੀ ਸਾਂਝੇਦਾਰੀ ਦਾ ਐਲਾਨ ਕੀਤਾ ਹੈ। ਆਪਣੀ ਕਿਸਮ ਦੇ ਪਹਿਲੇ ਸਹਿਯੋਗ ਵਿੱਚ ਬੀ ਨੈਚੁਰਲ ਆ ਗਿਆ ਹੈ। ਬੀ ਨੈਚੁਰਲ ਪ੍ਰਸ਼ੰਸਕਾਂ ਨੂੰ ਇਹ ਸਾਂਝਾ ਕਰਨ ਲਈ ਸੱਦਾ ਦਿੰਦਾ ਹੈ ਕਿ ਉਹ #MatchReadyBNaturalDinner ਕਿਵੇਂ ਹਨ ਅਤੇ ਤੁਹਾਡੀ ਮਨਪਸੰਦ ਟੀਮ ਲਈ ਤੁਹਾਡਾ ਸਮਰਥਨ ਦਿਖਾਉਂਦੇ ਹਨ। ਐਸੋਸੀਏਸ਼ਨ 'ਤੇ ਖੁਸ਼ੀ ਜ਼ਾਹਿਰ ਕਰਦੇ ਹੋਏ ਸੰਜੇ ਸਿੰਘਲ ਮੁੱਖ ਸੰਚਾਲਨ ਅਧਿਕਾਰੀ, ਡੇਅਰੀ ਅਤੇ ਬੈਵਰੇਜ, ਫੂਡਜ਼ ਡਵੀਜ਼ਨ ਆਈਟੀਸੀ ਲਿਮਿਟਡ ਨੇ ਕਿਹਾ ਕਿ ਅਸੀਂ ਆਈਪੀਐੱਲ ਦੀਆਂ ਪ੍ਰਮੁੱਖ ਟੀਮਾਂ ਵਿੱਚੋਂ ਇੱਕ ਪੰਜਾਬ ਕਿੰਗਜ਼ ਨਾਲ ਸਾਂਝੇਦਾਰੀ ਕਰਕੇ ਬਹੁਤ ਖੁਸ਼ ਹਾਂ।

ਬੀ ਨੈਚੁਰਲ ਨੇ ਹਮੇਸ਼ਾ ਆਪਣੇ ਖਪਤਕਾਰਾਂ ਨੂੰ ਫਲ ਅਤੇ ਫਾਈਬਰ ਪ੍ਰਦਾਨ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਹੈ ਅਤੇ ਅਸੀਂ ਪੰਜਾਬ ਕਿੰਗਜ਼ ਦੇ ਖਿਡਾਰੀਆਂ ਨੂੰ ਇਹੀ ਚੰਗੀਆਂ ਚੀਜ਼ਾਂ ਪ੍ਰਦਾਨ ਕਰਨ ਅਤੇ ਮੈਚ ਤਿਆਰ ਕਰਨ ਵਿੱਚ ਮਦਦ ਕਰਨ ਵਿੱਚ ਖੁਸ਼ ਹਾਂ।

ਉਸਨੇ ਅੱਗੇ ਕਿਹਾ ਕਿ ਭਾਗਦਾਰੀ ਦੋਵਾਂ ਸੰਸਥਾਵਾਂ ਲਈ ਇੱਕ ਮਹੱਤਵਪੂਰਨ ਪ੍ਰਾਪਤੀ ਨੂੰ ਦਰਸਾਉਂਦੀ ਹੈ ਅਤੇ ਮੈਨੂੰ ਭਰੋਸਾ ਹੈ ਕਿ ਇਹ ਟੀਮ ਅਤੇ ਪ੍ਰਸ਼ੰਸਕਾਂ ਲਈ ਇੱਕ ਰੋਮਾਂਚਕ ਸੀਜ਼ਨ ਹੋਵੇਗਾ। ਭਾਰਤ ਵਿੱਚ ਇੱਕ ਸਰਗਰਮ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਦਾ ਉਸਦਾ ਟੀਚਾ ਇੱਕ ਟੀਮ ਦੇ ਰੂਪ ਵਿੱਚ ਅਸੀਂ ਪ੍ਰਸ਼ੰਸਾ ਅਤੇ ਸਮਰਥਨ ਕਰਦੇ ਹਾਂ। ਜਦੋਂ ਤੁਸੀਂ ਸਮਾਨ ਸੋਚ ਵਾਲੇ ਬ੍ਰਾਂਡਾਂ ਦੇ ਨਾਲ ਇੱਕ ਦ੍ਰਿਸ਼ਟੀਕੋਣ ਦੇ ਨਾਲ ਇਕੱਠੇ ਹੁੰਦੇ ਹੋ ਜੋ ਤੁਹਾਡੇ ਨਾਲ ਮੇਲ ਖਾਂਦਾ ਹੈ ਤਾਂ ਤਾਲਮੇਲ ਲੱਭਣਾ ਬਹੁਤ ਵਧੀਆ ਹੈ।

# ਜਲੰਧਰ ਜ਼ਿਮਨੀ ਚੋਣ 'ਚ 'ਆਪ' ਕਰੇਗੀ ਸ਼ਾਨਦਾਰ ਜਿੱਤ ਹਾਸਲ: ਐਡ. ਮਦਾਨ, ਚੈਨਪੁਰੀਆ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਰਹਿਨੁਮਾਈ ਹੇਠ ਪੰਜਾਬ ਸਰਕਾਰ ਨੇ ਆਪਣੇ ਸ਼ੁਰੂਆਤੀ ਪਹਿਲੇ ਸਾਲ 'ਚ ਹੀ ਲੋਕਾਂ ਨਾਲ ਕੀਤੇ ਹਰ ਵਾਅਦੇ/ਗਾਰੰਟੀਆਂ ਨੂੰ ਇੱਕ-ਇੱਕ ਕਰਕੇ ਪੂਰਾ ਕਰਨਾ ਸ਼ੁਰੂ ਕੀਤਾ ਹੋਇਐ।



ਸੂਬੇ ਦੇ ਵਿਕਾਸ ਤੇ ਖੁਸ਼ਹਾਲੀ ਲਈ ਕਈ ਅਹਿਮ ਫੈਸਲੇ ਲਏ ਜਾਣ ਦੇ ਮੱਦੇਨਜ਼ਰ ਲੋਕ 10 ਮਈ ਨੂੰ ਜਲੰਧਰ ਲੋਕ ਸਭਾ ਚੋਣ ਦਾ ਫਤਵਾ 'ਆਪ' ਦੇ ਹੱਕ ਦੇਣਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਧਾਲੀਵਾਲ ਦੇ ਓਐੱਸਡੀ ਐਡਵੋਕੇਟ ਰਾਜੀਵ ਮਦਾਨ ਨੇ ਆਮ ਆਦਮੀ ਪਾਰਟੀ ਦੇ ਅਜਨਾਲਾ ਸ਼ਹਿਰੀ ਦੇ ਪ੍ਰਧਾਨ ਦੀਪਕ ਚੈਨਪੁਰੀਆ ਦੀ ਅਗਵਾਈ 'ਚ ਹੋਈ ਮੀਟਿੰਗ ਦੌਰਾਨ ਅਜਨਾਲਾ ਸ਼ਹਿਰ ਦੇ ਆਗੂਆਂ ਤੇ ਵਲੰਟੀਅਰਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇਸੇ ਤਰਾਂ ਅਜਨਾਲਾ ਹਲਕੇ 'ਚ ਕੈਬਨਿਟ ਮੰਤਰੀ ਤੇ ਹਲਕਾ ਵਿਧਾਇਕ ਧਾਲੀਵਾਲ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਬਿਨਾਂ ਭੇਦਭਾਵ ਹਲਕੇ ਦੇ ਵਿਕਾਸ ਅਤੇ ਅਮਨ-ਸ਼ਾਂਤੀ ਦਾ ਪੈਗ਼ਾਮ ਦੇ ਰਹੇ ਹਨ। ਹੁਣ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਸਰਕਾਰ ਪੰਜਾਬ ਨੂੰ ਇਕ ਨਮੂਨੇ ਵਜੋਂ ਵਿਕਸਤ ਤੇ ਖੁਸ਼ਹਾਲ ਸੂਬਾ ਬਣਾਏਗੀ।

ਇਸ ਮੌਕੇ ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ, ਸੀਨੀਅਰ ਆਪ ਆਗੂ ਅਮਿਤ ਪੁਰੀ, ਰਛਪਾਲ ਸਿੰਘ, ਗੋਰਾ ਸੱਗੂ, ਸ਼ਮਸ਼ੇਰ ਸਿੰਘ, ਦੀਪਕ ਭੱਟੀ, ਗੁਰਨਾਮ ਸਿੰਘ, ਪਵਿੱਤਰ ਸਿੰਘ ਫੈਂਸੀ, ਅਮਰਦੀਪ ਸਿੰਘ ਰਿੰਕੂ, ਸੁਖਦਿਆਲ ਸਿੰਘ ਅਤੇ ਸੁਨੀਲ ਗਿੱਲ ਆਦਿ ਹਾਜ਼ਰ ਸਨ।

# ਖਰਾਬ ਹੋਈਆਂ ਫਸਲਾਂ ਦੀ ਗਿਰਦਾਵਰੀ ਤੁਰੰਤ ਕੀਤੀ ਜਾਵੇ: ਕੁੱਲ ਹਿੰਦ ਕਿਸਾਨ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਕਮੇਟੀ ਤਰਨ ਤਾਰਨ ਵਲੋਂ ਸਭਾ ਦੇ ਇੱਕ ਵਫਦ ਨੇ ਡੀ ਸੀ ਤਰਨਤਾਰਨ ਨੂੰ ਦੋ ਮੰਗ ਪੱਤਰ ਦਿੱਤੇ ਗਏ ਜਿਨ੍ਹਾਂ ਵਿੱਚ ਮੰਗ ਕੀਤੀ ਗਈ ਕਿ ਮੀਂਹ/ਝੱਖੜ ਨਾਲ ਖਰਾਬ ਹੋਈਆਂ ਫਸਲਾਂ ਦੀ ਗਿਰਦਾਵਰੀ ਤੁਰੰਤ ਕੀਤੀ ਜਾਵੇ ਤਾਂ ਕਿ ਪੀੜਤ ਕਿਸਾਨਾਂ ਨੂੰ ਸਰਕਾਰੀ ਰਾਹਤ ਦੀ ਹੱਕਦਾਰੀ ਦਾ ਰਾਹ ਪੱਧਰਾ ਹੋਵੇ।



ਦੂਜੇ ਮੰਗ ਪੱਤਰ ਵਿੱਚ ਮੰਗ ਕੀਤੀ ਗਈ ਕਿ ਹੁਣ ਸ਼ੁਰੂ ਹੋ ਰਹੇ ਸਾਉਣੀ ਦੇ ਸੀਜ਼ਨ ਲਈ ਨਹਿਰੀ ਪਾਣੀ ਮੋਘੇ ਦੀ ਆਖਰੀ ਪੈਲੀ ਤੱਕ ਪਹੁੰਚਾਉਣ ਲਈ ਖਾਲਾਂ ਦੀ ਨਿਸ਼ਾਨਦੇਹੀ ਤੇ ਸਫਾਈ ਯਕੀਨੀ ਬਣਾਈ ਜਾਵੇ ਤਾਂ ਕਿ ਇਸ ਜ਼ਿਲ੍ਹੇ ਦੀ ਸਿੰਜਾਈ ਯੁਕਤ ਜ਼ਮੀਨ ਨੂੰ ਪੂਰਾ ਨਹਿਰੀ ਪਾਣੀ ਮਿਲ ਸਕੇ। ਇਸ ਮੌਕੇ ਵਫਦ ਦੀ ਅਗਵਾਈ ਕਰਦਿਆਂ ਜਥੇਬੰਦਕ ਸਕੱਤਰ ਬਲਕਾਰ ਸਿੰਘ ਵਲਟੋਹਾ, ਸਕੱਤਰ ਦਵਿੰਦਰ ਸੋਹਲ, ਜਮਹੂਰੀ ਅਧਿਕਾਰ ਸਭਾ ਦੇ ਸਕੱਤਰ ਨਰਭਿੰਦਰ ਪੱਧਰੀ ਨੇ ਮੰਗ ਕੀਤੀ ਕਿ ਖਰਾਬ ਫਸਲ ਲਈ 50000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ।

ਇਸ ਮੌਕੇ ਸੁਰਿੰਦਰ ਸਿੰਘ ਬਿੱਲਾ ਬਘਿਆੜੀ, ਜਸਵੰਤ ਸਿੰਘ ਪੱਧਰੀ, ਪਲਵਿੰਦਰ ਸਿੰਘ, ਰਣਜੀਤ ਸਿੰਘ ਬਹਾਦਰ ਨਗਰ, ਕੁਲਬੀਰ ਕਸੇਲ, ਰਸ਼ਪਾਲ ਸਿੰਘ ਬਾਠ ਵੀ ਮੌਜੂਦ ਸਨ।

# ਈਟੀਓ ਨੇ ਵੱਖ-ਵੱਖ ਪਿੰਡਾਂ 'ਚ ਨੁਕਸਾਨੀਆਂ ਫਸਲਾਂ ਦਾ ਕੀਤਾ ਨਿਰੀਖਣ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਦੀਆਂ ਹਦਾਇਤਾ ਮੁਤਾਬਿਕ ਕੈਬਨਿਟ ਮੰਤਰੀ ਪੰਜਾਬ ਹਰਭਜਨ ਸਿੰਘ ਈਟੀਓ ਵੱਲੋਂ ਬਲਾਕ ਤਰਸਿੱਕਾ ਦੇ ਮੀਂਹ ਅਤੇ ਗੜੇਮਾਰੀ ਨਾਲ ਹੋਏ ਫਸਲਾਂ ਦੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਵੱਲੋਂ ਪਿੰਡ ਟਾਂਗਰਾ, ਜੱਬੋਵਾਲ ਅਤੇ ਮੁੱਛਲ ਆਦਿ ਪਿੰਡਾ ਵਿਚ ਪ੍ਰਭਾਵਿਤ ਫਸਲ ਨੂੰ ਕਿਸਾਨਾਂ ਦੀ ਹਾਜ਼ਰੀ ਵਿਚ ਖੁਦ ਵੇਖਿਆ ਅਤੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕਿਸਾਨੀ ਹਿੱਤਾ ਲਈ ਪੂਰੀ ਤਰਾਂ ਵਚਨਬੱਧ ਹੈ ਅਤੇ ਕਿਸੇ ਵੀ ਕਿਸਾਨ ਦੇ ਨੁਕਸਾਨ ਦੀ ਭਰਪਾਈ ਜ਼ਰੂਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸਾਨਾਂ ਦੁਆਰਾ ਪੁੱਤਾਂ ਵਾਂਗ ਪਾਲੀ ਫਸਲ ਜਦੋਂ ਕੁਦਰਤੀ ਬਿਪਤਾ ਨਾਲ ਤਬਾਹ ਹੁੰਦੀ ਹੈ ਤਾਂ ਕਿਸਾਨ ਦੇ ਦਿਲ 'ਤੇ ਕੀ ਬੀਤਦੀ ਹੈ ਅੱਜ ਇਥੇ ਆ ਕੇ ਉਹ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਇਸ ਮੁਸ਼ਕਿਲ ਦੀ ਘੜੀ ਕਿਸਾਨਾਂ ਨਾਲ ਖੜੀ ਹੈ।



ਇਸ ਮੌਕੇ ਉਨ੍ਹਾਂ ਮੌਕੇ ਹਾਜ਼ਰ ਅਧਿਕਾਰੀਆ ਨੂੰ ਪ੍ਰਭਾਵਿਤ ਪਿੰਡਾਂ ਦੀ ਫਸਲਾਂ ਦੀ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਅਤੇ ਕਿਸਾਨਾਂ ਨੂੰ ਕਿਹਾ ਕਿ ਤੁਹਾਡੀ ਹਾਜ਼ਰੀ ਵਿਚ ਫਸਲਾਂ ਦੀ ਗਿਰਦਾਵਰੀ ਕੀਤੀ ਜਾਵੇਗੀ ਅਤੇ ਹਰ ਪ੍ਰਭਾਵਿਤ ਕਿਸਾਨ ਨੂੰ ਬੜੇ ਪਾਰਦਰਸ਼ੀ ਤਰੀਕੇ ਨਾਲ ਬਣਦਾ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਦੀ ਭਰਪੂਰ ਕੋਸ਼ਿਸ਼ ਹੈ ਕਿ ਵਿਸਾਖੀ ਤੋਂ ਪਹਿਲਾਂ ਪਹਿਲਾਂ ਸਾਰੇ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਡਾ. ਜਤਿੰਦਰ ਸਿੰਘ ਗਿੱਲ, ਨਾਇਬ ਤਹਿਸੀਲਦਾਰ ਤਰਸਿੱਕਾ ਅਕਵਿੰਦਰ ਕੌਰ, ਬਲਾਕ ਖੇਤੀਬਾੜੀ ਅਫਸਰ ਡਾ. ਗੁਰਮੀਤ ਸਿੰਘ ਰਿਆੜ, ਸਤਵਿੰਦਰਬੀਰ ਸਿੰਘ ਏਡੀਓ, ਬੀਡੀਪੀਓ ਤਰਸਿੱਕਾ ਸਿਤਾਰਾ ਸਿੰਘ, ਹਰਉਪਿੰਦਰਜੀਤ ਸਿੰਘ ਏਡੀਓ, ਕਿਸਾਨ ਗੁਰਦੀਪ ਸਿੰਘ ਕੋਟਲਾ ਸਰਕਲ ਇੰਚਾਰਜ, ਦਵਿੰਦਰ ਸਿੰਘ ਮਨੂ ਜੱਬੋਵਾਲ, ਸੂਬੇਦਾਰ ਸ਼ਨਾਖ ਸਿੰਘ, ਜਗਜੀਤ ਸਿੰਘ ਬਿੱਟੂ, ਬਚਨ ਸਿੰਘ, ਲਵਪ੍ਰੀਤ ਟਾਂਗਰਾ, ਭਗਤ ਸਿੰਘ ਦੁਸਾਂਝ ਅਤੇ ਗੁਰਬਿੰਦਰ ਸਿੰਘ ਮੁੱਛਲ ਆਦਿ ਹਾਜ਼ਰ ਸਨ।

# ਕਾਮਰੇਡ ਦਰਸ਼ਨ ਸਿੰਘ ਝਬਾਲ ਦਾ 100ਵਾਂ ਜਨਮ ਦਿਨ ਮਨਾਇਆ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਵਲੋਂ ਕਾਮਰੇਡ ਦਰਸ਼ਨ ਸਿੰਘ ਝਬਾਲ ਦਾ 100ਵਾਂ ਜਨਮ ਦਿਨ ਪੁਤਲੀਘਰ ਦਫਤਰ ਵਿਖੇ ਮਨਾਇਆ ਗਿਆ ਜਿਸ ਵਿੱਚ ਜਥੇਬੰਦੀ ਦੇ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਜਸਬੀਰ ਸਿੰਘ ਝਬਾਲ ਨੇ ਕਾਮਰੇਡ ਦਰਸ਼ਨ ਸਿੰਘ ਝਬਾਲ ਦੇ ਜੀਵਨ ਤੇ ਵਿਸਥਾਰ ਸਾਹਿਤ ਚਾਨਣਾ ਪਾਇਆ ਤੇ ਉਨ੍ਹਾਂ ਦੀ ਕੁਰਬਾਨੀ ਭਰੇ ਜੀਵਨ ਪ੍ਰੇਰਨਾ ਲੈਣ ਦਾ ਅਹਿਤ ਕੀਤਾ ਗਿਆ।

ਇਸ ਤੋਂ ਇਲਾਵਾ ਹਰਪਾਲ ਸਿੰਘ ਰਾਮਦੀਵਾਲੀ, ਕੰਵਲਜੀਤ ਕੌਰ, ਤਰਸੇਮ ਸਿੰਘ ਟਪਿਆਲਾ ਆਦਿ ਸਾਥੀਆਂ ਨੇ ਸੰਬੋਧਨ ਕੀਤਾ।

ਲਖਵਿੰਦਰ ਸਿੰਘ ਕਲੇਰ ਨੂੰ ਜਨਰਲ ਸਕੱਤਰ ਅਤੇ ਸੁਖਦੇਵ ਸਿੰਘ ਬਰੀਕੀ ਨੂੰ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਸਵਿੰਦਰ ਸਿੰਘ ਕੋਹਾਲੀ, ਮਨਦੀਪ ਸਿੰਘ ਖਿਆਲਾ, ਸਤਨਾਮ ਸਿੰਘ ਕਲੇਰ, ਨਸੀਬ ਕੌਰ, ਕੁਲਦੀਪ ਸਿੰਘ, ਬਲਵਿੰਦਰ ਸਿੰਘ ਕਲੇਰ, ਕੁਲਦੀਪ ਸਿੰਘ ਚੁਗਾਵਾਂ, ਹਰਦੀਪ ਸਿੰਘ ਟਪਿਆਲਾ ਅਤੇ ਹੋਰ ਬਹੁਤ ਸਾਰੇ ਵਰਕਰ ਹਾਜ਼ਰ ਸਨ।

# ਇਮਾਨਦਾਰੀ ਅਜੇ ਜ਼ਿੰਦਾ ਹੈ !

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਇਮਾਨਦਾਰੀ ਅਜੇ ਜ਼ਿੰਦਾ ਹੈ ਜਿਸਦੀ ਤਾਜ਼ਾ ਉਦਾਹਰਨ ਸਾਹਮਣੇ ਆਈ ਹੈ। ਐਤਵਾਰ ਗੁਰਦੁਆਰਾ ਸ਼ਹੀਦਾਂ ਸਾਹਿਬ ਗਏ ਵਰਿੰਦਰ ਸਿੰਘ ਮਲਹੋਤਰਾ ਪ੍ਰਧਾਨ ਜੰਡਿਆਲਾ ਪ੍ਰੈੱਸ ਕਲੱਬ ਨੇ ਦੱਸਿਆ ਕਿ ਉਨ੍ਹਾਂ ਨੂੰ ਮੱਥਾ ਟੇਕਣ ਦੌਰਾਨ ਇਕ ਮਹਿੰਗੇ ਕਰੀਬ ਇਕ ਲੱਖ ਰੁਪਏ ਦਾ ਮੋਬਾਇਲ ਮਿਲ ਗਿਆ। ਕੁਝ ਦੇਰ ਬਾਅਦ ਉਸ ਉਪਰ 'ਮਾਂ' ਨਾਮ ਦੀਆਂ ਕਾਲਾਂ ਆਉਣੀਆਂ ਸ਼ੁਰੂ ਹੋ ਗਈਆਂ। ਮਲਹੋਤਰਾ ਨੇ ਅੰਦਾਜ਼ਾ ਲਗਾਇਆ ਕਿ ਇਹ ਕਿਸੇ ਧੀ ਦਾ ਫੋਨ ਹੈ ਜੋ ਆਪਣੀ ਮਾਂ ਦੇ ਫੋਨ ਤੋਂ ਕਾਲ ਕਰ ਰਹੀ ਹੈ। ਮਲਹੋਤਰਾ ਵੱਲੋਂ ਮਾਂ-ਧੀ ਨੂੰ ਸ਼ਹੀਦਾਂ ਸਾਹਿਬ ਦੇ ਬਾਹਰ ਸੱਦ ਕੇ ਜਾਂਚ-ਪੜਤਾਲ ਕਰਨ ਉਪਰੰਤ ਫੋਨ ਵਾਪਿਸ ਕਰ ਦਿੱਤਾ। ਕਾਲਜ ਪੜ੍ਹਦੀ ਲੜਕੀ ਦੀਆਂ ਅੱਖਾਂ ਵਿਚ ਖੁਸ਼ੀ ਦੇ ਅੱਥਰੂ ਸਨ।



# ਸੇਖਵਾਂ ਵਿਖੇ ਜ਼ਿਲਾ ਪੱਧਰੀ ਕਿਸਾਨ ਸਿਖਲਾਈ ਕੈਂਪ 6 ਨੂੰ

ਧਾਰੀਵਾਲ/ਕਾਦੀਆਂ (ਮਨਦੀਪ ਸਿੰਘ ਵਿੱਕੀ)-ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਡਾ. ਕਿਰਪਾਲ ਸਿੰਘ ਢਿੱਲੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਸਬੰਧੀ ਤਕਨੀਕੀ ਜਾਣਕਾਰੀ ਦੇਣ ਲਈ 6 ਅਪ੍ਰੈਲ 2023 ਦਿਨ ਵੀਰਵਾਰ ਨੂੰ ਇਕ ਜ਼ਿਲ੍ਹਾ ਪੱਧਰੀ ਸਿਖਲਾਈ ਕੈਂਪ ਪਿੰਡ ਸੇਖਵਾਂ ਵਿੱਚ ਫੋਕਲ ਪੁਆਇੰਟ ਵਿਖੇ ਲੱਗੇਗਾ ਅਤੇ ਇਸ ਮੌਕੇ ਖੇਤੀ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਵਿੱਚ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਮੁੱਖ ਮਹਿਮਾਨ ਵਜੋਂ ਪਹੁੰਚਣਗੇ। ਇਸ ਮੌਕੇ ਬਟਾਲਾ ਹਲਕਾ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਸ੍ਰੀ ਹਰਗੋਬਿੰਦਪੁਰ ਸਾਹਿਬ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ, ਚੇਅਰਮੈਨ ਹੈਲਥ ਕਾਰਪੋਰੇਸ਼ਨ ਪੰਜਾਬ ਰਮਨ ਬਹਿਲ ਅਤੇ ਚੇਅਰਮੈਨ ਜ਼ਿਲ੍ਹਾ ਪਲਾਨਿੰਗ ਬੋਰਡ ਗੁਰਦਾਸਪੁਰ ਜਗਰੂਪ ਸਿੰਘ ਸੇਖਵਾਂ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚਣਗੇ।



ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਬਾਰੇ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਸਾਨ ਵੀਰਾਂ ਨੂੰ ਇਸ ਕੈਂਪ ਵਿੱਚ ਵੱਧ-ਚੜ੍ਹ ਕੇ ਪਹੁੰਚਣ ਅਤੇ ਨਵੀਆਂ ਤਕਨੀਕਾਂ ਨਾਲ ਖੇਤੀਬਾੜੀ ਕਰਨ ਦੀ ਸਿਖਲਾਈ ਪ੍ਰਾਪਤ ਕਰਨ ਦੀ ਅਪੀਲ ਕੀਤੀ ਹੈ।

# ਕਿਸਾਨ ਜਥੇਬੰਦੀ ਕੋਟ ਬੁੱਢਾ ਨੇ ਡਿਪਟੀ ਕਮਿਸ਼ਨਰ ਨੂੰ ਸੌਂਪਿਆ ਮੰਗ ਪੱਤਰ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਬੀਤੇ ਦਿਨਾਂ ਤੋਂ ਸੂਬੇ ਅੰਦਰ ਭਾਰੀ ਬਾਰਿਸ਼ ਤੋਂ ਬਾਅਦ ਕਿਸਾਨਾਂ ਦੀਆਂ ਪੱਕੀਆਂ ਕਣਕਾਂ ਅਤੇ ਹੋਰ ਵੀ ਕਈ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਜਿਸ ਨੂੰ ਲੈ ਕੇ ਕਿਸਾਨਾਂ ਵੱਲੋਂ ਲਗਾਤਾਰ ਖਰਾਬ ਹੋਈਆਂ ਫਸਲਾਂ ਦੀ ਮੰਗ ਪੰਜਾਬ ਸਰਕਾਰ ਤੋਂ ਕੀਤੀ ਜਾ ਰਹੀ ਸੀ ਪਰ ਪੰਜਾਬ ਸਰਕਾਰ ਅਤੇ ਸਰਕਾਰ ਦੇ ਕਿਸੇ ਨੁਮਾਇੰਦੇ ਨੇ ਕਿਸਾਨਾਂ ਦੀ ਸਾਰ ਨਹੀਂ ਲਈ ਜਿਸ ਤੋਂ ਬਾਅਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਵੱਲੋਂ ਸੰਘਰਸ਼ ਨੂੰ ਤੇਜ਼ ਕਰਦੇ ਹੋਏ ਕਿਸਾਨਾਂ ਦੇ ਹੱਕ ਵਿੱਚ ਕਲੇਲੀਆਂ ਵਿਖੇ ਇਕ ਮੰਗ ਪੱਤਰ ਡਿਪਟੀ ਕਮਿਸ਼ਨਰ ਨੂੰ ਸੌਂਪਿਆ ਗਿਆ।



ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੇ ਆਗੂਆਂ ਨੇ ਕਿਸਾਨਾਂ ਦੀਆਂ ਹੱਕੀ ਮੰਗਾਂ ਰਖਦੇ ਹੋਏ ਦੱਸਿਆ ਕਿ ਸਰਕਾਰ ਅਧਿਕਾਰੀਆਂ ਨੂੰ ਤੁਰੰਤ ਮੌਕੇ 'ਤੇ ਭੇਜ ਕੇ ਸਪੈਸ਼ਲ ਗਿਰਦਾਵਰੀ ਕਰਵਾ ਕੇ ਕਣਕ ਲਈ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਰਿਲੀਜ਼ ਕਰਵਾਵੇ ਅਤੇ ਹੋਰ ਫਸਲਾਂ ਦੇ ਹੋਏ ਨੁਕਸਾਨ ਦੀ ਵੀ ਸੌ ਫੀਸਦੀ ਪੂਰਤੀ ਕੀਤੀ ਜਾਵੇ। ਇਸ ਤੋਂ ਇਲਾਵਾ ਪਿਛਲੇ ਸਾਲਾਂ ਦੌਰਾਨ ਕੁਦਰਤੀ ਆਫਤਾਂ ਨਾਲ ਖਰਾਬ ਹੋਈਆਂ ਫਸਲਾਂ ਦਾ ਵੀ ਮੁਆਵਜ਼ਾ ਤੁਰੰਤ ਜਾਰੀ ਕੀਤਾ ਜਾਵੇ। ਗ੍ਰਿਫਤਾਰ ਕੀਤੇ ਗਏ ਜਨਤਕ, ਬੇਕਸੂਰ ਲੋਕਾਂ ਨੂੰ ਰਿਹਾਅ ਕੀਤਾ ਜਾਵੇ, ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਚੋਂ ਕੱਢਣ ਅਤੇ ਬੇਰੋਜ਼ਗਾਰਾਂ ਨੂੰ ਰੋਜ਼ਗਾਰ ਮੁਹੱਈਆ ਕਰਨ ਪ੍ਰਤੀ ਸੁਹਿਰਦ ਹੋਵੇ। ਸਰਕਾਰ ਮੀਡੀਆ ਦੀ ਬਹਾਲੀ ਲਈ ਤੁਰੰਤ ਯੋਗ ਪੈਰਵਾਈ ਨੂੰ ਅਮਲੀਜਾਮਾ ਪਹਿਨਾਏ ਤਾਂ ਜੋ ਲੋਕਤੰਤਰ ਦੇ ਚੌਥੇ ਥੰਮ੍ਹ ਪ੍ਰੈਸ ਦੀ ਆਜ਼ਾਦ ਹੋਂਦ ਕਾਇਮ ਰਹਿ ਸਕੇ। ਪੰਜਾਬ 'ਚ ਕਾਰਪੋਰੇਟ ਘਰਾਣਿਆਂ ਦੀਆਂ ਪਾਲਸੀਆਂ ਨੂੰ ਬੰਦ ਕੀਤਾ ਜਾਵੇ ਅਤੇ ਬਿਜਲੀ ਦੇ ਪ੍ਰੀਪੇਡ ਮੀਟਰ ਲਗਾਉਣ ਤੇ ਤੁਰੰਤ ਪਾਬੰਦੀ ਲਗਾਈ ਜਾਵੇ। ਕਿਸਾਨੀ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਸਰਕਾਰੀ ਨੌਕਰੀਆਂ ਲਈ ਨਿਯੁਕਤੀ ਪੱਤਰ ਤੁਰੰਤ ਦਿੱਤੇ ਜਾਣ, ਜੁਮਲਾ ਮੁਸਤਰਕਾ ਖਾਤਾ ਮਾਲਕਾਨ ਅਤੇ ਅਬਾਦਕਾਰਾਂ ਨੂੰ ਮਾਲਕੀ ਹੱਕ ਤੁਰੰਤ ਦਿੱਤੇ ਜਾਣ ਅਤੇ 18 ਮਈ 2022 ਤੋਂ 24 ਨਵੰਬਰ 2022 ਤੱਕ ਵੱਖ-ਵੱਖ ਸਮੇਂ ਹੋਈਆਂ ਮੀਟਿੰਗਾਂ ਵਿੱਚ ਮੰਨੀਆਂ ਗਈਆਂ ਮੰਗਾਂ ਨੂੰ ਤੁਰੰਤ ਲਾਗੂ ਕੀਤਾ ਜਾਵੇ।

ਇਸ ਮੌਕੇ ਬਾਬਾ ਪ੍ਰਗਟ ਸਿੰਘ ਪ੍ਰਿੰਗੜੀ, ਸਾਹਿਬ ਸਿੰਘ ਸਭਰਾ, ਹਰਭਾਲ ਸਿੰਘ ਘਰਿਆਲਾ, ਮੁਖਤਾਰ ਤਲਵੰਡੀ, ਦੀਦਾਰ ਸਿੰਘ ਲਾਖਣਾ, ਸੁਖਦੇਵ ਸਿੰਘ ਸਰਹਾਲੀ ਮੰਡ, ਕਾਰਜ ਸਿੰਘ ਘਰਿਆਲਾ, ਕਾਰਜ ਸਿੰਘ ਸਭਰਾ, ਹਰਜੀਤ ਸਿੰਘ ਜੌਹਲ, ਪ੍ਰਗਟ ਸਿੰਘ ਚੰਬਾ, ਕਾਵਲ ਸਿੰਘ ਵਰਿਆਂ, ਸੁਰਿੰਦਰਪਾਲ ਸਿੰਘ ਰਸੂਲਪੁਰ, ਗੁਰਬੀਰ ਸਿੰਘ ਭਾਊਵਾਲ, ਸਾਰਜ ਸਿੰਘ ਰਸੂਲਪੁਰ, ਬਾਬਾ ਪ੍ਰਗਟ ਸਿੰਘ ਪ੍ਰਿੰਗੜੀ, ਗੁਲਜਾਰ ਸਿੰਘ ਘੜਕਾ, ਸਰਦੂਲ ਸਿੰਘ ਘੜਕਾ, ਸਾਹਿਬ ਸਿੰਘ ਸਭਰਾ, ਹਰਭਾਲ ਸਿੰਘ ਘਰਿਆਲਾ ਨੇ ਅਗਵਾਈ ਕੀਤੀ।

# ਹਵਨ ਆਹੂਤੀਆਂ ਨਾਲ ਡੀ ਏ ਵੀ ਪਬਲਿਕ ਸਕੂਲ 'ਚ ਨਵਾਂ ਸੈਸ਼ਨ ਸ਼ੁਰੂ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਡੀ ਏ ਵੀ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਡੀਏਵੀ ਯੂਨੀਵਰਸਿਟੀ ਦੇ ਕੁਲਪਤੀ ਪਦਮਸ਼੍ਰੀ ਐਵਾਰਡ ਨਾਲ ਨਿਵਾਜੇ ਡਾਕਟਰ ਪੂਨਮ ਸੂਰੀ, ਏਡਿਡ ਅਤੇ ਪਬਲਿਕ ਸਕੂਲਾਂ ਦੇ ਡਾਇਰੈਕਟਰ ਜੇ. ਪੀ. ਸੂਰ, ਚੇਅਰਮੈਨ ਮਹੇਸ਼ ਚੋਪੜਾ, ਪੰਜਾਬ ਜ਼ੋਨ ਏ ਦੇ ਖੇਤਰੀ ਅਧਿਕਾਰੀ ਡਾ. ਨੀਲਮ ਕਾਮਰਾ, ਸਕੂਲ ਮੈਨੇਜਰ ਨੀਰਾ ਸ਼ਰਮਾ ਦੀ ਯੋਗ ਅਗਵਾਈ ਵਿੱਚ ਜੇਆਰਐੱਸ ਡੀਏਵੀ ਪਬਲਿਕ ਸਕੂਲ, ਝਬਾਲ ਵਿਖੇ ਨਵੇਂ ਸੈਸ਼ਨ ਦੀ ਸ਼ੁਰੂਆਤ ਹਵਨ ਨਾਲ ਕੀਤੀ ਗਈ। ਇਸ ਮੌਕੇ ਸਕੂਲ ਦੇ ਨਵੇਂ ਕਾਰਜਕਾਰੀ ਮੁੱਖੀ ਰੰਜੂ ਸਚਦੇਵਾ ਦਾ ਸਟਾਫ ਮੈਂਬਰਾਂ ਮਨਪ੍ਰੀਤ ਕੌਰ, ਸੋਨੀਆ ਸ਼ਰਮਾ, ਆਰਤੀ ਮਹਾਜਨ, ਸੂਚੀ ਸੂਦ, ਪੂਜਾ ਭਗਤ, ਨਵਦੀਪ ਕੌਰ, ਨੇਹਾ ਨੰਦਾ, ਸ਼ਸ਼ੀ, ਕੁਮਾਰੀ ਰਕਸੰਦਨ, ਨੇਹਾ ਖੁੱਲਰ, ਲਿਵਿਆ ਸੂਦ, ਨਵਰੂਪ ਕੌਰ ਸਿੱਧੂ, ਨੀਲਮ ਅਤੇ ਤਪੱਸਿਆ ਨੇ ਸਵਾਗਤ ਕੀਤਾ। ਮੈਡਮ ਰੰਜੂ ਸਚਦੇਵਾ ਨੇ ਸਟਾਫ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਬੱਚਿਆਂ ਨੂੰ ਸੁਨਹਿਰੀ ਭਵਿੱਖ ਦਾ ਅਸ਼ੀਰਵਾਦ ਦਿੱਤਾ।

## ਜਨਮ ਦਿਨ ਮੁਬਾਰਕ



ਮੰਨਤ ਲਾਖਾ, ਪਿੰਡ ਮਿੱਠੜਾ

# ਕਿਸਾਨਾਂ, ਤਰਕਸ਼ੀਲਾਂ ਤੇ ਮਜ਼ਦੂਰਾਂ ਨੇ ਫਿਰਕਾਪ੍ਰਸਤੀ ਵਿਰੁੱਧ ਕੀਤਾ ਰੋਸ ਮਾਰਚ

**ਸ਼ਾਹਕੋਟ (ਗਿਆਨ ਸੈਦਪੁਰੀ)**

'ਲਗਭਗ ਇੱਕ ਸਾਲ ਪਹਿਲਾਂ ਦਿੱਲੀ ਦੀਆਂ ਬਰੂਹਾਂ 'ਤੇ ਹਿੰਦੂ-ਸਿੱਖ- ਈਸਾਈ- ਮੁਸਲਿਮ ਏਕਤਾ ਨੇ ਕਿਸਾਨ ਮੋਰਚੇ ਦੇ ਰੂਪ ਵਿੱਚ ਇੱਕ ਨਰੋਆ ਮਾਹੌਲ ਸਿਰਜਿਆ ਸੀ। ਧਰਮਾਂ ਤੇ ਜਾਤਾਂ ਤੋਂ ਉੱਪਰ ਉੱਠ ਕੇ ਲੜੇ ਤੇ ਜਿੱਤੇ ਕਿਸਾਨ ਸੰਘਰਸ਼ ਦੀ ਘਟਨਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਅੱਖਾਂ ਵਿੱਚ ਰੜਕ ਰਹੀ ਹੈ। ਉਹ ਇਸੇ ਤਾਕ ਵਿੱਚ ਰਹਿੰਦੇ ਹਨ, ਕਿ ਕਦੋਂ ਪੰਜਾਬ ਵਿੱਚ ਫਿਰਕੂ ਮਾਹੌਲ ਸਿਰਜਿਆ ਜਾਵੇ। ਹੁਣ ਅੰਮ੍ਰਿਤਪਾਲ ਸਿੰਘ ਨੂੰ ਮੋਹਰਾ ਬਣਾ ਕੇ ਪੰਜਾਬ ਵਿੱਚ ਫਿਰਕੂ ਮਾਹੌਲ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਸਾਥੀ ਮੋਹਣ ਸਿੰਘ ਬੱਲ ਨੇ ਕੀਤਾ। ਉਹ ਸੋਮਵਾਰ ਨੂੰ ਸ਼ਾਹਕੋਟ ਵਿੱਚ ਹਿੰਦੂ- ਸਿੱਖ-ਈਸਾਈ-ਮੁਸਲਿਮ ਏਕਤਾ ਦੇ ਬੈਨਰ ਹੇਠ ਫਿਰਕਾਪ੍ਰਸਤੀ ਦੇ ਵਿਰੁੱਧ ਕੀਤੇ ਜਾਣ ਵਾਲੇ ਮਾਰਚ ਤੋਂ ਪਹਿਲਾਂ ਸਥਾਨਕ ਬੱਸ ਅੱਡੇ ਵਿੱਚ ਇਕੱਤਰ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਏਜੰਸੀਆਂ ਨੇ ਜਿਹੜਾ ਕੰਮ ਅੰਮ੍ਰਿਤਪਾਲ ਸਿੰਘ ਕੋਲੋਂ ਲੈਣਾ ਸੀ, ਉਸ ਦੀ ਪ੍ਰਾਪਤੀ ਬਾਅਦ ਹੁਣ ਵਾਲਾ ਡਰਾਮਾ ਰਚਿਆ ਗਿਆ ਹੈ। ਸਾਥੀ ਬੱਲ ਨੇ ਕਿਹਾ ਕਿ ਕਿਸਾਨ ਯੂਨੀਅਨ ਨੇ ਬਹੁਤ ਸਮਾਂ ਪਹਿਲਾਂ ਹੁਣ ਹੋ ਰਹੇ ਡਰਾਮੇ ਦੀ ਪੇਸਨਗੋਈ ਕਰ ਦਿੱਤੀ ਸੀ। ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਮਾਸਟਰ ਗੁਰਚਰਨ ਸਿੰਘ ਚਾਹਲ ਨੇ ਕਿਹਾ ਕਿ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਮਿਲ ਕੇ ਫਿਰਕੂ ਮਾਹੌਲ ਸਿਰਜਿਆ ਜਾ ਰਿਹਾ ਹੈ। ਦੋਹਾਂ ਸਰਕਾਰਾਂ ਦਾ ਮਨਸਾ ਇੱਕੋ ਹੈ ਕਿ ਲੋਕਾਂ ਨੂੰ ਦਰਪੇਸ ਅਸਲ ਮੁਸਕਲਾਂ ਤੋਂ ਭਟਕਾਂ ਕੇ ਧਿਆਨ ਹੋਰ ਪਾਸੇ ਕਰਵਾ ਦਿੱਤਾ ਜਾਵੇ। ਤਰਕਸ਼ੀਲ ਸੁਸਾਇਟੀ ਪੰਜਾਬ(ਰਜਿ) ਦੀ ਇਕਾਈ ਸ਼ਾਹਕੋਟ ਦੇ ਜਥੇਬੰਦਕ ਮੁਖੀ ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ, ਪੰਜਾਬ ਖੇਤ ਮਜਦੂਰ ਯੂਨੀਅਨ ਦੇ ਆਗੂ ਸਾਥੀ ਸੁਖਜਿੰਦਰ ਲਾਲੀ, ਤਰਕਸ਼ੀਲ ਮੈਗਜੀਨ ਦੇ ਮੁੱਖ ਪ੍ਰਬੰਧਕ ਸੁਖਵਿੰਦਰ ਬਿੱਟੂ, ਕਿਸਾਨ ਆਗੂ ਬਲਕਾਰ ਸਿੰਘ ਫਾਜਲਵਾਲ ਨੇ ਵੀ ਸੰਬੋਧਨ ਕੀਤਾ। ਅਮੀਸ ਬਾਗਪੁਰ ਨੇ ਇਨਕਲਾਬੀ ਕਵਿਤਾ ਸੁਣਾਈ। ਇਸ ਉਪਰੰਤ ਕਿਸਾਨ, ਮਜਦੂਰ ਤੇ ਤਰਕਸ਼ੀਲ ਆਗੂਆਂ ਦੀ ਅਗਵਾਈ ਵਿੱਚ 'ਫਿਰਕਾਪ੍ਰਸਤ ਤਾਕਤਾਂ ਮੁਰਦਾਬਾਦ' ਦੇ ਨਾਹਰੇ ਲਾਉਂਦਿਆਂ ਰੋਸ ਮਾਰਚ ਲਈ ਕਾਫਲਾ ਰਵਾਨਾ ਹੋਇਆ। ਇਹ ਕਾਫਲਾ ਮਾਡਲ ਥਾਣੇ ਤੋਂ ਹੋ ਕੇ ਮੁੱਖ ਬਾਜਾਰ ਅਤੇ ਹਸਪਤਾਲ ਰੋਡ ਤੋਂ ਹੁੰਦਾ ਹੋਇਆ ਵਾਪਸ ਬੱਸ ਅੱਡੇ ਪਹੁੰਚਿਆ। ਇੱਥੋਂ ਚੱਲ ਕੇ ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਦੇ ਨਾਂਅ ਐਸ.ਡੀ.ਐਮ. ਸ਼ਾਹਕੋਟ ਦੀ ਗੈਰ ਮੌਜੂਦਗੀ ਵਿੱਚ ਤਹਿਸੀਲਦਾਰ ਸ਼ਾਹਕੋਟ ਨੂੰ ਮੰਗ ਪੱਤਰ ਦਿੱਤਾ। ਇਸ ਮੌਕੇ ਹੋਰਨਾਂ ਤੋ ਇਲਾਵਾ ਬਲਵੰਤ ਮਲਸੀਆ, ਜਸਪਾਲ ਸਿੰਘ ਸੰਢਾਵਾਲ, ਪਾਲ ਬਾਗਪੁਰ, ਬਿੱਟੂ ਰੂਪੇਵਾਲੀ, ਨਿਰਮਲ ਸਿੰਘ ਸਲੈਚਾ, ਗੁਰਦੇਵ ਸਿੰਘ ਨਵਾਂ ਕਿਲਾ, ਅਮਨ ਬਾਗਪੁਰ, ਹਰਨੇਕ ਮਾਲੜੀ, ਪਰਮਜੀਤ ਸਿੰਘ ਭੱਦਮਾ, ਅਵਤਾਰ ਸਿੰਘ ਬਾਹਮਣੀਆਂ, ਗੁਰਬਖਸ਼ ਸਿੰਘ ਦਾਨੇਵਾਲ, ਨਿੱਕੂ ਧੰਜੂ ਸੈਦਪੁਰ, ਯਾਦਵਿੰਦਰ ਸਿੰਘ ਮੂਲੇਵਾਲ ਅਰਾਈਆ, ਮਨਜੀਤ ਸਿੰਘ ਨੂਰ ਪੁਰ, ਪਰਮਜੀਤ ਸਿੰਘ ਮਲਸੀਆਂ, ਸੰਨੀ ਮਾਲੜੀ, ਬਲਵਿੰਦਰ ਸਿੰਘ ਹੁਸੈਨ ਪੁਰ, ਨਰਿੰਦਰਜੀਤ ਸਿੰਘ ਕਾਂਗਣਾ, ਅਮਰੀਕ ਸਿੰਘ ਜੰਮੂ ਵੀ ਹਾਜਰ ਸਨ।



ਸੰਬੋਧਨ ਕਰਦੇ ਹੋਏ ਕਿਸਾਨ ਆਗੂ।

# ਕਿਰਤੀ ਕਿਸਾਨ ਯੂਨੀਅਨ ਨੇ ਫਸਲਾਂ ਦੇ ਮੁਆਵਜ਼ੇ ਲਈ ਦਿੱਤਾ ਮੰਗ ਪੱਤਰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਕਿਰਤੀ ਕਿਸਾਨ ਯੂਨੀਅਨ ਨੇ ਬੇਮੌਸਮੀ ਬਾਰਸ਼ ਨਾਲ ਖਰਾਬ ਹੋਈਆਂ ਕਣਕ, ਆਲੂ ਅਤੇ ਸਬਜੀਆਂ ਦੇ ਮੁਆਵਜੇ ਲਈ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਮੰਗ ਪੱਤਰ ਦਿੱਤਾ। ਕਿਸਾਨ ਆਗੂਆਂ ਨੇ ਕਿਹਾ ਸਰਕਾਰ ਵਲੋਂ ਅਜੇ ਤੱਕ ਕਿਸੇ ਵੀ ਅਧਿਕਾਰੀ ਨੇ ਕਿਸਾਨਾਂ ਤੱਕ ਪਹੁੰਚ ਨਹੀਂ ਕੀਤੀ ਤੇ ਨਾ ਕੋਈ ਗਿਰਦਾਵਰੀ ਹੋਈ ਹੈ । ਜ਼ਿਲ੍ਹਾ ਪ੍ਰਧਾਨ ਕਾ.ਜਗਤਾਰ ਸਿੰਘ ਭਿੰਡਰ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ 15000 ਐਲਾਨ ਕੀਤਾ ਮੁਆਵਜਾ ਬਹੁਤ ਥੋੜਾ ਹੈ। ਕਿਰਤੀ ਕਿਸਾਨ ਯੂਨੀਅਨ ਨੇ ਰੋਸ ਮਾਰਚ ਕੀਤਾ ਅਤੇ ਆਪ ਵਿਧਾਇਕ ਡਾ. ਰਵਜੋਤ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਸਮੇਂ ਸਤਨਾਮ ਸਿੰਘ ਮੁਖਲਿਆਣਾ, ਪਰਮਜੀਤ ਸਿੰਘ ਮੁਖਲਿਆਣਾ, ਸਤਨਾਮ ਸਿੰਘ ਬਡਲਾ, ਦਲਜੀਤ ਸਿੰਘ ਬਡਲਾ, ਹਰਜਿੰਦਰ ਸਿੰਘ ਪੰਡੋਰੀ ਆਦਿ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।



## ਕੌਮਾਂਤਰੀ ਰੰਗਮੰਚ ਦੇ ਸੰਬੰਧ 'ਚ ਸਮਾਗਮ

**ਰੋਪੜ (ਬਿੰਦਰਾ)**-ਭਾਸ਼ਾ ਵਿਭਾਗ ਰੋਪੜ ਵਲੋਂ ਕੌਮਾਂਤਰੀ ਰੰਗ ਮੰਚ ਦੇ ਸੰਬੰਧ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ (ਰੋਪੜ) ਵਿੱਚ ਸਮਾਗਮ ਕੀਤਾ ਗਿਆ। ਜਿਥੇ ਰਬਿੰਦਰ ਸਿੰਘ ਰੂਬੀ ਦਾ ਲਿਖਿਆ ਨਾਟਕ ਖੇਡਿਆ ਗਿਆ। ਜ਼ਿਲ੍ਹਾ ਖੋਜ ਅਫਸਰ ਦਰਸ਼ਨ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਇਸ ਦਿਵਸ ਦੀ ਮਹੱਤਤਾ ਬਾਰੇ ਦੱਸਿਆ। ਉਹਨਾਂ ਨੇ ਆਖਿਆ ਕਿ ਭਾਸ਼ਾ ਵਿਭਾਗ ਮਾਤਰੀ ਭਾਸ਼ਾ ਦੀ ਸੇਵਾ ਕਰ ਰਿਹਾ ਹੈ। ਉਹਨਾਂ ਨੇ ਅਪੀਲ ਕੀਤੀ ਕਿ ਹਰ ਪੰਜਾਬੀ ਆਪਣੀਆਂ ਦੁਕਾਨਾਂ ਜਾਂ ਕਾਰੋਬਾਰੀ ਅਦਾਰਿਆਂ ਵਿਚ ਲਗਾਏ ਸਾਇਨ ਬੋਰਡਾਂ ਦੇ ਉਪਰ ਪੰਜਾਬੀ ਭਾਸ਼ਾ ਲਿਖੋ। ਪੰਜਾਬੀ ਦੀ ਤਰੱਕੀ ਹੀ ਸੂਬੇ ਦੀ ਤਰੱਕੀ ਹੈ । ਉਹਨਾਂ ਨੇ ਰੂਬੀ ਦੀ ਪੰਜਾਬੀ ਭਾਸ਼ਾ ਲਈ ਕੀਤੀ ਸੇਵਾ ਦੀ ਸਰਾਹਨਾ ਕੀਤੀ। ਲੇਖਕ ਰਬਿੰਦਰ ਸਿੰਘ ਰੂਬੀ ਨੇ ਨਾਟਕ "ਮੈਂ ਇਕਬਾਲ ਪੰਜਾਬੀ ਦਾ" ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਨਾਟਕ ਦੇ ਅਦਾਕਾਰਾਂ ਦੀ ਜਾਣ-ਪਛਾਣ ਕਰਵਾਈ। ਦਰਸ਼ਕਾਂ ਨੇ ਨਾਟਕ ਦਾ ਅਨੰਦ ਮਾਣਿਆ। ਪ੍ਰਿੰਸੀਪਲ ਇੰਦਰਜੀਤ ਕੌਰ ਅਤੇ ਸੌਦਾਗਰ ਸਿੰਘ ਨੇ ਆਏ ਮਹਿਮਾਨਾਂ ਤੇ ਦਰਸ਼ਕਾਂ ਦਾ ਧੰਨਵਾਦ ਕੀਤਾ।

## ਲਾਇਸੈਂਸ ਧਾਰਕ ਜਲਦੀ ਤੋਂ ਜਲਦੀ ਅਸਲਾ ਜਮ੍ਹਾਂ ਕਰਵਾਉਣ : ਥਾਣਾ ਮੁਖੀ

**ਮਹਿਤਪੁਰ (ਰਾਜਾ)**-ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਡੀ ਸੀ ਜਸਪ੍ਰੀਤ ਸਿੰਘ ਤੇ ਐਸ. ਐਸ. ਪੀ ਮੁਖਵਿੰਦਰ ਸਿੰਘ ਭੁੱਲਰ ਦੇ ਹੁਕਮਾਂ ਅਨੁਸਾਰ ਮਹਿਤਪੁਰ ਥਾਣੇ ਦੇ ਐਸ ਐਚ ਓ ਬਲਰਾਜ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਲੰਧਰ ਜਿਮਨੀ ਚੋਣ ਦੇ ਮੱਦੇਨਜ਼ਰ ਅਸਲਾ ਲਾਇਸੈਂਸ ਧਾਰਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਮਹਿਤਪੁਰ ਇਲਾਕੇ ਦੇ ਅਸਲਾ ਲਾਇਸੈਂਸ ਵਾਲੇ ਲੋਕ ਆਪਣਾ ਅਸਲਾ ਜਲਦੀ ਤੋਂ ਜਲਦੀ ਮਹਿਤਪੁਰ ਥਾਣੇ ਜਾਂ ਮਨਜੂਰ ਸ਼ੁਦਾ ਡੀਲਰਾਂ ਪਾਸ ਜਮ੍ਹਾਂ ਕਰਵਾ ਕੇ ਥਾਣੇ ਨੂੰ ਸੂਚਿਤ ਕਰਨ ।ਸਰਕਾਰੀ ਹੁਕਮਾਂ ਦੀ ਪਾਲਣਾ ਨਾ ਕਰਨ ਵਾਲਿਆਂ 'ਤੇ ਸਖਤ ਕਾਰਵਾਈ ਕੀਤੀ ਜਾਵੇਗੀ।

# ਸੰਤ ਫਰਾਂਸਿਸ ਕਾਨਵੈਂਟ ਸਕੂਲ ਵਿਖੇ ਨਰਸਰੀ ਕਲਾਸ ਦੇ ਵਿੱਦਿਅਕ ਸੈਸ਼ਨ ਦਾ ਉਦਘਾਟਨ



**ਕਰਤਾਰਪੁਰ (ਹਰਮੇਸ਼ ਦੱਤ)**

ਸੰਤ ਫਰਾਂਸਿਸ ਕਾਨਵੈਂਟ ਸਕੂਲ ਕਰਤਾਰਪੁਰ ਵਿਖੇ ਪ੍ਰਿੰਸੀਪਲ ਸਿਸਟਰ ਦਿਵਿਆ,ਸਿਸਟਰ ਲਿਨੇਟ ਅਤੇ ਸਿਸਟਰ ਕ੍ਰਿਸਟੀਨਾ ਦੀ ਪ੍ਰਧਾਨਗੀ ਹੇਠ ਨਰਸਰੀ ਕਲਾਸ ਦੇ ਛੋਟੇ ਬੱਚਿਆਂ ਲਈ ਵਿੱਦਿਅਕ ਸੈਸ਼ਨ 2023-24 ਸ਼ੁਰੂ ਹੋਇਆ। ਸਭ ਤੋਂ ਪਹਿਲਾਂ ਸਕੂਲ ਦੇ ਵਿਦਿਆਰਥੀਆਂ ਵੱਲੋਂ ਬੈਂਡ ਦੀ ਸੁਰੀਲੀ ਧੁਨ 'ਤੇ ਮੁੱਖ ਮਹਿਮਾਨ ਰੇਅ ਫਾਦਰ ਐਲਬਿਨ ਨੂੰ ਪ੍ਰਿੰਸੀਪਲ ਸਿਸਟਰ ਦਿਵਿਆ ਦੇ ਵਲੋਂ ਸਵਾਗਤ ਲਈ ਪੰਡਾਲ ਵਿੱਚ ਲਿਜਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ ਗਈ। ਕਿੰਡਰਗਾਰਟਨ ਦੇ ਛੋਟੇ ਬੱਚਿਆਂ ਨੇ ਆਪਣੇ ਨਵੇਂ ਮਹਿਮਾਨਾਂ ਦਾ ਅਤੇ ਉਨ੍ਹਾਂ ਦੇ ਮਾਪਿਆਂ ਦਾ ਸਵਾਗਤ ਡਾਂਸ ਨਾਲ ਕੀਤਾ। ਇਸ ਤੋਂ ਬਾਅਦ ਐਲਕੇਜੀ ਅਤੇ ਯੂਕੇਜੀ ਦੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਮੁੱਖ ਮਹਿਮਾਨ ਰਾਓ.ਫਾਦਰ ਐਲਬਿਨ ਨੇ ਆਪਣੇ ਮਾਤਾ-ਪਿਤਾ ਨਾਲ ਆਏ ਹੋਏ ਨਵੇਂ ਮਹਿਮਾਨਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੀ ਪੜ੍ਹਾਈ ਦੇ ਨਾਲ-ਨਾਲ ਚਰਿੱਤਰ ਨਿਰਮਾਣ ਲਈ ਆਪਣਾ ਵਾਧੂ ਸਮਾਂ ਕੱਢਣ। ਅੰਤ ਵਿੱਚ ਪ੍ਰਿੰਸੀਪਲ ਸਿਸਟਰ ਦਿਵਿਆ ਨੇ ਆਪਣੇ ਨਵੇਂ ਵਿਦਿਆਰਥੀਆਂ ਨੂੰ ਤੋਹਫੇ ਵੰਡੇ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਦੇ ਬੱਚਿਆਂ ਦੇ ਭਵਿੱਖ ਦੇ ਨਿਰਮਾਣ ਅਤੇ ਚਰਿੱਤਰ ਨਿਰਮਾਣ ਲਈ ਹਰ ਸੰਭਵ ਯਤਨ ਕਰਨਗੇ। ਇਸ ਦੇ ਨਾਲ ਹੀ ਉਨ੍ਹਾਂ ਇਸ ਮੌਕੇ 'ਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਭਵਿੱਖੀ ਜੀਵਨ ਲਈ ਸ਼ੁੱਭਕਾਮਨਾਵਾਂ ਵੀ ਦਿੱਤੀਆਂ। ਇਸ ਮੌਕੇ ਸਮੂਹ ਅਧਿਆਪਕ ਅਤੇ ਸਟਾਫ ਮੈਂਬਰ ਹਾਜਰ ਸਨ।

# ਆਰਥਿਕ, ਸਮਾਜਿਕ ਤੇ ਰਾਜਨੀਤਕ ਪਰਿਵਰਤਨ ਲਈ ਸੰਤ ਸਮਾਜ ਬਹੁਜਨ ਸਮਾਜ ਦੀ ਅਗਵਾਈ ਕਰੇ : ਕਰੀਮਪੁਰੀ

**ਹੁਸ਼ਿਆਰਪੁਰ (ਓ ਪੀ ਰਾਣਾ)**

ਬਹੁਜਨ ਸਮਾਜ ਪਾਰਟੀ ਪੰਜਾਬ ਦੇ ਇੰਚਾਰਜ ਸਾਬਕਾ ਰਾਜ ਸਭਾ ਮੈਂਬਰ ਡਾ.ਅਵਤਾਰ ਸਿੰਘ ਕਰੀਮਪੁਰੀ ਨੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ (ਰਜਿ.) ਪੰਜਾਬ ਵਲੋਂ ਚੂਹੜਵਾਲੀ ਤੋਂ ਹਰਿਦੁਆਰ ਤੱਕ ਕੱਢੀ ਗਈ ਸ਼ੋਭਾ ਯਾਤਰਾ ਵਿੱਚ ਪਹੁੰਚ ਕੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਉਨਾਂ ਇਸ ਸਮੇਂ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸੰਤ ਨਿਰਮਲ ਦਾਸ ਜੀ ਬਾਬੇਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ (ਰਜਿ.) ਪੰਜਾਬ ਦੀ ਯੋਗ ਅਗਵਾਈ ਹੇਠ ਸ਼ੁਰੂ ਕੀਤੀ ਸ਼ੋਭਾ ਯਾਤਰਾ ਨਾਲ ਸਤਿਗੁਰੂ ਰਵਿਦਾਸ ਜੀ ਦਾ "ਬੇਗਮਪੁਰੇ" ਦਾ ਸੰਕਲਪ ਜਨ ਜਨ ਤੱਕ ਪਹੁੰਚ ਰਿਹਾ ਹੈ ਅਤੇ ਬਾਬੂ ਮੰਗੂ ਰਾਮ ਮੁਗੋਵਾਲੀਆ,ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ, ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਆਰਥਿਕ,ਸਮਾਜਿਕ ਤੇ ਰਾਜਨੀਤਕ ਪਰਿਵਰਤਨ ਦੀ ਲਹਿਰ ਨੂੰ ਬੱਲ ਮਿਲਦਾ ਹੈ। ਉਨਾਂ ਸਾਰੇ ਹੀ ਸੰਤ ਸਮਾਜ ਨੂੰ ਅਪੀਲ ਕੀਤੀ ਉਹ ਇੱਕ ਪਲੇਟਫਾਰਮ 'ਤੇ ਇੱਕਠੇ ਹੋ ਕੇ ਗੁਰੂਆਂ, ਰਹਿਬਰਾਂ, ਵਿਦਵਾਨਾਂ ਦੀ ਚਲਾਈ ਆਰਥਿਕ,ਸਮਾਜਿਕ ਤੇ ਰਾਜੀਨਤਕ ਪਰਿਵਰਤਨ ਦੀ ਲਹਿਰ ਦੀ ਅਗਵਾਈ ਕਰਨ। ਉਨਾਂ ਬਹੁਜਨ ਸਮਾਜ ਦੇ ਵੱਖ ਵੱਖ ਪਾਰਟੀਆਂ , ਵੱਖ ਵੱਖ ਜਥੇਬੰਦੀਆਂ ਵਿੱਚ ਬੈਠੇ ਆਗੂਆਂ, ਬੁੱਧੀਜੀਵੀਆਂ, ਸਮਾਜਿਕ ਆਗੂਆਂ ਨੂੰ ਵੀ ਅਪੀਲ ਕੀਤੀ ਕਿ ਸੰਵਿਧਾਨ ਅਤੇ ਸੰਵਿਧਾਨਕ ਅਧਿਕਾਰਾਂ ਦੀ ਰਾਖੀ ਲਈ ਨਿੱਜੀ ਸਵਾਰਥਾਂ ਤੋਂ ਉਪੱਰ ਉੱਠ ਕੇ ਦਲਿਤ ਬਹੁਜਨ ਸਮਾਜ ਦੇ ਹਿੱਤਾਂ ਲਈ ਇੱਕ ਪਲੇਟਫਾਰਮ 'ਤੇ ਆਉਣ। ਉਨਾਂ ਕਿਹਾ ਕਿ ਪਿਛਲੇ ਦਿਨੀਂ ਆਪ ਸਰਕਾਰ ਵਲੋਂ ਐਸ.ਸੀ.ਕਮਿਸ਼ਨ ਮੈਬਰਾਂ ਦੀ ਗਿਣਤੀ ਘਟਾ ਦਿੱਤੀ ਗਈ ਪਰ ਦੁੱਖ ਦੀ ਗੱਲ ਹੈ ਕਿ ਵਿਧਾਨ ਸਭਾ ਅੰਦਰ ਦਲਿਤ ਵਿਧਾਇਕਾਂ ਦੀ ਗਿਣਤੀ ਇੱਕ ਤਿਹਾਈ ਦੇ ਕਰੀਬ ਹੈ ਪਰ ਐਸ.ਸੀ. ਕਮਿਸ਼ਨ ਮੈਬਰਾਂ ਦੀ ਗਿਣਤੀ ਘਟਾਉਣ ਦਾ ਵਿਰੋਧ ਸਿਰਫ ਤਿੰਨ ਵਿਧਾਇਕਾਂ ਵਲੋਂ ਕੀਤਾ ਗਿਆ। ਕਰੀਮਪੁਰੀ ਨੇ ਕਿਹਾ ਜੇਕਰ ਪੰਜਾਬ ਦਲਿਤ ਵਿਧਾਇਕ ਹਿੰਮਤ ਤੇ ਤਹੱਈਆ ਕਰਨ ਤਾਂ ਵਿਧਾਨ ਸਭਾ ਅੰਦਰ ਹਰ ਦਲਿਤ ਵਿਰੋਧੀ ਫੈਸਲਾ ਰੱਦ ਕਰਾਇਆ ਜਾ ਸਕਦਾ ਹੈ। ਇਸ ਸਮੇਂ ਸੰਤ ਇੰਦਰ ਦਾਸ ਸੇਖੇ,ਸੰਤ ਪ੍ਰਮਜੀਤ ਦਾਸ ਨਗਰ, "ਆਦਿ ਧਰਮ ਗੁਰੂ" ਸੰਤ ਸਰਵਣ ਦਾਸ ਲੁਧਿਆਣਾ,ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ,ਸੰਤ ਰਮੇਸ਼ ਦਾਸ ਸ਼ੇਰਪੁਰ ਕੱਲਰਾਂ,ਸੰਤ ਕ੍ਰਿਪਾਲ ਦਾਸ ਭਾਰਟਾ, ਸੰਤ ਧਰਮ ਪਾਲ ਸ਼ੇਰਗੜ,ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਬਾਬਾ ਫਤਿਹ ਸਿੰਘ ਤਰਨਾ ਦਲ ਤੋਂ ਇਲਾਵਾ ਡਾ.ਰਾਜ ਕੁਮਾਰ ਵਿਧਾਇਕ ਚੱਬੇਵਾਲ, ਸੁਖਵਿੰਦਰ ਸੁੱਖੀ ਵਿਧਾਇਕ ਆਦਮਪੁਰ,ਬਲਵਿੰਦਰ ਕੁਮਾਰ,ਰਜੇਸ਼ ਬਾਘਾ ਆਦਿ ਹਾਜਰ ਸਨ।



# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਆਰ ਸੀ ਐਫ ਦਾ ਵੱਖ-ਵੱਖ ਜਮਾਤਾਂ ਦਾ ਨਤੀਜਾ ਸੌ ਫੀਸਦੀ



**ਕਪੂਰਥਲਾ, (ਹਨੀ)**

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸਾਹਮਣੇ ਆਰ ਸੀ ਐਫ ਦਾ ਨਰਸਰੀ ਤੋਂ ਨੌਵੀਂ ਅਤੇ ਗਿਆਰਵੀਂ ਜਮਾਤ ਦਾ ਨਤੀਜਾ ਸੌ ਫੀਸਦੀ ਰਿਹਾ । ਪ੍ਰਿੰਸੀਪਲ ਪ੍ਰਭਦੀਪ ਕੌਰ ਮੋਗਾ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀ ਬਹੁਤ ਵਧੀਆ ਅੰਕ ਹਾਸਲ ਕਰਕੇ ਪਾਸ ਹੋਏ ਹਨ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ, ਸਕੂਲ ਦੇ ਡਾਇਰੈਕਟਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਸਕੂਲ ਦੇ ਸ਼ਾਨਦਾਰ ਨਤੀਜੇ ਲਈ ਪ੍ਰਿੰਸੀਪਲ, ਸਟਾਫ ਮੈਂਬਰਾਂ, ਵਿਦਿਆਰਥੀਆਂ ਤੇ ਉਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ । ਇਸ ਮੌਕੇ ਮੈਡਮ ਨੀਲਮ ਕਾਲੜਾ, ਅਨੀਤਾ ਸਹਿਗਲ, ਨਰਿੰਦਰ ਪੱਤੜ, ਰਜਨੀ ਅਰੋੜਾ, ਰੇਨੂੰ ਬਾਲਾ, ਲਵਿਤਾ, ਅਮਨਦੀਪ ਕੌਰ, ਪ੍ਰਵੀਨ ਕੌਰ, ਦਵਿੰਦਰ ਕੌਰ, ਪਰਮਿੰਦਰ ਕੌਰ, ਮੀਨਾਕਸ਼ੀ, ਜਸਵਿੰਦਰ ਸਿੰਘ, ਹਰਜਿੰਦਰ ਸਿੰਘ, ਰਣਜੀਤ ਸਿੰਘ, ਰਣਧੀਰ ਸਿੰਘ, ਕੁਲਵਿੰਦਰ ਕੌਰ, ਸੁਮਨਦੀਪ ਕੌਰ, ਰਾਜ ਰਾਣੀ, ਮਨਜਿੰਦਰ ਸਿੰਘ ਆਦਿ ਸਟਾਫ਼ ਮੈਂਬਰ ਹਾਜਰ ਸਨ ।

# ਪੁਰਾਣੀ ਪੈਨਸ਼ਨ ਨਾ ਲਾਗੂ ਹੋਣ 'ਤੇ ਕਰਮਚਾਰੀਆਂ 'ਚ ਗੁੱਸੇ ਦੀ ਲਹਿਰ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੀ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਐਨ ਪੀ ਐਸ ਕਰਮਚਾਰੀਆਂ ਨੇ ਮੁੱਖ ਮੰਤਰੀ ਦੇ ਐਲਾਨ ਅਤੇ ਅਧੂਰੇ ਨੋਟੀਫਿਕੇਸ਼ਨ ਦੇ ਪੰਜ ਮਹੀਨੇ ਬੀਤ ਜਾਣ ਵੀ ਪੁਰਾਣੀ ਪੈਨਸ਼ਨ ਜਮੀਨ ਪੱਧਰ 'ਤੇ ਲਾਗੂ ਨਾ ਹੋਣ ਦੇ ਰੋਸ ਬਲਾਕ ਸ੍ਰੀ ਅਨੰਦਪੁਰ ਸਾਹਿਬ ਦੇ ਸਮੂਹ ਐਨ ਪੀ ਐਸ ਮੁਲਾਜਮਾਂ ਵਲੋਂ ਕਾਲੇ ਬਿੱਲੇ ਲਗਾ ਅਤੇ ਐਨ ਪੀ ਐਸ ਐਕਟ ਦੀਆਂ ਕਾਪੀਆਂ ਫੂਕ ਤਿੱਖੇ ਰੋਹ ਜਾਹਰ ਕਰ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜੀ ਕੀਤੀ। ਇਸ ਮੌਕੇ ਮਨਦੀਪ ਕੌਰ ਅਤੇ ਸੁਮਿਤ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਦੁਆਰਾ ਅਪ੍ਰੈਲ ਮਹੀਨੇ ਤੋਂ ਜੀ ਪੀ ਐਫ ਕਟੌਤੀ ਸ਼ੁਰੂ ਨਾ ਹੋਣਾ, ਐਨ ਪੀ ਐਸ ਕਟੌਤੀ ਦਾ ਬੰਦ ਨਾ ਹੋਣਾ ਪੰਜਾਬ ਸਰਕਾਰ ਦੁਆਰਾ ਪੈਨਸ਼ਨ ਬਹਾਲੀ ਪ੍ਰਤੀ ਅਪਨਾਈ ਜਾ ਰਹੀ ਡੰਗ ਟਪਾਉ ਨੀਤੀ ਜਾਹਰ ਕਰਦਾ ਹੈ। ਰੋਸ ਵਜੋਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੀ ਸੂਬਾ ਕਮੇਟੀ ਨੇ ਸੂਬਾ ਪੱਧਰੀ ਐਕਸ਼ਨਾਂ ਦਾ ਐਲਾਨ ਕੀਤਾ ਹੈ। ਇਸ ਤਹਿਤ ਅਪ੍ਰੈਲ ਦੇ ਪਹਿਲੇ ਹਫਤੇ ਨੂੰ ਕਾਲੇ ਬਿੱਲੇ ਲਾ ਕੇ ਮੁਲਾਜ਼ਮ ਕਾਲਾ ਹਫਤਾ ਮਨਾਉਣਗੇ, ਅਤੇ ਜੇਕਰ ਸਰਕਾਰ ਵੱਲੋਂ 6 ਅਪ੍ਰੈਲ ਦੀ ਮਿਥੀ ਗਈ ਮੀਟਿੰਗ ਸਬੰਧੀ ਕੋਈ ਟਾਲਮਟੋਲ ਕੀਤੀ ਗਈ ਜਾਂ ਸਾਰਥਕ ਸਿੱਟੇ ਨਹੀਂ ਆਏ ਤਾਂ 22 ਅਪ੍ਰੈਲ ਨੂੰ ਜਲੰਧਰ ਵਿਖੇ ਜਬਰਦਸਤ ਝੰਡਾ ਮਾਰਚ ਕੀਤਾ ਜਾਵੇਗਾ। ਇਸ ਮੌਕੇ ਨਵੀਨ ਕੁਮਾਰ ,ਤਰਨਜੀਤ ਸਿੰਘ ,ਪੁਨੀਤਾ ਸ਼ਰਮਾ , ਵਰਿੰਦਰ ਕੌਰ ,ਦਲਜੀਤ ਕੌਰ ,ਨਰੇਸ਼ ਰਾਣੀ,ਅਨਾਮਿਕਾ ਸ਼ਰਮਾ , ਮਮਤਾ, ਗੁਰਪ੍ਰੀਤ ਕੌਰ ,ਪ੍ਰਤੀਬਾ ਗੁਪਤਾ ,ਸੁਰਿੰਦਰ ਕੌਰ ਅਤੇ ਸੁਦੇਸ਼ ਕੁਮਾਰੀ ਆਦਿ ਹਾਜਰ ਸਨ।

# ਆਂਗਣਵਾੜੀ ਵਾਰਡ ਨੰ. 9 'ਚ ਪੋਸ਼ਣ ਪਖਵਾੜਾ ਮਨਾਇਆ



**ਟਾਂਡਾ ਉੜਮੁੜ,(ਓਂਕਾਰ ਸਿੰਘ, ਜਸਵਿੰਦਰ ਸੰਧੂ)** -ਦਸਮੇਸ਼ ਨਗਰ ਟਾਂਡਾ ਵਾਰਡ ਨੰਬਰ 9 ਵਿੱਚ ਬਾਲ ਵਿਕਾਸ ਅਫ਼ਸਰ ਟਾਂਡਾ ਮਨਪ੍ਰੀਤ ਸਿੰਘ ਅਤੇ ਸਰਕਲ ਸੁਪਰਵਾਈਜ਼ਰ ਜਸਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਆਂਗਣਵਾੜੀ ਅਧਿਆਪਕਾ ਬਿਮਲਾ ਦੇਵੀ ਦੀ ਅਗਵਾਈ ਹੇਠ ਹੇਠ ' ਪੋਸ਼ਣ ਪਖਵਾੜਾ' ਦਿਵਸ ਮਨਾਇਆ ਗਿਆ। ਇਸ ਮੌਕੇ ਆਂਗਣਵਾੜੀ ਅਧਿਆਪਕਾ ਬਿਮਲਾ ਦੇਵੀ , ਸੁਪਰਵਾਈਜ਼ਰ ਜਸਪਾਲ ਕੌਰ ਨੇ ਬੱਚਿਆਂ ਦੀਆਂ ਮਾਤਾਵਾਂ ਨਾਲ ਪੌਸ਼ਟਿਕ ਆਹਾਰ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਬੱਚਿਆਂ ਨੂੰ ਚੰਗੀ ਖੁਰਾਕ ਦੇਣ ਲਈ ਪ੍ਰੇਰਿਤ ਕੀਤਾ ਗਿਆ। ਲੋਕਾਂ ਨੂੰ ਪੋਸ਼ਣ ਦੇ ਸੂਤਰਾਂ ਬਾਰੇ ਜਾਣਕਾਰੀ ਦਿੱਤੀ ਗਈ ਬੱਚਿਆਂ ਦੇ ਭਵਿੱਖ ਸਬੰਧੀ ਜਾਗਰੂਕ ਹੋਣਾ ਜ਼ਰੂਰੀ ਹੈ ਤਾਂ ਹੀ ਦੇਸ਼ ਦੇ ਵਧੀਆ ਨਾਗਰਿਕ ਬਣ ਕੇ ਦੇਸ਼ ਨੂੰ ਤਰੱਕੀ ਵੱਲ ਲਿਜਾ ਸਕਣਗੇ। ਇਸ ਮੌਕੇ ਮਾਪਿਆਂ ਨੂੰ ਜਾਗਰੂਕ ਕਰਦੇ ਚਾਰਟ ਬਣਾਏ ਗਏ । ਇਸ ਮੌਕੇ ਸੁਮਨ ਰਾਣੀ,ਅਮਰਜੀਤ ਕੌਰ, ਕਮਲਜੀਤ ਕੌਰ, ਮਹਿੰਦਰ ਕੌਰ ,ਮੀਨਾ ਕੁਮਾਰੀ ਬੱਚਿਆਂ ਦੀਆਂ ਮਾਤਾਵਾਂ ਆਦਿ ਸ਼ਾਮਿਲ ਸਨ।



ਪਿਛਲੇ ਕਈ ਦਿਨਾ ਤੋਂ ਪੈ ਰਹੇ ਬੇਮੌਸਮੀ ਮੀਂਹ ਨੇ ਫਸਲਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ। ਖੇਤਾਂ 'ਚ ਕਣਕ ਦੀ ਫਸਲ ਵਿਛੀ ਹੋਈ ਨਜ਼ਰ ਆ ਰਹੀ ਹੈ।
(ਤਸਵੀਰ ਤੇ ਵੇਰਵਾ : ਅਵਤਾਰ ਕਲੇਰ, ਬਹਿਰਾਮ)

# ਵਿਦਿਆਰਥੀਆਂ ਲਈ ਮੁਫਤ ਟਿਊਸ਼ਨ ਸੈਂਟਰ ਆਰੰਭ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਗੁਰਦੁਆਰਾ ਸਾਹਿਬ ਸੰਤ ਪ੍ਰੇਮ ਸਿੰਘ ਨਗਰ ਟਾਂਡਾ ਦੀ ਪ੍ਰਬੰਧਕ ਕਮੇਟੀ ਵੱਲੋਂ ਇੱਕ ਨਿਵੇਕਲਾ ਉਪਰਾਲਾ ਕਰਦੇ ਹੋਏ ਵਿਖੇ ਹੋਏ ਪਹਿਲੀ ਕਲਾਸ ਤੋਂ ਅੱਠਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਲਈ ਮੁਫਤ ਸੰਤ ਪ੍ਰੇਮ ਸਿੰਘ ਟਿਊਸ਼ਨ ਸੈਂਟਰ ਦੀ ਆਰੰਭਤਾ ਕੀਤੀ ਗਈ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕੌਂਸਲਰ ਲਖਵਿੰਦਰ ਸਿੰਘ ਮੁਲਤਾਨੀ ਤੇ ਸਮੂਹ ਕਮੇਟੀ ਮੈਂਬਰਾਂ ਦੇ ਉੱਦਮ ਉਪਰਾਲੇ ਸਦਕਾ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਇਸ ਪਰ-ਉਪਕਾਰ ਦੀ ਅਰੰਭਤਾ ਦੌਰਾਨ ਸਭ ਤੋਂ ਪਹਿਲਾਂ ਗੁਰਦੁਆਰਾ ਸੰਤ ਪ੍ਰੇਮ ਸਿੰਘ ਨਗਰ ਦੇ ਹੈੱਡ ਗ੍ਰੰਥੀ ਗਿਆਨੀ ਹਰਭਜਨ ਸਿੰਘ ਨੇ ਗੁਰੂ ਚਰਨਾਂ ਵਿੱਚ ਅਰਦਾਸ ਕੀਤੀ ।

ਉਪਰੰਤ ਹੋਏ ਇੱਕ ਸਮਾਗਮ ਵਿੱਚ ਸੰਬੋਧਨ ਕਰਦਿਆਂ ਸਾਬਕਾ ਕਮਿਸ਼ਨਰ ਲਖਵਿੰਦਰ ਸਿੰਘ ਲੱਖੀ, ਸੇਵਾਮੁਕਤ ਡਿਪਟੀ ਡਾਇਰੈਕਟਰ ਸਿਹਤ ਵਿਭਾਗ ਡਾ. ਰਣਜੀਤ ਸਿੰਘ ਘੋਤੜਾ, ਸੇਵਾਮੁਕਤ ਚੀਫ ਕੈਮੀਕਲ ਐਗਜਾਇਮਰ ਡਾ.ਕੇਵਲ ਸਿੰਘ ਸਿੰਘ ਕਾਜਲ, ਹੈੱਡਮਾਸਟਰ ਰਵੇਲ ਸਿੰਘ, ਪ੍ਰਸਿੱਧ ਢਾਡੀ ਸੁਖਵੀਰ ਸਿੰਘ ਚੌਹਾਨ, ਦੀਪਕ ਬਹਿਲ ਪ੍ਰਧਾਨ ਰੋਟਰੀ ਕਲੱਬ ਟਾਂਡਾ, ਅਧਿਆਪਕ ਆਗੂ ਵਿਪੁਲ ਸਿੰਘ ਮੁਲਤਾਨੀ, ਅਧਿਆਪਕ ਆਗੂ ਰਮੇਸ਼ ਹੁਸ਼ਿਆਰਪੁਰੀ, ਡਾ.ਬਲਬੀਰ ਸਿੰਘ ਪ੍ਰਧਾਨ ਪ੍ਰਧਾਨ ਭਾਈ ਘਨਈਆ ਜੀ ਚੈਰੀਟੇਬਲ ਟਰੱਸਟ ਟਾਂਡਾ, ਅਧਿਆਪਕ ਆਗੂ ਗੁਰਦੀਪ ਸਿੰਘ ਮੋਹਕਮਗੜ੍ਹ, ਪ੍ਰਿੰਸੀਪਲ ਹਰਦੀਪ ਸਿੰਘ, ਮਾਸਟਰ ਗੁਰਚਰਨ ਸਿੰਘ, ਰਵਿੰਦਰ ਸਿੰਘ ਰਵੀ ਪ੍ਰਧਾਨ ਗੁਰਮਤਿ ਪ੍ਰਚਾਰ ਸਿਮਰਨ ਸੁਸਾਇਟੀ ਟਾਂਡਾ, ਜਥੇਦਾਰ ਸੰਤਾ ਸਿੰਘ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬੀਬੀਆਂ ਟਾਂਡਾ, ਪ੍ਰਿੰਸੀਪਲ ਕੁਲਵੰਤ ਸਿੰਘ ਨੇ ਸੰਬੋਧਨ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਸ ਮਹਾਨ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਮੁਲਤਾਨੀ ਨੇ ਕਿਹਾ ਕਿ ਅਜਿਹਾ ਕਾਰਜ ਇਲਾਕੇ ਦੇ ਪ੍ਰਵਾਸੀ ਭਾਰਤੀਆਂ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਹੀ ਕੀਤਾ ਜਾ ਰਿਹਾ ਹੈ ਜਿਸ ਵਿੱਚ ਲੋੜਵੰਦ ਵਿਦਿਆਰਥੀਆਂ ਨੂੰ ਟਿਊਸ਼ਨ ਪੜ੍ਹਾਉਣ ਤੋਂ ਇਲਾਵਾ ਪੰਜਾਬੀ ਮਾਂ ਬੋਲੀ ਪੰਜਾਬੀ, ਪੰਜਾਬੀ ਸਭਿਆਚਾਰ ਨਾਲ ਜੋੜਨ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਇਸ ਤੋਂ ਇਲਾਵਾ ਲੋੜਵੰਦ ਬੱਚਿਆਂ ਨੂੰ ਮੁਫਤ ਸਟੇਸ਼ਨਰੀ ਵੀ ਦਿੱਤੀ ਜਾਵੇਗੀ। ਇਸ ਮੌਕੇ ਮਾਸਟਰ ਗੁਰਮਿੰਦਰ ਸਿੰਘ, ਲੈਕਚਰਾਰ ਇੰਦਰਜੀਤ ਸਿੰਘ, ਲੈਕਚਰਾਰ ਸੁਖਜਿੰਦਰ ਸਿੰਘ, ਮੈਡਮ ਰੀਤੂ, ਮੈਡਮ ਬਲਜਿੰਦਰ ਕੌਰ, ਮੈਡਮ ਸੁਸ਼ਮਿਤਾ,ਕਮਲਜੀਤ ਸਿੰਘ, ਨੰਬਰਦਾਰ ਰਣਜੀਤ ਸਿੰਘ, ਸੂਬੇਦਾਰ ਬਲਦੇਵ ਸਿੰਘ, ਪਰਮਜੀਤ ਸਿੰਘ ਪ੍ਰੇਮਪੁਰ, ਪ੍ਰਿੰਸੀਪਲ ਕੁਲਵੰਤ ਸਿੰਘ, ਹਰਵਿੰਦਰ ਸਿੰਘ ,ਇੰਸਪੈਕਟਰ ਰਵੇਲ ਸਿੰਘ, ਨੰਬਰਦਾਰ ਕਿਰਪਾਲ ਸਿੰਘ ਪੰਡੋਰੀ ਆਦਿ ਵੀ ਹਾਜਰ ਸਨ।



# ਛੱਪੜ ਦੀ ਜਗ੍ਹਾ ਉੱਪਰ ਹਾਈਵੇ ਕੱਢਣ ਦਾ ਹੋਵੇਗਾ ਤਿੱਖਾ ਵਿਰੋਧ

**ਕਰਤਾਰਪੁਰ (ਹਰਮੇਸ਼ ਦੱਤ)**

ਪੇਂਡੂ ਮਜਦੂਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਕਰਤਾਰਪੁਰ- ਕਪੂਰਥਲਾ ਰੋਡ ਉੱਤੇ ਸਥਿਤ ਪਿੰਡ ਬੱਖੂ ਨੰਗਲ ਕਲੋਨੀ ਵਿਖੇ ਪੇਂਡੂ ਮਜਦੂਰਾਂ ਵਲੋਂ ਮੁਜਾਹਰਾ ਕਰਕੇ ਮੰਗ ਕੀਤੀ ਗਈ ਕਿ ਕਲੋਨੀ ਦੇ ਘਰਾਂ ਦੇ ਗੰਦੇ ਪਾਣੀ ਲਈ ਬੰਦ ਨਿਕਾਸੀ ਸੀਵਰੇਜ ਨੂੰ ਚਾਲੂ ਕਰਵਾ ਕੇ ਲੋਕਾਂ ਦੀ ਇਸ ਸਮੱਸਿਆ ਤੋਂ ਨਿਜਾਤ ਦਿਵਾਈ ਜਾਵੇ ਨਹੀਂ ਤਾਂ ਇਸਦੇ ਖਿਲਾਫ ਸੰਘਰਸ਼ ਤੇਜ ਕਰਨ ਲਈ ਮਜਬੂਰ ਹੋਵਾਂਗੇ। ਪਿੰਡ ਵਾਸੀਆਂ ਨੇ ਦੱਸਿਆ ਕਿ ਬਦਲਾਅ ਦਾ ਨਾਹਰਾ ਦੇ ਕੇ ਸੱਤਾ ਵਿੱਚ ਆਈ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੂੰ ਵੀ ਸੱਤਾ ਵਿੱਚ ਆਈ ਨੂੰ ਇੱਕ ਸਾਲ ਤੋਂ ਉੱਪਰ ਹੋ ਗਿਆ ਲੇਕਿਨ ਘਰਾਂ ਦੇ ਗੰਦੇ ਪਾਣੀ ਦੇ ਨਿਕਾਸ ਵਾਸਤੇ ਠੱਪ ਪਏ ਸੀਵਰੇਜ ਨੂੰ ਚਾਲੂ ਨਹੀਂ ਕਰਵਾਇਆ ਜਾ ਸਕਿਆ, ਜਿਸ ਕਾਰਨ ਗੰਦਾ ਪਾਣੀ ਗਲੀਆਂ,ਮੁੱਖ ਸੜਕ ਵਿੱਚ ਖੜਾ ਨਗਰ ਵਾਸੀਆਂ ਅਤੇ ਨਿੱਤ ਦਿਨ ਕਰਤਾਰਪੁਰ-ਕਪੂਰਥਲਾ ਨੂੰ ਆਉਣ ਜਾਣ ਵਾਲੇ ਰਾਹਗੀਰਾਂ ਲਈ ਪ੍ਰੇਸ਼ਾਨੀਆਂ ਪੈਦਾ ਕਰ ਰਿਹਾ ਹੈ। ਗਲੀਆਂ, ਸੜਕ 'ਚ ਖੜਾ ਇਹ ਗੰਦਾ ਪਾਣੀ ਭਿਆਨਕ ਬੀਮਾਰੀਆਂ ਨੂੰ ਜਨਮ ਦੇਵੇਗਾ। ਇਸ ਸਮੇਂ ਪੇਂਡੂ ਮਜਦੂਰ ਯੂਨੀਅਨ ਪੰਜਾਬ ਦੇ ਤਹਿਸੀਲ ਆਗੂ ਪਰਮਜੀਤ ਕੌਰ ਮੀਕੋ ਤੇ ਜਸਵੀਰ ਗੋਰਾ ਨੇ ਕਿਹਾ ਕਿ ਪੰਚਾਇਤ ਅਤੇ ਪੰਚਾਇਤ ਵਿਭਾਗ ਵਲੋਂ ਇਸ ਸਮੱਸਿਆ ਦਾ ਹੱਲ ਕਰਨ ਦੀ ਥਾਂ ਇਸ ਗੰਦੇ ਦੇ ਨਿਕਾਸ ਲਈ ਪਿੰਡ ਬਿਸਰਾਮਪੁਰ ਦੇ ਬੱਸ ਅੱਡਾ ਨੇੜੇ ਛੱਪੜ ਨੂੰ ਹਾਈਵੇ ਕੱਢਣ ਲਈ ਵੇਚ ਦਿੱਤਾ ਗਿਆ, ਜਿਸ ਕਾਰਨ ਲੋਕਾਂ ਦੀ ਸਮੱਸਿਆ ਹੱਲ ਹੋਣ ਦੀ ਥਾਂ ਇਹ ਸਮੱਸਿਆ ਹੋਰ ਗੰਭੀਰ ਬਣ ਜਾਵੇਗੀ। ਪਿੰਡ ਵਾਸੀਆਂ ਵਲੋਂ ਛੱਪੜ ਦੀ ਜਗ੍ਹਾ ਉੱਪਰ ਹਾਈਵੇ ਕੱਢਣ ਦਾ ਤਿੱਖਾ ਵਿਰੋਧ ਕਰਨ ਦਾ ਐਲਾਨ ਵੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਸਿਰ ਲੁਕਾਉਣ ਲਈ ਮਜਦੂਰਾਂ ਨੂੰ ਰਿਹਾਇਸ਼ੀ ਪਲਾਟ ਮਿਲਣ ਦਾ ਕੁੱਝ ਲੋਕ, ਅਫਸਰਸ਼ਾਹੀ ਅਤੇ ਹਾਕਮ ਧਿਰਾਂ ਦੇ ਸਿਆਸਤਦਾਨ ਗੱਠਜੋੜ ਬਣਾ ਕੇ ਵਿਰੋਧ ਕਰਨ ਤੋਂ ਪਿੱਛੇ ਨਹੀਂ ਰਹੇ ਲੇਕਿਨ ਉਹਨਾਂ ਲੋਕਾਂ ਨੇ ਗੰਦੇ ਪਾਣੀ ਦੇ ਨਿਕਾਸੀ ਛੱਪੜ ਨੂੰ ਵੇਚਣ ਲਈ ਇੱਕ ਮਿੰਟ ਲਗਾਇਆ। ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦੇਣ, ਪੰਚਾਇਤੀ ਜਮੀਨ ਉੱਤੇ ਕਾਬਜ ਅਤੇ ਪਾਸ ਪੰਚਾਇਤੀ ਮਤੇ ਅਨੁਸਾਰ ਰਿਹਾਇਸ਼ੀ ਪਲਾਟ ਅਲਾਟ ਕਰਨ ਆਦਿ ਦੀ ਮੰਗ ਵੀ ਕੀਤੀ ਗਈ। ਮੁਜਾਹਰਾਕਾਰੀਆਂ ਵਲੋਂ ਲਤੀਫਪੁਰਾ ਦੇ ਉਜਾੜੇ ਲੋਕਾਂ ਦਾ ਮੁੜ ਵਸੇਬਾ ਕਰਨ, ਉਹਨਾਂ ਦੇ ਹੋਏ ਨੁਕਸਾਨ ਦਾ ਮੁਆਵਜਾ ਦੇਣ ਅਤੇ ਸਾਰੇ ਦਰਜ ਪੁਲਸ ਕੇਸ ਰੱਦ ਕਰਵਾਉਣ ਲਈ 9 ਅਪ੍ਰੈਲ ਨੂੰ ਲਤੀਫਪੁਰਾ ਵਿਖੇ ਕੀਤੀ ਜਾ ਰਹੀ ਚੇਤਾਵਨੀ ਰੈਲੀ ਵਿੱਚ ਸ਼ਾਮਲ ਹੋਣ ਦਾ ਐਲਾਨ ਵੀ ਕੀਤਾ ਗਿਆ।



# ਜਥੇਦਾਰ ਬਾਬਾ ਹਰਭਜਨ ਸਿੰਘ ਦੇ 56ਵੇਂ ਸਾਲਾਨਾ ਬਰਸੀ ਸਮਾਗਮ ਦੇ ਪ੍ਰਬੰਧ ਮੁਕੰਮਲ

**ਮਾਹਿਲਪੁਰ (ਸਫਰੀ)**- ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੋਦ ਵਿੱਚ ਸੁਸ਼ੋਭਿਤ ਪਹਿਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਅਸਥਾਨ ਗੁਰਦੁਆਰਾ ਪੀਰ ਬਾਲਾ ਸਾਹਿਬ ਫਤਹਿਪੁਰ ਕੋਠੀ ਵਿਖੇ ਬ੍ਰਹਮਗਿਆਨੀ ਸੰਤ ਬਾਬਾ ਹਾਕਮ ਸਿੰਘ ਤੇ ਸਿੰਘ ਸਾਹਿਬ ਸੰਤ ਬਾਬਾ ਸੁੱਖਾ ਸਿੰਘ ਦੀ ਰਹਿਨੁਮਾਈ ਹੇਠ ਸੱਚਖੰਡ ਵਾਸੀ ਸਿੰਘ ਸਾਹਿਬ ਜਥੇਦਾਰ ਬਾਬਾ ਹਰਭਜਨ ਸਿੰਘ ਦੇ 56ਵੇਂ ਸਾਲਾਨਾ ਬਰਸੀ ਸਮਾਗਮਾਂ ਸਬੰਧੀ ਤਿਆਰੀਆਂ ਜੋਰਾਂ ਸ਼ੋਰਾਂ ਨਾਲ ਸ਼ੁਰੂ ਹੋ ਚੁੱਕੀਆਂ ਹਨ ਅਤੇ ਦੇਸ਼ ਵਿਦੇਸ਼ ਤੋਂ ਸੰਗਤਾਂ ਪਹੁੰਚ ਰਹੀਆਂ ਹਨ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਰਸੀ ਸਮਾਗਮਾਂ ਸਬੰਧੀ ਅਖੰਡ ਪਾਠ ਸਾਹਿਬ 4 ਅਪ੍ਰੈਲ ਨੂੰ ਸ਼ੁਰੂ ਹੋਣਗੇ ਅਤੇ ਸੰਪੂਰਨ ਗੁਰਬਾਣੀ ਦੇ ਭੋਗ ਬਰਸੀ ਸਮਾਗਮ ਵਾਲੇ ਦਿਨ 6 ਅਪ੍ਰੈਲ ਨੂੰ ਪਾਏ ਜਾਣਗੇ। ਹਰ ਸਾਲ ਦੀ ਤਰ੍ਹਾਂ ਸਿੱਖ ਪੰਥ ਦੀਆਂ ਮਹਾਨ ਸੰਪਰਦਾਵਾਂ ਦੇ ਮੁਖੀ ਸੰਤਾਂ ਮਹਾਂਪੁਰਸ਼ਾਂ ਵਲੋਂ ਪਹੁੰਚ ਕੇ ਸੰਗਤਾਂ ਨੂੰ ਦਰਸ਼ਨ ਦੀਦਾਰੇ ਦਿੱਤੇ ਜਾਣਗੇ ਤੇ ਆਪਣੇ ਪ੍ਰਵਚਨਾਂ ਰਾਹੀਂ ਨਿਹਾਲ ਕੀਤਾ ਜਾਵੇਗਾ। ਨਿਹੰਗ ਸਿੰਘ ਜਥੇਬੰਦੀਆਂ ਦੇ ਹੁੰਮ ਹੁੰਮਾ ਕੇ ਪਹੁੰਚ ਰਹੀਆਂ ਹਨ ਤੇ ਉਨ੍ਹਾਂ ਵਲੋਂ ਸੰਗਤਾਂ ਨੂੰ ਸ਼ਸਤਰ ਵਿੱਦਿਆ ਤੇ ਘੋੜ ਸਵਾਰੀ ਦੇ ਜੌਹਰ ਦਿਖਾਏ ਜਾਣਗੇ। ਨਵੇਂ ਬਣੇ ਦੀਵਾਨ ਹਾਲ ਵਿੱਚ ਕੀਰਤਨ ਦਰਬਾਰ ਕਰਵਾਏ ਜਾਣਗੇ, ਜਿਸ ਵਿੱਚ ਕਥਾਵਾਚਕ ਗਿਆਨੀ ਜਸਵੰਤ ਸਿੰਘ ਪਰਵਾਨਾ, ਕੀਰਤਨੀਏ ਭਾਈ ਕਰਨੈਲ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਢਾਡੀ ਗਿਆਨੀ ਸਰੂਪ ਸਿੰਘ ਕਡਿਆਣਾਂ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਉਣਗੇ ਤੇ ਗੁਰਬਾਣੀ ਤੇ ਗੁਰ ਇਤਿਹਾਸ ਨਾਲ ਜੋੜਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਸ਼ਿਵਾ ਪਬਲਿਕ ਸਕੂਲ ਦੇ ਨਵੇਂ ਸੈਸ਼ਨ ਦੀ ਸ਼ੁਰੂਆਤ ਹਵਨ ਯੱਗ ਕਰਕੇ ਕੀਤੀ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਸ਼ਿਵਾ ਪਬਲਿਕ ਸਕੂਲ ਦੇ ਨਵੇਂ ਸੈਸ਼ਨ 2023, 24 ਲਈ ਸ਼ੁਰੂਆਤ ਹਵਨ ਯੱਗ ਕਰਕੇ ਕੀਤੀ । ਇਸ ਸਮੇਂ ਸਕੂਲ ਦੀ ਮੁੱਖ ਅਧਿਆਪਕ ਸ੍ਰੀਮਤੀ ਸੁਮਨ ਪਾਠਕ ਅਤੇ ਐਮ ਡੀ ਅਮਨਦੀਪ ਪਾਠਕ ਨੇ ਯੱਗ ਵਿਚ ਆਹੂਤੀਆਂ ਪਾਈਆਂ। ਸ੍ਰੀਮਤੀ ਪਾਠਕ ਨੇ ਸਾਰੇ ਸਟਾਫ ਨੂੰ ਨਵੇਂ ਸੈਸ਼ਨ ਦੀਆਂ ਵਧਾਈਆਂ ਦਿੱਤੀਆਂ ਅਤੇ ਮਿਹਨਤ ਨਾਲ ਬੱਚਿਆਂ ਦੀ ਪੜ੍ਹਾਈ ਵੱਲ ਧਿਆਨ ਦੇਣ ਦੀ ਪ੍ਰੇਰਨਾ ਕੀਤੀ । ਉਹਨਾਂ ਨੇ ਹਵਨ ਯੱਗ ਦੀ ਵਾਤਾਵਰਨ ਲਈ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਬੱਚਿਆਂ ਨੂੰ ਆਪਣੇ ਮਾਤਾ ਪਿਤਾ ਦੀਆਂ ਉਮੀਦਾਂ 'ਤੇ ਪੂਰਾ ਉਤਰਨਾ ਚਾਹੀਦਾ ਹੈ । ਇਸ ਮੌਕੇ ਸ੍ਰੀਮਤੀ ਯੋਗਤਾ ਪਾਠਕ, ਸ੍ਰੀਮਤੀ ਰਾਜ ਰਾਣੀ, ਸ੍ਰੀਮਤੀ ਤਨੂਜਾ, ਸ਼ੀਫਾਲੀ , ਮਨਦੀਪ ਅਤੇ ਸਕੂਲ ਸਟਾਫ ਹਾਜਰ ਸੀ।